ਕੌਮਾਂਤਰੀ
# ਅੰਮ੍ਰਿਤਸਰ ਟਾਈਮਜ਼
QUOMANTRY AMRITSAR TIMES

West/East Coast Edition | Volume 5 | Issue 39 | 28 September to 04 October 2016 | Ph.: (510) 240-5949 | For Advt.: (510) 677-2777 | Fax: (888) 323-6950 | Email: info@amritsartimes.com, asrtimes@gmail.com


# ਪਹਿਲੇ ਮੁਕਾਬਲੇ ਵਿੱਚ ਹਿਲੇਰੀ ਨੇ ਟਰੰਪ ਨੂੰ ਪਛਾੜਿਆ

## ਟਰੰਪ ਤੇ ਹਿਲੇਰੀ ਵਿਚਾਲੇ ਅਰਥ ਵਿਵਸਥਾ ਤੇ ਨੌਕਰੀਆਂ ਨੂੰ ਲੈ ਕੇ ਟੈਲੀਵਿਜ਼ਨ 'ਤੇ ਹੋਈ ਤਿੱਖੀ ਬਹਿਸ

**ਨਿਊਯਾਰਕ/ਬਿਊਰੋ ਨਿਊਜ਼ :** ਅਮਰੀਕਾ ਵਿਚ ਰਾਸ਼ਟਰਪਤੀ ਅਹੁਦੇ ਲਈ ਡੈਮੋਕਰੈਟਿਕ ਉਮੀਦਵਾਰ ਹਿਲੇਰੀ ਕਲਿੰਟਨ ਤੇ ਉਨ੍ਹਾਂ ਦੇ ਵਿਰੋਧੀ ਰਿਪਬਲਿਕਨ ਉਮੀਦਵਾਰ ਡੋਨਾਲਡ ਟਰੰਪ ਵਿਚਾਲੇ ਚੋਣਾਂ ਤੋਂ ਪਹਿਲਾਂ ਲਾਂਗ ਆਈਲੈਂਡ ਦੀ ਹਾਫਸਟਰਾ ਯੂਨੀਵਰਸਿਟੀ ਵਿਚ ਟੈਲੀਵਿਜ਼ਨ 'ਤੇ ਪਹਿਲੀ ਬਹਿਸ ਹੋਈ ਜਿਸ ਵਿਚ ਹਿਲੇਰੀ ਕਲਿੰਟਨ ਨੇ ਜਿੱਤ ਹਾਸਲ ਕੀਤੀ। ਸੀ.ਐਨ.ਐਨ./ਓ.ਆਰ.ਸੀ. ਮੁਤਾਬਕ ਦਰਸ਼ਕਾਂ ਨੇ ਹਿਲੇਰੀ ਨੂੰ 62 ਫ਼ੀਸਦੀ ਜਦਕਿ ਟਰੰਪ ਨੂੰ 27 ਫ਼ੀਸਦੀ ਮਤ ਦਿੱਤਾ। 90 ਮਿੰਟ ਚੱਲੀ ਇਸ ਬਹਿਸ ਦੀ ਸ਼ੁਰੂਆਤ ਹਿਲੇਰੀ ਨੇ ਟਰੰਪ ਨੂੰ ਇਹ ਕਹਿ ਕੇ



ਕੀਤੀ, 'ਡੋਨਾਲਡ ਤੁਹਾਡਾ ਕੀ ਹਾਲ ਹੈ?' ਪਹਿਲੀ ਬਹਿਸ ਵਿਚ ਘਰਾਂ ਦੇ ਸੰਕਟ, ਅਰਥ ਵਿਵਸਥਾ ਤੇ ਨਵੀਂਆਂ ਨੌਕਰੀਆਂ ਪੈਦਾ ਕਰਨ ਨੂੰ ਲੈ ਕੇ ਇਕ-ਦੂਸਰੇ ਨਾਲ ਤਿੱਖੀ ਤਕਰਾਰ ਹੋਈ। ਇਹ 1980 ਵਿਚ ਜਿਮੀ ਕਾਰਟਰ ਅਤੇ ਰੋਨਾਲਡ ਰੀਗਨ ਵਿਚਾਲੇ ਹੋਈ ਬਹਿਸ ਮਗਰੋਂ ਸਭ ਤੋਂ ਜ਼ਿਆਦਾ ਚਰਚਾ ਵਿਚ ਹੈ। ਇਸ ਦੌਰਾਨ ਟਰੰਪ ਨੇ ਘੱਟੋ-ਘੱਟ 11 ਵਾਰ ਹਿਲੇਰੀ ਨੂੰ ਟੋਕਿਆ, ਈਮੇਲ ਮੁੱਦਾ ਚੁੱਕ ਕੇ ਘੇਰਨ ਦੀ ਕੋਸ਼ਿਸ਼ ਕੀਤੀ ਪਰ ਤੱਥਾਂ ਨਾਲ ਗੱਲ ਕਰ ਰਹੀ ਹਿਲੇਰੀ ਸਾਹਮਣੇ ਬਹਿਸ ਖ਼ਤਮ ਹੁੰਦੇ ਉਹ ਬਚਾਅ ਦੀ ਮੁਦਰਾ ਵਿਚ

ਬਾਕੀ ਸਫ਼ਾ 33 'ਤੇ

## ➤ ਅੰਦਰ ਪੜ੍ਹੋ


03 ਭਾਈਚਾਰਾ

ਏਜੀਪੀਸੀ ਅਤੇ ਫਰੈਂਡਜ ਆਫ਼ ਸਿੱਖ ਕਾਕਸ ਨੇ ਸਿੱਖ ਮੁੱਦਿਆਂ ਉਤੇ ਸਮਰਥਨ ਬਦਲੇ ਸੈਨੇਟਰ ਕੇਨ ਦਾ ਕੀਤਾ ਧੰਨਵਾਦ





13 ਵਿਚਾਰ ਚਰਚਾ

ਪੰਜਾਬ, ਪੰਜਾਬੀ ਸੂਬਾ ਅਤੇ ਪੰਜਾਹਵੀਂ ਵਰ੍ਹੇਗੰਢ




## ਟਰੰਪ ਵਲੋਂ ਭਾਰਤੀ-ਅਮਰੀਕੀਆਂ ਨੂੰ 15 ਅਕਤੂਬਰ ਦੇ ਪ੍ਰੋਗਰਾਮ 'ਚ ਹਾਜ਼ਰ ਹੋਣ ਦਾ ਸੱਦਾ

**ਮੋਦੀ ਦੇ ਨੇੜਲੇ ਸ਼ਲਭ ਕੁਮਾਰ ਨੇ ਕੀਤਾ ਪ੍ਰਬੰਧ**

**ਵਾਸ਼ਿੰਗਟਨ :** ਡੋਨਲਡ ਟਰੰਪ (70) ਨੇ ਹਿੰਦੂ ਭਾਈਚਾਰੇ ਵੱਲੋਂ ਆਲਮੀ ਸੱਭਿਅਤਾ ਅਤੇ ਅਮਰੀਕੀ ਸਭਿਆਚਾਰ ਵਿਚ ਪਾਏ ਗਏ ਸ਼ਾਨਦਾਰ ਯੋਗਦਾਨ ਦੀ ਸ਼ਲਾਘਾ ਕੀਤੀ ਹੈ। ਉਨ੍ਹਾਂ ਅਗਲੇ ਮਹੀਨੇ ਨਿਊਜਰਸੀ ਵਿਚ ਭਾਰਤੀ-ਅਮਰੀਕੀ ਸਮਾਗਮ ਨੂੰ ਸੰਬੋਧਨ ਕਰਨ ਦੀ ਤਸਦੀਕ ਕੀਤੀ ਹੈ ਜਿਸ ਦਾ ਫਾਇਦਾ ਇਸਲਾਮਿਕ ਅਤਿਵਾਦ ਦੇ ਦੁਨੀਆਂ ਭਰ ਦੇ ਪੀੜਤਾਂ ਨੂੰ ਮਿਲੇਗਾ। ਟਰੰਪ ਨੇ ਆਪਣੇ ਬਿਆਨ ਵਿਚ ਕਿਹਾ, "ਅਸੀਂ ਆਪਣੇ ਮੁਕਤ ਉੱਦਮ, ਸਖ਼ਤ ਮਿਹਨਤ, ਪਰਿਵਾਰਕ ਕਦਰਾਂ ਕੀਮਤਾਂ ਅਤੇ ਮਜ਼ਬੂਤ ਅਮਰੀਕੀ ਵਿਦੇਸ਼ ਨੀਤੀ ਰਾਹੀਂ ਸਾਂਝ ਵਧਾਉਣਾ ਚਾਹੁੰਦੇ ਹਾਂ।" ਉਨ੍ਹਾਂ 24 ਸਕਿੰਟਾਂ ਦੇ ਵੀਡੀਓ ਸੁਨੇਹੇ ਰਾਹੀਂ ਭਾਰਤੀ-ਅਮਰੀਕੀਆਂ ਨੂੰ 15 ਅਕਤੂਬਰ ਨੂੰ ਪ੍ਰੋਗਰਾਮ ਵਿਚ ਹਾਜ਼ਰ ਰਹਿਣ ਦਾ ਸੱਦਾ ਦਿੱਤਾ ਹੈ।

ਬਾਕੀ ਸਫ਼ਾ 33 'ਤੇ

## ਨਾਜ਼ੀਆਂ ਤੋਂ ਪ੍ਰਭਾਵਤ ਭਾਰਤੀ ਵਕੀਲ ਵਲੋਂ ਗੋਲੀਬਾਰੀ, 9 ਜ਼ਖ਼ਮੀ

### *ਪੁਲੀਸ ਦੀ ਜਵਾਬੀ ਕਾਰਵਾਈ ਵਿਚ ਮਾਰਿਆ ਗਿਆ ਨਾਥਨ ਦੇਸਾਈ*

**ਹਿਊਸਟਨ/ਬਿਊਰੋ ਨਿਊਜ਼ :** ਟੈਕਸਾਸ ਦੇ ਹਿਊਸਟਨ ਵਿਚ ਭਾਰਤੀ ਮੂਲ ਦੇ ਹਿੰਦੂ ਵਕੀਲ ਨਾਥਨ ਦੇਸਾਈ (46 ਸਾਲ) ਨੇ ਆਪਣੇ ਘਰ ਦੇ ਬਾਹਰ ਲਗਾਤਾਰ 20 ਮਿੰਟ ਗੋਲੀਆਂ



ਵਰ੍ਹਾ ਕੇ 9 ਲੋਕਾਂ ਨੂੰ ਜ਼ਖ਼ਮੀ ਕਰ ਦਿੱਤਾ। ਇਨ੍ਹਾਂ ਵਿਚੋਂ ਇਕ ਦੀ ਹਾਲਤ ਗੰਭੀਰ ਹੈ। ਬਾਅਦ ਵਿਚ ਪੁਲੀਸ ਨੇ ਨਾਥਨ ਨੂੰ ਮਾਰ ਦਿੱਤਾ। ਜਾਂਚ ਤੋਂ ਇਹ ਵੀ ਪਤਾ ਚੱਲਿਆ ਹੈ ਕਿ ਉਹ ਨਾਜ਼ੀ ਵਿਚਾਰਧਾਰਾ ਤੋਂ ਪ੍ਰਭਾਵਤ ਸੀ ਤੇ ਉਸ ਨੇ ਹਮਲੇ ਦੌਰਾਨ ਪੁਰਾਣੀ ਜਰਮਨ ਵਰਦੀ ਪਾਈ ਹੋਈ ਸੀ, ਜਿਸ 'ਤੇ ਸਵਾਸਤਿਕ ਬਣਿਆ ਹੋਇਆ ਸੀ। ਹਾਲਾਂਕਿ ਉਸ ਦੇ ਕਿਸੇ ਕੱਟੜਪੰਥੀ ਸੰਗਠਨ ਨਾਲ ਜੁੜੇ ਹੋਣ ਦੇ ਹਾਲੇ ਤਕ ਸਬੂਤ ਨਹੀਂ ਮਿਲੇ ਹਨ। ਪੁਲੀਸ ਅਨੁਸਾਰ ਨਾਥਨ ਕੋਲੋਂ ਨਾਜ਼ੀ ਸਮੱਗਰੀ ਬਰਾਮਦ ਹੋਈ ਹੈ। ਅਮਰੀਕੀ ਜਾਂਚ ਏਜੰਸੀ

ਬਾਕੀ ਸਫ਼ਾ 33 'ਤੇ

# ਪੰਜਾਬ ਚੋਣਾਂ, ਸਿਆਸੀ ਨਿਵਾਣਾਂ ਤੇ ਬੇਚੈਨ ਲੋਕ

**ਚੰਡੀਗੜ੍ਹ/ਬਿਊਰੋ ਨਿਊਜ਼ :** ਪੰਜਾਬ ਵਿਧਾਨ ਸਭਾ ਚੋਣਾਂ ਦੇ ਮੱਦੇਨਜ਼ਰ ਅੱਜ ਕੱਲ੍ਹ ਮਾਹੌਲ ਵਿਚ ਅਜੀਬ ਜਿਹੀ ਬੇਚੈਨੀ ਫੈਲੀ ਹੋਈ ਹੈ। ਸਿਆਸਤਦਾਨ ਸੱਤਾ ਹਾਸਲ ਕਰਨ ਲਈ ਬੇਚੈਨ ਹਨ ਤੇ ਲੋਕ ਸਿਆਸਤ ਦੀ ਨਿਘਰੀ ਹਾਲਤ ਕਾਰਨ ਬੇਚੈਨ ਹਨ। ਵਾਰੋ-ਵਾਰ ਸੱਤਾ 'ਤੇ ਕਾਬਜ਼ ਹੁੰਦੀਆਂ ਆਈਆਂ ਅਕਾਲੀ-ਭਾਜਪਾ ਤੇ ਕਾਂਗਰਸ ਦੀ ਬੇਚੈਨੀ ਤਾਂ ਆਮ ਆਦਮੀ ਪਾਰਟੀ ਨੇ ਵਧਾਈ ਹੈ। ਪਿੰਡਾਂ ਦੀਆਂ ਸੱਥਾਂ ਹੋਣ ਜਾਂ ਸ਼ਹਿਰੀ ਨੁੱਕੜ ਹਰ ਥਾਂ ਰਵਾਇਤੀ ਪਾਰਟੀਆਂ ਤੋਂ ਅੱਕੀ ਲੋਕਾਂ ਦੀ ਸੁਰ ਉੱਚੀ ਹੋ ਰਹੀ ਹੈ। ਭਾਵੇਂ ਆਮ ਆਦਮੀ ਪਾਰਟੀ ਤੋਂ ਵੀ ਕੋਈ ਭਲੇ ਦੀਆਂ ਉਮੀਦਾਂ ਨਹੀਂ ਪਰ ਰਵਾਇਤੀ ਪਾਰਟੀਆਂ ਨੂੰ ਸਬਕ ਸਿਖਾਉਣ ਲਈ ਪੰਜਾਬੀ ਉਤਾਵਲੇ



ਨਜ਼ਰ ਆ ਰਹੇ ਹਨ। ਸਿਆਸੀ ਪਾਰਟੀਆਂ ਦੀ ਬੇਚੈਨੀ ਦੀ ਹਾਲਤ ਇਹ ਹੈ ਕਿ ਲੋਕ-ਭਰਮਾਊ ਵਾਅਦੇ ਤੇ ਵਾਅਦੇ ਹੋ ਰਹੇ ਹਨ। ਉਨ੍ਹਾਂ ਦੀ ਸਿਆਸੀ ਨੀਅਤ ਦਾ ਨਿਸ਼ਾਨਾ ਕਦੇ ਕਿਸਾਨ-ਮਜ਼ਦੂਰ ਬਣ ਰਿਹਾ ਹੈ, ਕਦੇ ਵਿਦਿਆਰਥੀ, ਕਦੇ ਵਪਾਰੀ ਤੇ ਕਦੇ ਧਾਰਮਿਕ ਅਕੀਦਾ ਰੱਖਣ ਵਾਲੇ ਲੋਕ। ਰਵਾਇਤੀ ਪਾਰਟੀਆਂ ਦੇ ਐਲਾਨਨਾਮਿਆਂ ਤੋਂ ਤਾਂ ਪੰਜਾਬੀ ਬਾਖ਼ੂਬੀ ਵਾਕਫ਼ ਹਨ ਪਰ ਆਮ ਆਦਮੀ ਪਾਰਟੀ ਇਨ੍ਹਾਂ ਤੋਂ ਵੀ ਚਾਰ ਕਦਮ ਅੱਗੇ ਨਿਕਲਦੀ ਪ੍ਰਤੀਤ ਹੋ ਰਹੀ ਹੈ। ਪਿਛਲੇ ਦਿਨੀਂ ਪੰਜਾਬ ਫੇਰੀ 'ਤੇ ਆਏ 'ਆਪ' ਮੁਖੀ ਅਰਵਿੰਦ ਕੇਜਰੀਵਾਲ ਨੇ ਕਿਸਾਨਾਂ-ਮਜ਼ਦੂਰਾਂ ਲਈ ਗੱਫ਼ਿਆਂ ਦਾ ਐਲਾਨ ਕਰਨ

ਬਾਕੀ ਸਫ਼ਾ 33 'ਤੇ

ਸੰਬੰਧਤ ਹੋਰ ਖ਼ਬਰਾਂ ਸਫ਼ਾ 25 'ਤੇ ਦੇਖੋ
















PANNU'S
LEGAL SERVICES

G.S. Pannu
(Immigration Consultant, LDA)

ivisapass@gmail.com • FAX 510.279.7624

510.677.5200

IMMIGRATION
★ PETITIONS ★ VISAS ★ POLITICAL ASYLUM
★ GREEN CARDS ★ CITIZENSHIP ★ AFFIDAVIT OF SUPPORT

STUDENT VISA (EDUCATE YOUR CHILDREN IN USA)

DIVORCE
★ CHILD SUPPORT ★ CHILD VISITATION ★ CHILD CUSTODY ★ MODIFICATION

PANNU'S
PASSPORT & VISA SERVICES
indiavisa123@gmail.com • FAX 510.279.7624



M.K. Pannu
(Owner)

VISA IN ONE DAY



Indian Passport | India Visa in 1 Day | OCI | US Passport

Power of Attorney & Other Services

510.677.8440

40757, Grimmer Blvd. FREMONT CA-94538 | 3810 Eau Claire Ave, Ceres, MODESTO/CERES CA-95307 | 220 Bush St/Montgomery St, #445 SAN FRANCISCO (OPPOSITE INDIA VISA CENTER)



Serving Around the World Community Since 1994
We Specialize to Asia, Europe, Middle East, Africa, Australia & etc.

Special fares to :
SFO TO DEL
LAX TO DEL



SKYWAY TRAVEL
SERVICE TRUST
DOMESTIC and INTERNATIONAL

Special fares to
Amritsar & Delhi

ਦੋ ਜਾਂ ਦੋ ਤੋਂ ਵੱਧ ਟਿਕਟਾਂ ਖਰੀਦਣ 'ਤੇ ਇਕ ਭਾਰ ਤੋਲਣ ਵਾਲੀ ਮਸ਼ੀਨ ਮੁਫ਼ਤ ਦਿੱਤੀ ਜਾਵੇਗੀ।

Cst No. : 2054876-40

Book on line 24/7 : www.skywaytkt.com

Or Call (818) 762-9236

15549 Devonshire St., Ste. 206 Mission Hills, CA 91345



CHAAT BHAVAN®
Best Name for Indian Vegetarian Food

DINE IN • TAKE OUT • CATERING • DELIVERY



ਵਿਆਹ ਸ਼ਾਦੀ, ਬਰਥ ਡੇ ਪਾਰਟੀ, ਐਂਨਵਰਸਰੀ ਜਾਂ ਹੋਰ ਕਿਸੇ ਵੀ ਕਿਸਮ ਦੀ ਕੇਟਰਿੰਗ ਲਈ ਸਦਾ ਸਾਨੂੰ ਯਾਦ ਰੱਖੋ।

FOR CATERING INQUIRIES:
408.472.0229

Catering
FULL SERVICE CATERING FOR YOUR SPECIAL EVENT
from 50 to upto 10,000 guests.
Setup a Tasting Appointment Today!

5355 MOWRY AVENUE • FREMONT 510.795.1100
976 E. EL CAMINO REAL • SUNNYVALE 408.795.1100
4112 GRAFTON ST • DUBLIN 925.829.1700

WWW.CHAATBHAVAN.COM

# ਬਾਬਾ ਫ਼ਰੀਦ ਜੀ ਦਾ ਆਗਮਨ ਪੁਰਬ ਉਤਸ਼ਾਹ ਤੇ ਸ਼ਰਧਾ ਨਾਲ ਮਨਾਇਆ

## ਫਰੀਦਕੋਟ ਤੇ ਆਸ ਪਾਸ ਦੇ ਇਲਾਕੇ ਦੀਆਂ ਸੰਗਤਾਂ ਵਲੋਂ ਗੁਰਦੁਆਰਾ ਸਾਹਿਬ ਫਰੀਮੌਂਟ ਵਿਖੇ ਸਮਾਗਮ

**ਫਰੀਮੌਂਟ/ਬਿਊਰੋ ਨਿਊਜ਼ :** ਫਰੀਦਕੋਟ ਤੇ ਆਸ ਪਾਸ ਇਲਾਕੇ ਦੀਆਂ ਸੰਗਤਾਂ ਵਲੋਂ ਬਾਬਾ ਫ਼ਰੀਦ ਜੀ ਦਾ ਆਗਮਨ ਪੁਰਬ 23 ਸਤੰਬਰ, ਦਿਨ ਸ਼ੁੱਕਰਵਾਰ ਨੂੰ ਗੁਰਦੁਆਰਾ ਸਾਹਿਬ ਫਰੀਮੌਂਟ ਵਿਖੇ ਮਨਾਉਂਦਿਆਂ ਸ੍ਰੀ ਅਖੰਡ ਪਾਠ ਅਰੰਭ ਕੀਤੇ ਗਏ ਤੇ ਅਖੰਡ ਪਾਠ ਦੇ ਭੋਗ ਦਿਨ ਐਤਵਾਰ ਨੂੰ ਪਾਏ ਗਏ। ਇਸ ਮਗਰੋਂ ਢਾਡੀ ਰਾਗੀ ਸਿੰਘਾਂ ਨੇ ਬਾਬਾ ਫ਼ਰੀਦ ਜੀ ਦੀ ਬਾਣੀ ਤੇ ਜੀਵਨ 'ਤੇ ਆਧਾਰਤ ਵਿਚਾਰਾਂ ਕੀਤੀਆਂ। ਵਿਚਕਾਰਲੇ ਦਿਨ ਸ਼ਨਿਚਰਵਾਰ ਨੂੰ ਕਥਾਵਾਚਕ ਤੇ ਪ੍ਰਚਾਰਕ ਰਣਜੀਤ ਸਿੰਘ ਢੱਡਰੀਆਂ ਵਾਲਿਆਂ ਨੇ ਬਾਬਾ ਫ਼ਰੀਦ ਜੀ ਦੇ ਸ਼ਬਦ ਗਾਇਨ ਕੀਤੇ। ਪ੍ਰਬੰਧਕਾਂ ਤੇ ਗੁਰਦੁਆਰਾ ਕਮੇਟੀ ਦੇ ਉਚੇਚੇ ਸੱਦੇ 'ਤੇ ਬਾਬਾ ਰਣਜੀਤ ਸਿੰਘ ਢੱਡਰੀਆਂ ਵਾਲੇ

ਬਾਕੀ ਸਫ਼ਾ 32 'ਤੇ





# ਏਜੀਪੀਸੀ ਅਤੇ ਫਰੈਂਡਜ ਆਫ਼ ਸਿੱਖ ਕਾਕਸ ਨੇ ਸਿੱਖ ਮੁੱਦਿਆਂ ਉਤੇ ਸਮਰਥਨ ਬਦਲੇ ਸੈਨੇਟਰ ਕੇਨ ਦਾ ਕੀਤਾ ਧੰਨਵਾਦ

## ਅਮਰੀਕਾ ਦੇ ਵਾਈਸ ਪ੍ਰੈਜ਼ੀਡੈਂਟ ਦੀ ਦੌੜ ਵਿੱਚ ਸੈਨਟਰ ਕੇਨ ਦੀ ਸਿੱਖ ਆਗੂਆਂ ਨਾਲ ਮੁਲਾਕਾਤ





**ਵਾਸ਼ਿੰਗਟਨ ਡੀ. ਸੀ./ਬਿਊਰੋ ਨਿਊਜ਼:**
ਅਮਰੀਕਨ ਗੁਰਦੁਆਰਾ ਪ੍ਰਬੰਧਕ ਕਮੇਟੀ (ਏਜੀਪੀਸੀ) ਅਤੇ ਫਰੈਂਡਸ ਆਫ਼ ਅਮਰੀਕਨ ਸਿੱਖ ਕਾਕਸ ਨੇ ਅਮਰੀਕਾ ਦੇ ਵਾਈਸ ਪ੍ਰੈਜੀਡੈਂਟ ਦੀ ਦੌੜ ਵਿੱਚ ਸ਼ਾਮਿਲ ਸੈਨੇਟਰ ਟਿਮ ਕੇਨ ਦਾ ਘੱਟ ਗਿਣਤੀ ਵਰਗਾਂ ਖਾਸ ਕਰਕੇ ਸਿੱਖਾਂ ਨੂੰ ਦਰਪੇਸ਼ ਮਸ਼ਕਿਲਾਂ ਅਤੇ ਮੁੱਦਿਆਂ ਦੇ ਸਮਰਥਨ ਲਈ ਉਨ੍ਹਾਂ ਦਾ ਧੰਨਵਾਦ ਕੀਤਾ ਹੈ।

ਸੈਨੇਟਰ ਕੇਨ ਨੇ ਸਿੱਖ ਆਗੂਆਂ ਨਾਲ ਕੈਲੀਫੋਰਨੀਆ ਵਿੱਚ ਇਕ ਮੁਲਾਕਾਤ ਕੀਤੀ, ਜਿਸ ਤੋ ਜਾਹਿਰ ਹੈ ਕਿ ਉਹ ਸਿੱਖ ਮੁੱਦਿਆਂ ਅਤੇ ਕੌਮ ਪ੍ਰਤੀ ਆਪਣੀ ਹਮਦਰਦੀ ਰੱਖਦੇ ਹਨ।

ਏਜੀਪੀਸੀ ਦੇ ਪ੍ਰਧਾਨ ਸ. ਜਸਵੰਤ ਸਿੰਘ ਹੋਠੀ ਅਤੇ ਕੋਆਰਡੀਨੇਟਰ ਡਾ. ਪ੍ਰਿਤਪਾਲ ਸਿੰਘ ਅਤੇ ਫਰੈਂਡਜ ਆਫ਼ ਸਿੱਖ ਕਾਂਗਰੇਸ਼ਨਲ ਕਾਕਸ ਦੇ ਕਨਵੀਨਰ ਸ. ਹਰਪ੍ਰੀਤ ਸਿੰਘ ਨੇ ਸਾਂਝੇ ਬਿਆਨ ਵਿੱਚ ਸੈਨੇਟਰ ਕੇਨ ਦਾ ਧੰਨਵਾਦ ਕੀਤਾ ਹੈ। ਅਮਰੀਕੀ ਸਿੱਖ ਆਗੂਆਂ ਨੂੰ ਆਪਣੇ ਬਿਆਨ ਵਿੱਚ ਕਿਹਾ ਕਿ ਸੈਨੇਟਰ ਕੇਨ ਨੇ ਹਮੇਸ਼ਾਂ ਹੀ ਸਿੱਖਾਂ ਨਾਲ ਹਮਦਰਦੀ ਦਾ ਪ੍ਰਗਟਾਵਾ ਕੀਤਾ ਹੈ ਅਤੇ ਆਪਣੀ ਮੀਟਿੰਗ ਦੌਰਾਨ ਵੀ ਉਨ੍ਹਾਂ ਨੂੰ ਕੌਮ ਨੂੰ ਅੱਗੇ ਤੋ ਵੀ ਆਪਣੇ ਸਮਰਥਨ ਦਾ ਯਕੀਨ ਦਿਵਾਇਆ ਹੈ।ਸਿੱਖ ਆਗੂਆਂ ਨੇ ਕਿਹਾ ਕਿ ਸੈਨੇਟ ਆਰਮਜ਼ ਸਰਵਿਸਸ ਕਮੇਟੀ ਦੀ ਪਿਛਲੀ ਦਿਨੀਂ ਸੁਣਵਾਈ ਦੌਰਾਨ ਕੇਨ ਨੇ ਕੈਪਟਨ ਸਿਮਰਤਪਾਲ ਸਿੰਘ ਦੀ ਅਮਰੀਕੀ ਫੌਜ ਦੀ ਸ਼ਮੂਲੀਅਤ ਨੂੰ ਬਹੁਤ ਸਲਾਹਿਆ ਸੀ।

ਡਾ. ਪ੍ਰਿਤਪਾਲ ਸਿੰਘ ਨੇ ਕਿਹਾ ਕਿ ਸਿੱਖਾਂ ਦੀ ਫੌਜ ਵਿੱਚ ਭੂਮਿਕਾ ਹਮੇਸ਼ਾਂ ਹੀ ਸ਼ਲਾਘਾਯੋਗ ਰਹੀ ਹੈ, ਜੋ ਕਿ ਕੌਮ ਦੀ ਪਹਿਲੇ ਅਤੇ ਦੂਜੇ ਵਿਸ਼ਵ ਯੁੱਧ ਵਿੱਚ ਨਿਭਾਈ ਗਈ ਸ਼ਮੂਲੀਅਤ ਤੋਂ ਪੂਰੀ ਜੱਗ ਜਾਹਿਰ ਹੈ। ਉਨ੍ਹਾਂ ਕਿਹਾ ਕਿ ਅਮਰੀਕਾ ਵਿੱਚ ਵੀ ਸਿੱਖ ਨੌਜਵਾਨ ਇੱਥੋਂ ਦੀ ਫੌਜ ਵਿੱਚ ਭਰਤੀ ਹੋ ਕੇ ਸਵੇਾ ਕਰਨਾ ਚਾਹੁੰਦੇ ਹਨ ਪਰ ਫੌਜ ਦੇ ਕੁਝ ਕਾਨੂੰਨ ਅਤੇ ਨਿਯਮ ਇਸ ਵਿੱਚ ਅੜਿਕਾ ਬਣਦੇ ਆ ਰਹੇ ਸਨ, ਜਿਨ੍ਹਾਂ ਨੂੰ ਦੂਰ ਕਰਨ ਵਿੱਚ ਸੈਨੇਟਰ ਕੇਨ ਵਰਗੇ ਅਗਾਂਹ ਵਧੂ ਸੋਚ ਵਾਲੇ ਆਗੂਆਂ ਦੀ ਮਦਦ ਨਾਲ ਬਦਲਿਆ ਜਾ ਸਕਦਾ ਹੈ। ਉਨ੍ਹਾਂ ਕਿਹਾ ਕਿ ਸੈਨੇਟਰ ਕੇਨ ਹਮੇਸ਼ਾਂ ਹੀ ਮਨੁੱਖੀ ਅਧਿਕਾਰਾਂ ਅਤੇ ਘੱਟ ਗਿਣਤੀਆਂ ਦੇ ਹੱਕ ਵਿੱਚ ਆਪਣੀ ਅਵਾਜ਼ ਬੁਲੰਦ ਕਰਦੇ ਰਹੇ ਹਨ, ਜਿਸਦੇ ਲਈ ਸਿੱਖ ਕੌਮ ਹਮੇਸ਼ਾਂ ਉਨ੍ਹਾਂ ਦੀ ਧੰਨਵਾਦੀ ਰਹੇਗੀ। ਉਨ੍ਹਾਂ ਨੇ ਡੈਮੋਕ੍ਰੇਟ ਪਾਰਟੀ ਦੇ ਭਾਈਚਾਰਕ ਸਾਂਝ ਵਾਲੀਆਂ ਪਾਲਿਸੀਆਂ ਦੀ ਪੁਰਜ਼ੋਰ ਸ਼ਲਾਘਾ ਕੀਤੀ ਅਤੇ ਆਸ ਪ੍ਰਗਟਾਈ ਕਿ ਆਉਣ ਵਾਲੀਆਂ ਚੋਣਾਂ ਵਿੱਚ ਪਾਰਟੀ ਆਪਣੀ ਜਿੱਤ ਦਰਜ ਕਰਵਾਏਗੀ।



## ਚੇਲਾਰਾਮ ਵਲੋਂ ਅਮਰੀਕਾ ਵਿਚ ਕੀਰਤਨ ਤੇ ਕਥਾ ਪ੍ਰੋਗਰਾਮ 3 ਅਕਤੂਬਰ ਤੋਂ

**ਨਿਊ ਯਾਰਕ/ਬਿਊਰੋ ਨਿਊਜ਼ :** ਸ੍ਰੀ ਲਛਮਨ ਚੇਲਾਰਾਮ ਵਲੋਂ ਅਮਰੀਕਾ ਦੇ ਵੱਖ ਵੱਖ ਸ਼ਹਿਰਾਂ ਵਿਚ ਦੀਵਾਲੀ ਅਤੇ ਗੁਰ ਪੁਰਬ ਮੌਕੇ ਕੀਰਤਨ ਅਤੇ ਕਥਾ ਦਾ ਪ੍ਰੋਗਰਾਮ ਉਲੀਕਿਆ ਗਿਆ ਹੈ। ਚੇਲਾਰਾਮ ਨੇ ਦੱਸਿਆ ਕਿ ਉਹ ਆਪਣੇ ਪਿਤਾ ਦਾਦਾ ਚੇਲਾਰਾਮ ਅਤੇ ਭੈਣ ਦੀਦੀ ਕਮਲਾ ਦੇਵੀ ਦੀ ਯਾਦ ਵਿਚ 'ਆਪ ਜਪੋ ਅਵਰਾ ਨਾਮ ਜਪਾਵੋ' ਮਿਸ਼ਨ ਤਹਿਤ ਵਿਦੇਸ਼ ਯਾਤਰਾ 'ਤੇ ਹਨ। ਇਸ ਸਬੰਧ ਵਿਚ ਨਿਊ ਯਾਰਕ ਵਿਚ 3 ਤੋਂ 7 ਅਕਤੂਬਰ, ਐਟਲਾਂਟਾ, ਸੈਲਮ ਤੇ ਮੈਡੀਸਨ ਵਿਚ 7 ਤੋਂ 13 ਅਕਤਬੂਰ, ਓਸਟਿਨ ਵਿਚ 13 ਤੋਂ 17, ਹਿਊਸਟਨ 'ਚ 17 ਤੋਂ 20, ਕਾਨਸ ਸਿਟੀ 'ਚ 20 ਤੋਂ 24, ਮਿਆਮੀ 'ਚ 24 ਤੋਂ 28, ਫੀਨੀਕਸ 'ਚ 26 ਤੋਂ 31 ਅਕਤਬੂਰ ਤੱਕ, ਲਾਸ ਏਂਜਲਸ ਵਿਚ 31 ਅਕਤੂਬਰ ਤੋਂ 3 ਨਵੰਬਰ ਤੱਕ, ਫਰਿਜ਼ਨੋ ਵਿਚ 3 ਨਵੰਬਰ, ਸਲਮਾ, ਸੈਕਰਾਮੈਂਟੋ, ਮਡੈਸਟੋ ਵਿਚ 4 ਨਵੰਬਰ ਨੂੰ, ਫਰੀਮੌਂਟ, ਸਨ ਹੋਜ਼ੇ, ਸਨ ਫਰਾਂਸਿਸਕੋ ਵਿਚ 4 ਤੋਂ 12 ਨਵੰਬਰ, ਲਾਸ ਏਂਜਲਸ 12 ਤੋਂ 14 ਨਵੰਬਰ, ਨਿਊ ਯਾਰਕ ਤੇ ਨਿਊ ਜਰਸੀ 14 ਤੋਂ 19 ਨਵੰਬਰ ਤਕ ਰਹਿਣਗੇ।

## ਪੰਜਾਬੀ ਸਾਹਿਤ ਸਭਾ ਦੀ ਮੀਟਿੰਗ 2 ਅਕਤੂਬਰ ਨੂੰ

**ਸੈਕਰਾਮੈਂਟੋ/ਬਿਊਰੋ ਨਿਊਜ਼ :** ਪੰਜਾਬੀ ਸਾਹਿਤ ਸਭਾ ਦੀ ਮੀਟਿੰਗ 2 ਅਕਤੂਬਰ, ਦਿਨ ਐਤਵਾਰ ਨੂੰ Mountain Mike Pizza Auburn Blvd....5640 Auburn Blvd. Sacramento, CA 95841 ਵਿਖੇ ਹੋ ਰਹੀ ਹੈ। ਇਹ ਮੀਟਿੰਗ ਬਾਅਦ ਦੁਪਹਿਰ 1:00 ਵਜੇ ਸ਼ੁਰੂ ਹੋ ਕੇ ਸ਼ਾਮ 5:00 ਵਜੇ ਤਕ ਚੱਲੇਗੀ। ਇਸ ਮੌਕੇ ਦੁਪਹਿਰ ਦੇ ਖਾਣੇ ਦਾ ਵੀ ਇੰਤਜ਼ਾਮ ਕੀਤਾ ਗਿਆ ਹੈ। ਇਸ ਮੌਕੇ ਰਾਠੇਸ਼ਵਰ ਸਿੰਘ ਰਾਠੀ ਦੀ ਨਵੀਂ ਪੁਸਤਕ 'ਤੇ ਚਰਚਾ ਹੋਵੇਗੀ। ਸਾਰੇ ਸਾਹਿਤ ਪ੍ਰੇਮੀਆਂ ਨੂੰ ਸਮੇਂ ਸਿਰ ਪਹੁੰਚ ਦੀ ਅਪੀਲ ਕੀਤੀ ਗਈ ਹੈ।

# ਅਕਾਲੀ ਦਲ (ਬਾਦਲ) ਦੀ ਨਿਊਯਾਰਕ ਵਿਚ ਕਨਵੈਨਸ਼ਨ 30 ਅਕਤੂਬਰ ਨੂੰ



**ਨਿਊਯਾਰਕ/ਬਿਊਰੋ ਨਿਊਜ਼:** ਅਮਰੀਕਾ ਅਕਾਲੀ ਦਲ (ਬ) ਦੀ ਇਕ ਵਿਸ਼ੇਸ਼ ਮੀਟਿੰਗ ਰਿਚੀਰਿਚ ਪੈਲੇਸ ਵਿਖੇ ਹੋਈ, ਜਿਸ ਦਾ ਮੁੱਖ ਮਨੋਰਥ 30 ਅਕਤੂਬਰ ਦੀ ਨਿਊਯਾਰਕ ਵਿਚ ਹੋ ਰਹੀ ਵੱਡੀ ਕਨਵੈਨਸ਼ਨ ਬਾਰੇ ਸੀ. ਕਨਵੈਨਸ਼ਨ ਵਿਚ ਅਮਰੀਕਾ ਦੇ ਵੱਖ-ਵੱਖ ਸਟੇਟਾਂ ਦੇ ਪ੍ਰਧਾਨਾਂ ਨੂੰ ਸੱਦਾ-ਪੱਤਰ ਭੇਜਿਆ ਗਿਆ ਹੈ। ਹੁਣ ਤੱਕ ਹੋਈਆਂ ਕਨਵੈਨਸ਼ਨਾਂ ਤੋਂ ਇਹ ਸਭ ਤੋਂ ਵੱਡੀ ਕਨਵੈਨਸ਼ਨ ਹੋਵੇਗੀ, ਜਿਸ ਵਿਚ ਪੰਜਾਬ ਤੋਂ ਕਈ ਮੰਤਰੀਆਂ ਦੀ ਸ਼ਮੂਲੀਅਤ ਹੋਵੇਗੀ। ਇਸ ਕਨਵੈਨਸ਼ਨ ਵਿਚ 2017 ਦੀਆਂ ਆ ਰਹੀਆਂ ਵਿਧਾਨ ਸਭਾ ਚੋਣਾਂ ਦਾ ਮੁੱਖ ਮੁੱਦਾ ਹੋਵੇਗਾ। ਮੁੱਖ ਮੰਤਰੀ ਸ. ਪ੍ਰਕਾਸ਼ ਸਿੰਘ ਬਾਦਲ ਅਤੇ ਉਪ ਮੁੱਖ ਮੰਤਰੀ ਸੁਖਬੀਰ ਸਿੰਘ ਬਾਦਲ ਦੇ ਦਿਸ਼ਾ ਨਿਰਦੇਸ਼ਾਂ ਦੀ ਪਾਲਣਾ ਕਰਦੇ ਹੋਏ ਪਾਰਟੀ ਵੱਲੋਂ ਪੰਜਾਬ ਵਿਚ ਕੀਤੇ ਵਿਕਾਸ ਕੰਮਾਂ ਬਾਰੇ ਇਹ ਆਗੂ ਸੰਬੋਧਨ ਕਰਨਗੇ।

ਇਸ ਕਨਵੈਨਸ਼ਨ ਵਾਸਤੇ 7 ਮੈਂਬਰੀ ਕਮੇਟੀ ਬਣਾਈ ਗਈ ਹੈ, ਜਿਸ ਵਿਚ ਮਾਸਟਰ ਮਹਿੰਦਰ ਸਿੰਘ, ਹਰਬੰਸ ਸਿੰਘ ਢਿੱਲੋਂ, ਮੋਹਣ ਸਿੰਘ ਖੱਟੜਾ, ਰਘਬੀਰ ਸਿੰਘ ਸੁਭਾਨਪੁਰ, ਜਰਨੈਲ ਸਿੰਘ ਗਿਲਜੀਆਂ, ਬਲਵਿੰਦਰ ਸਿੰਘ ਨਵਾਂਸ਼ਹਿਰ ਅਤੇ ਹਿੰਮਤ ਸਿੰਘ ਸਰਪੰਚ ਸ਼ਾਮਲ ਹਨ, ਜੋ ਕਨਵੈਨਸ਼ਨ ਨੂੰ ਕਾਮਯਾਬ ਕਰਨ ਵਾਸਤੇ ਸਾਰੇ ਪ੍ਰਬੰਧ ਕਰਨਗੇ। ਮੀਟਿੰਗ ਵਿਚ ਚੋਣਵੇਂ ਅਕਾਲੀ ਲੀਡਰਾਂ ਨੂੰ ਸ਼ਾਮਲ ਕੀਤਾ ਗਿਆ, ਜਿਨ੍ਹਾਂ ਨੇ ਕਨਵੈਨਸ਼ਨ ਬਾਰੇ ਆਪੋ-ਆਪਣੇ ਸੁਝਾਅ ਦਿੱਤੇ। 7 ਮੈਂਬਰੀ ਕਮੇਟੀ ਤੋਂ ਇਲਾਵਾ ਪ੍ਰੀਤਮ ਸਿੰਘ ਗਿਲਜੀਆਂ, ਮਲਕੀਤ ਸਿੰਘ ਸ਼ਰੀਂਹ, ਕਰਨੈਲ ਸਿੰਘ ਬਾਠ ਮੁੱਖ ਬੁਲਾਰਾ, ਜਸਮੇਰ ਸਿੰਘ ਗੁਰਾਲਾ, ਮਹਿੰਦਰ ਸਿੰਘ ਸਿੱਧੂ ਕਬੱਡੀ ਪ੍ਰਮੋਟਰ, ਬਲਵਿੰਦਰ ਸਿੰਘ ਵਿਰਕ, ਬਲਕਾਰ ਸਿੰਘ ਸੱਲ੍ਹਾ, ਭੁਪਿੰਦਰ ਸਿੰਘ ਬੇਗੋਵਾਲ, ਭੁਪਿੰਦਰ ਸਿੰਘ ਨਾਰੰਗਪੁਰ, ਭੁਪਿੰਦਰ ਸਿੰਘ ਸਨੌਰ, ਰਣਜੀਤ ਸਿਘ, ਬਲਵੀਰ ਸਿੰਘ ਕੈਸ਼ੀਅਰ, ਤੇਜਿੰਦਰ ਸਿੰਘ ਨੰਗਲ, ਤਰਸੇਮ ਸਿੰਘ ਭਟਨੂਰਾ, ਜਸਵੀਰ ਸਿੰਘ ਟੁੱਟ, ਗਰਿੰਦਰ ਸਿੰਘ ਸ਼ਾਹੀ, ਵਰਿੰਦਰ ਸਿੰਘ ਪੱਡਾ, ਰਣਜੀਤ ਸਿੰਘ, ਜਸਵੰਤ ਸਿੰਘ, ਗੁਰਦੇਵ ਸਿੰਘ, ਕੁਲਬੀਰ ਸਿੰਘ ਬਾਸੀ, ਗੁਰਬਚਨ ਸਿੰਘ ਤਲਵੰਡੀ, ਹਾਕਮ ਸਿੰਘ ਗਰੇਵਾਲ ਅਤੇ ਹਰਬਖਸ਼ ਸਿੰਘ ਟਾਹਲੀ ਮੀਡੀਆ ਇੰਚਾਰਜ ਨੇ ਆਪਣੇ ਵਿਚਾਰ ਰੱਖੇ। ਮੀਟਿੰਗ ਵਿਚ ਕਸ਼ਮੀਰ ਸਿੰਘ ਪਿਹੋਵਾ ਸਕੱਤਰ ਜਨਰਲ ਨੇ ਸਾਰੇ ਲੀਡਰਾਂ ਨੂੰ ਵਾਰੋ-ਵਾਰੀ ਪੇਸ਼ ਕੀਤਾ।



## ਮੁੱਖ ਮੰਤਰੀ ਬਾਦਲ ਦੀ ਸਿਹਤ ਠੀਕ ਨਾ ਹੋਣ ਕਾਰਨ ਸਾਰੇ ਰੁਝੇਵੇਂ ਰੱਦ

**ਚੰਡੀਗੜ੍ਹ/ਬਿਊਰੋ ਨਿਊਜ਼:**
ਮੁੱਖ ਮੰਤਰੀ ਸ. ਪ੍ਰਕਾਸ਼ ਸਿੰਘ ਬਾਦਲ ਨੇ ਮੰਗਲਵਾਰ ਨੂੰ ਆਪਣੀ ਸਿਹਤ ਠੀਕ ਨਾ ਹੋਣ ਕਰਕੇ ਆਪਣੇ ਪਹਿਲੇ ਨਿਰਧਾਰਤ ਸਾਰੇ ਰੁਝੇਵੇਂ ਤੇ ਮੀਟਿੰਗਾਂ ਰੱਦ ਕਰ ਦਿੱਤੀਆਂ । ਇਹ ਪ੍ਰਗਟਾਵਾ ਕਰਦਿਆਂ ਮੁੱਖ ਮੰਤਰੀ ਦਫ਼ਤਰ ਦੇ ਇਕ ਬੁਲਾਰੇ ਨੇ ਦੱਸਿਆ ਕਿ ਸਵੇਰ ਵੇਲੇ ਡਾਕਟਰਾਂ ਵੱਲੋਂ ਸ. ਬਾਦਲ ਦਾ ਮੁਆਇਨਾ ਕਰਨ ਤੋਂ ਬਾਅਦ ਉਨ੍ਹਾਂ ਨੂੰ ਅਰਾਮ ਕਰਨ ਤੇ ਸਫਰ ਨਾ ਕਰਨ ਦੀ ਸਲਾਹ ਦਿੱਤੀ । ਵਰਨਣਯੋਗ ਹੈ ਕਿ ਸ. ਬਾਦਲ ਨੇ ਆਰ.ਐਸ.ਐਸ. ਦੇ ਆਗੂ ਬ੍ਰਿਗੇਡੀਅਰ ਜਗਦੀਸ਼ ਗਗਨੇਜਾ ਦੀ 'ਰਸਮ ਪਗੜੀ' 'ਚ ਸ਼ਾਮਿਲ ਹੋਣ ਲਈ ਜਲੰਧਰ ਜਾਣਾ ਸੀ, ਪਰ ਉਨ੍ਹਾਂ ਦੀ ਸਿਹਤ ਠੀਕ ਨਾ ਹੋਣ ਕਰਕੇ ਉਨ੍ਹਾਂ ਆਖਰੀ ਮੌਕੇ ਆਪਣਾ ਪ੍ਰੋਗਰਾਮ ਰੱਦ ਕਰ ਦਿੱਤਾ ।


LAW OFFICE OF
PARDEEP S. GREWAL
ਪ੍ਰਦੀਪ ਸਿੰਘ ਗਰੇਵਾਲ
Bankruptcy
Immigration • Divorce
ਬੈਂਕਰਪਸੀ
ਚੈਪਟਰ 7 ਅਤੇ 13 (ਨਿੱਜੀ ਅਤੇ ਬਿਜਨਸ)
ਇਮੀਗ੍ਰੇਸ਼ਨ ਲਾਅ
9th ਸਰਕਟ ਅਪੀਲ, ਬੀ ਆਈ ਏ ਅਪੀਲ,
ਡਿਪੋਰਟੇਸ਼ਨ/ਰਿਮੂਵਲ ਕੇਸ, ਵੀਜ਼ਾ ਪਟੀਸ਼ਨ, ਗਰੀਨ ਕਾਰਡ
ਪਰਿਵਾਰਕ ਕਾਨੂੰਨ
ਤਲਾਕ

Pardeep S. Grewal
Attorney At Law
Bankruptcy
- Chapter 7 & 13 Bankruptcy
- Protect Your Assets- Home, Etc..
- Start Fresh- Clear
Family Law • Divorce
Immigration Law
- Deportation Cases- BIA Appeals
- Ninth Circuit Appeals
- Adjustment of Status (Green Card)
- Visa Petitions, NVC
ਇਮੀਗਰੇਸ਼ਨ ਸਬੰਧੀ ਕਿਸੇ ਵੀ ਤਰ੍ਹਾਂ ਦੀ ਜਰੂਰਤ ਲਈ ਕਾਲ ਕਰੋ
510.889.1999
email : info@pardeeplaw.com
20980 REDWOOD ROAD, SUITE 240 • CASTRO VALLEY CA 94546



ALL STATE INSURANCE
Allstate. You're in good hands.
ਕਿਸੇ ਕਿਸਮ ਦੀ ਇਨਸੋਰੈਂਸ ਵਾਸਤੇ ਅੱਜ ਹੀ ਕਾਲ ਕਰੋ
ਇੱਕ ਕਾਲ ਨਾਲ ਤੁਹਾਡੀ ਵੱਡੀ ਬੱਚਤ ਹੋ ਸਕਦੀ ਹੈ
AUTO HOME LIFE HEALTH BUSINESS

Avninder Singh
Insurance Specialist, CA --LIC: #0822501
Phone : (510) 441-7490
(877) 441-7490
FAX : (510) 441-2537
ADDRESS : 30042 MISSION BLVD
SUITE #221, HAYWARD, CA 94544



B Sons Travel & Tax Services, Inc.
* All Airlines * International And Domestic
* Wholesale Fares Around the World
We Will Beat or Match any Fare!

Office Hours
Mon-Fri
9am-6pm
Saturday
9am-5pm
CST. REG #2092042-40
We Also Have Special Vacation Packages
President : Avtar Singh
Contact any time from anywhere
Tel 707.703.1451 • Fax 707.425.4260
Email: bsonstravel@yahoo.com
1652 West Texas St. Suite 139, Fairfield, CA 94533



ਅੰਮ੍ਰਿਤਸਰ ਟਾਈਮਜ਼
Weekly Punjabi Newspaper
Corporate Office
4127 Bay Street, Suite 8
Fremont, CA 94538
Email: asrtimes@gmail.com
ਵਧੇਰੇ ਜਾਣਕਾਰੀ ਤੇ ਖਬਰਾਂ ਲਈ ਸੰਪਰਕ
Tel: (510) 240-5949 • Fax: (888) 323-6950
ਐਡਵਰਟਾਈਜ਼ਮੈਂਟ ਲਈ ਸੰਪਰਕ
(408) 457-6157 • (510) 677-2777 Jai Singh


ਕੌਮਾਂਤਰੀ ਅੰਮ੍ਰਿਤਸਰ ਟਾਈਮਜ਼ 'ਚ ਛਪੇ ਲੇਖਾਂ, ਖ਼ਬਰਾਂ ਅਤੇ ਇਸ਼ਤਿਹਾਰਾਂ ਵਿਚਲੇ ਵਿਚਾਰਾਂ ਨਾਲ ਅਦਾਰਾ ਕੌਮਾਂਤਰੀ ਅੰਮ੍ਰਿਤਸਰ ਟਾਈਮਜ਼ ਅਤੇ ਸੰਪਾਦਕ ਦਾ ਸਹਿਮਤ ਹੋਣਾ ਜ਼ਰੂਰੀ ਨਹੀਂ।
*The opinions expressed in this newspaper donot necessarily represent the views or opinions of the staff or employees of Quomantry Amritsar times. *All Disputes must be Handled in Santa Clara Superior Court.

## ਸ. ਹਰਜੋਤ ਸਿੰਘ ਰੰਧਾਵਾ ਦਾ ਅਕਾਲ ਚਲਾਣਾ

### ਸਸਕਾਰ ਵੀਰਵਾਰ ਤੇ ਅੰਤਮ ਅਰਦਾਸ ਸ਼ਨੀਵਾਰ ਨੂੰ

**ਨਿਊਯਾਰਕ/ਬਿਊਰੋ ਨਿਊਜ਼:** ਸਿੱਖ ਭਾਈਚਾਰੇ ਦੇ ਜਾਣੇ ਪਛਾਣੇ ਸ.ਹਰਜੋਤ ਸਿੰਘ ਰੰਧਾਵਾ 22 ਸਤੰਬਰ ਨੂੰ ਅਕਾਲ ਚਲਾਣਾ ਕਰ ਗਏ।



ਉਨ੍ਹਾਂ ਦਾ ਸਸਕਾਰ 29 ਸਤੰਬਰ ਵੀਰਵਾਰ ਨੂੰ ਐਲਕਲੋਕ ਫਿਊਨਰਲ 130 ਸਟਰੀਟ ਲਿਬਰਟੀ ਐਵੀਨਿਊ ਵਿਖੇ ਸਵੇਰੇ 9.30 ਵਜੇ ਤੋਂ 1.30 ਵਜੇ ਤੱਕ ਕੀਤਾ ਜਾਵੇਗਾ। ਉਨ੍ਹਾਂ ਨਮਿਤ ਰੱਖੇ ਗਏ ਸ੍ਰੀ ਆਖੰਡ ਪਾਠ ਸਾਹਿਬ ਦਾ ਭੋਗ ਅਤੇ ਅੰਤਿਮ ਅਰਦਾਸ 1 ਅਕਤੂਬਰ ਸ਼ਨੀਵਾਰ ਨੂੰ ਗੁਰਦੁਆਰਾ ਸਿੰਘ ਕਲਚਰਲ ਸੁਸਾਇਟੀ ਰਿਚਮੰਡ ਹਿਲ, ਨਿਊਯਾਰਕ ਵਿਖੇ ਹੋਵੇਗੀ। ਪਰਿਵਾਰ ਨਾਲ ਦੁੱਖ ਸਾਂਝਾ ਕਰਨ ਲਈ ਸੰਪਰਕ ਕਰੋ: ਗੁਰਪ੍ਰੀਤ ਸਿੰਘ ਫੋਨ : 347-644-2554

## ਜਗਦੇਵ ਸਿੰਘ ਧਾਲੀਵਾਲ ਨੂੰ ਸਦਮਾ, ਸਹੁਰਾ ਸ. ਉਜਾਗਰ ਸਿੰਘ ਥਿੰਦ ਦਾ ਦੇਹਾਂਤ

### ਅੰਤਿਮ ਸੰਸਕਾਰ ਤੇ ਅਰਦਾਸ 1 ਅਕਤੂਬਰ, ਦਿਨ ਸ਼ਨੀਵਾਰ ਨੂੰ

**ਫਰਿਜ਼ਨੋ/ਨੀਟਾ ਮਾਛੀਕੇ/ਕੁਲਵੰਤ ਧਾਲੀਆਂ :** ਫਰਿਜ਼ਨੋ ਨਿਵਾਸੀ ਜਗਦੇਵ ਸਿੰਘ ਧਾਲੀਵਾਲ (ਸਾਧੂ) ਪਿੰਡ ਬਿਲਾਸਪੁਰ ਦੇ ਸਤਿਕਾਰਯੋਗ ਸਹੁਰਾ ਸਾਹਿਬ ਸ. ਉਜਾਗਰ ਸਿੰਘ ਥਿੰਦ ਪ੍ਰਮਾਤਮਾ ਦੇ ਹੁਕਮ ਅਨੁਸਾਰ ਅਕਾਲ ਚਲਾਣਾ ਕਰ ਗਏ ਹਨ। ਸ. ਉਜਾਗਰ ਸਿੰਘ ਥਿੰਦ ਦਾ ਪਿਛਲਾ ਪਿੰਡ ਰਸ਼ੀਨ ਜ਼ਿਲ੍ਹਾ ਲੁਧਿਆਣਾ ਵਿੱਚ ਹੈ। ਉਹ ਫਰਿਜ਼ਨੋ ਰਹਿ ਰਹੇ ਸਨ। ਜਗਦੇਵ ਸਿੰਘ ਧਾਲੀਵਾਲ ਦਾ ਅੰਤਿਮ ਸੰਸਕਾਰ ਸ਼ਾਤ ਭਵਨ ਫਿਊਨਰਲ ਹੋਮ 4800 E Clayton Fowler, Ca 93625 ਵਿਖੇ 1 ਅਕਤੂਬਰ ਦਿਨ ਸ਼ਨੀਵਾਰ ਦੁਪਹਿਰ 11:00 ਤੋਂ 1:00 ਦਰਮਿਆਨ ਹੋਵੇਗਾ। ਉਪਰੰਤ ਭੋਗ ਅਤੇ ਅੰਤਿਮ ਅਰਦਾਸ ਗੁਰਦੁਆਰਾ ਗੁਰੂ ਨਾਨਕ ਪ੍ਰਕਾਸ਼ ਫਰਿਜ਼ਨੋ ਵਿਖੇ ਬਾਅਦ ਦੁਪਹਿਰ ਹੋਵੇਗੀ। ਦੁੱਖ ਸਾਂਝਾ ਕਰਨ ਲਈ ਜਗਦੇਵ ਸਿੰਘ (ਸਾਧੂ) (559) 577-3350, ਬਲਦੇਵ ਸਿੰਘ 559-577-2562 ਜਾਂ 559-408-5756 ਨਾਲ ਸੰਪਰਕ ਕੀਤਾ ਜਾ ਸਕਦਾ ਹੈ।



# ਆਵਾਜ਼-ਏ-ਪੰਜਾਬ ਦਾ ਕਾਂਗਰਸ 'ਚ ਸਵਾਗਤ ਹੈ : ਕੈਪਟਨ

**ਨਵੀਂ ਦਿੱਲੀ/ਬਿਊਰੋ ਨਿਊਜ਼ :** ਪੰਜਾਬ ਪ੍ਰਦੇਸ਼ ਕਾਂਗਰਸ ਕਮੇਟੀ ਦੇ ਪ੍ਰਧਾਨ ਕੈਪਟਨ ਅਮਰਿੰਦਰ ਸਿੰਘ ਨੇ ਕਿਹਾ ਹੈ ਕਿ ਉਨ੍ਹਾਂ ਦੀ ਪਾਰਟੀ ਪੰਜਾਬ ਵਿਧਾਨ ਸਭਾ ਚੋਣਾਂ ਵਿੱਚ ਸੱਤਾ ਵਿਰੋਧੀ ਲਹਿਰ ਨੂੰ ਖਿੰਡਣ ਤੋਂ ਬਚਾਉਣ ਲਈ ਅਕਾਲੀ ਵਿਰੋਧੀ ਤੇ ਧਰਮ ਨਿਰਪੱਖ ਪਾਰਟੀਆਂ ਨੂੰ ਇਕਜੁੱਟ ਕਰਨ ਵਾਸਤੇ ਆਵਾਜ਼-ਏ-ਪੰਜਾਬ ਨਾਲ ਚੋਣਾਂ ਤੋਂ ਪਹਿਲਾਂ ਸਮਝੌਤਾ ਕਰਨ ਲਈ ਤਿਆਰ ਹੈ। ਵਿਸ਼ੇਸ਼ ਮੁਲਾਕਾਤ ਦੌਰਾਨ ਕੈਪਟਨ ਨੇ ਕਿਹਾ ਕਿ ਉਹ ਚੋਣਾਂ ਵਿੱਚ ਆਵਾਜ਼-ਏ-ਪੰਜਾਬ ਦੇ ਨੇਤਾਵਾਂ ਨਾਲ ਸੀਟਾਂ ਦੀ ਵੰਡ ਬਾਰੇ ਵੀ ਖੁੱਲ੍ਹੇ ਮਨ ਨਾਲ ਵਿਚਾਰ ਕਰ ਸਕਦੇ ਹਨ। ਨਵਜੋਤ ਸਿੰਘ ਦੀ ਅਗਵਾਈ ਵਾਲੇ ਇਸ ਫਰੰਟ ਬਾਰੇ ਕਾਂਗਰਸ ਨੇਤਾ ਨੇ ਕਿਹਾ, 'ਇਸ ਫਰੰਟ ਦੇ ਨੇਤਾਵਾਂ ਦਾ ਆਪਣਾ ਜਨ ਆਧਾਰ ਹੈ। ਪ੍ਰਗਟ ਸਿੰਘ ਭਾਰਤੀ ਹਾਕੀ ਟੀਮ ਦੇ ਸਾਬਕਾ ਕਪਤਾਨ ਹਨ। ਉਹ ਇਸ ਵੇਲੇ ਵਿਧਾਇਕ ਹਨ ਤੇ ਉਹ ਪੰਜਾਬ ਵਿੱਚ ਜਿਥੋਂ ਮਰਜ਼ੀ ਚੋਣ ਜਿੱਤ ਸਕਦੇ ਹਨ। ਬੈਂਸ ਭਰਾਵਾਂ ਦੇ ਆਪਣੇ ਹਲਕੇ ਹਨ। ਨਵਜੋਤ ਸਿੰਘ ਸਿੱਧੂ ਅਨੁਸਾਰ ਉਹ ਚੋਣ ਨਹੀਂ ਲੜਨਗੇ ਪਰ ਜੇ ਉਹ ਚਾਹੁਣ ਤਾਂ ਉਨ੍ਹਾਂ ਦੀ ਪਤਨੀ ਵਿਧਾਇਕ ਬਣ ਸਕਦੀ ਹੈ।' ਉਨ੍ਹਾਂ ਕਿਹਾ ਕਿ ਕੌਣ ਕਿਹੜੀ ਸੀਟ ਤੋਂ ਚੋਣ ਲੜੇਗਾ, ਇਸ ਤੋਂ ਪਹਿਲਾਂ ਜ਼ਰੂਰੀ ਹੈ ਕਿ ਚੋਣਾਂ ਤੋਂ ਪਹਿਲਾਂ ਭਾਈਵਾਲਾਂ ਵਿੱਚ ਸਿਆਸੀ ਸਹਿਮਤੀ ਬਣ ਜਾਵੇ। ਇਸ ਲਈ ਕਾਂਗਰਸ ਵੱਲੋਂ ਘੱਟੋ ਘੱਟ ਸਾਂਝਾ ਪ੍ਰੋਗਰਾਮ ਤਿਆਰ ਕੀਤਾ ਜਾ ਸਕਦਾ ਹੈ। ਇਸ ਦੇ ਤਿਆਰ ਹੋਣ ਬਾਅਦ ਸੀਟਾਂ ਦੀ ਵੰਡ ਕੋਈ ਵੱਡੀ ਸਮੱਸਿਆ ਨਹੀਂ ਰਹੇਗੀ।



ਪੰਜਾਬ ਵਿੱਚ ਇਸ ਵਾਰ ਚੋਣਾਂ ਕਾਫ਼ੀ ਰੋਮਾਂਚਕ ਹੋਣ ਦੀ ਸੰਭਾਵਨਾ ਹੈ ਕਿਉਂਕਿ ਰਾਜ ਵਿੱਚ ਅਕਾਲੀ-ਭਾਜਪਾ ਸਰਕਾਰ ਵਿਰੋਧੀ ਵੋਟ ਆਮ ਆਦਮੀ ਪਾਰਟੀ, ਕਾਂਗਰਸ, ਆਵਾਜ਼-ਏ-ਪੰਜਾਬ, 'ਆਪ' ਦੇ ਸੰਸਦ ਮੈਂਬਰ ਧਰਮਵੀਰ ਗਾਂਧੀ ਅਤੇ 'ਆਪ' ਦੇ ਕਨਵੀਨਰ ਸੁੱਚਾ ਸਿੰਘ ਛੋਟੇਪੁਰ ਵਿੱਚ ਵੰਡੇ ਜਾਣ ਦਾ ਖਦਸ਼ਾ ਹੈ, ਜਿਸ ਦਾ ਸਿੱਧਾ ਲਾਭ ਸੱਤਾਧਾਰੀ ਧਿਰ ਨੂੰ ਹੋ ਸਕਦਾ ਹੈ। ਉਧਰ ਕੈਪਟਨ ਅਮਰਿੰਦਰ ਸਿੰਘ ਦੀ ਪਤਨੀ ਪ੍ਰਨੀਤ ਕੌਰ ਵਿਦੇਸ਼ਾਂ ਵਿੱਚ ਵਸੇ ਪੰਜਾਬੀਆਂ ਦੀਆਂ ਵੋਟਾਂ ਨੂੰ ਖਿੱਚਣ ਲਈ ਅੱਜ ਕੱਲ੍ਹ ਲੰਡਨ ਵਿੱਚ ਹਨ।

# ਕਾਂਗਰਸ ਨੇ ਪ੍ਰਚਾਰ ਮੁਹਿੰਮ ਤਾਂ ਸ਼ੁਰੂ ਕੀਤੀ ਪਰ ਆਗੂਆਂ ਨੂੰ ਕਮਾਂਡ ਸੌਂਪਣ ਬਾਰੇ ਦੁਚਿੱਤੀ

**ਚੰਡੀਗੜ੍ਹ/ਬਿਊਰੋ ਨਿਊਜ਼ :**

ਪੰਜਾਬ ਪ੍ਰਦੇਸ਼ ਕਾਂਗਰਸ ਨੇ ਵਿਧਾਨ ਸਭਾ ਚੋਣਾਂ ਲਈ ਸੂਬੇ ਦੇ ਲੋਕਾਂ ਦੀ ਹਮਾਇਤ ਜੁਟਾਉਣ ਅਤੇ ਹੇਠਲੀ ਕਤਾਰ ਦੇ ਵਰਕਰਾਂ ਨੂੰ ਸਰਗਰਮ ਕਰਨ ਦੇ ਮੰਤਵ ਨਾਲ 'ਪੰਜਾਬ ਬਚਾਓ ਕਾਂਗਰਸ ਲਿਆਓ' ਮੁਹਿੰਮ ਛੇੜ ਦਿੱਤੀ ਹੈ। ਲਗਭਗ 50 ਹਲਕਿਆਂ ਵਿੱਚ ਦੁਚਿੱਤੀ ਦਾ ਮਾਹੌਲ ਹੈ ਕਿ ਉਥੇ ਕਿਹੜੇ ਆਗੂਆਂ ਨੂੰ ਲੈ ਕੇ ਮੁਹਿੰਮ ਚਲਾਈ ਜਾਵੇ ਅਤੇ ਹੇਠਲੇ ਵਰਕਰਾਂ ਨੂੰ ਕਿਸ ਆਗੂ ਦੇ ਲੜ ਲਾਇਆ ਜਾਵੇ। ਪਾਰਟੀ ਵੱਲੋਂ ਉਮੀਦਵਾਰਾਂ ਦਾ ਫ਼ੈਸਲਾ ਨਾ ਕੀਤੇ ਜਾਣ ਕਰ ਕੇ ਵਰਕਰ ਵੀ ਇਕਜੁੱਟ ਨਹੀਂ ਹਨ। ਜਾਣਕਾਰੀ ਅਨੁਸਾਰ ਕੁਝ ਸੀਨੀਅਰ ਆਗੂ ਇਨ੍ਹਾਂ ਹਲਕਿਆਂ ਵਿੱਚ ਇਸੇ ਕਰ ਕੇ ਨੁੱਕੜ ਮੀਟਿੰਗਾਂ ਕਰਨ ਤੋਂ ਕਤਰਾ ਰਹੇ ਹਨ। ਪੰਜਾਬ ਪ੍ਰਦੇਸ਼ ਕਾਂਗਰਸ ਦੇ ਪ੍ਰਧਾਨ ਕੈਪਟਨ ਅਮਰਿੰਦਰ ਸਿੰਘ ਕਈ ਵਾਰ ਆਖ ਚੁੱਕੇ ਹਨ ਕਿ ਕੁਝ ਵਿਧਾਇਕਾਂ ਦੀਆਂ ਟਿਕਟਾਂ ਬਦਲੇ ਜਾਣ ਦੀ ਸੰਭਾਵਨਾ ਹੈ ਪਰ ਉਨ੍ਹਾਂ ਦੀ ਥਾਂ ਕਿਸ ਨੂੰ ਟਿਕਟ ਦਿੱਤੇ ਜਾਣਗੇ, ਇਸ ਬਾਰੇ ਸਥਿਤੀ ਸਪਸ਼ਟ ਨਹੀਂ ਹੈ।

ਹਲਕਾ ਮਲੋਟ ਤੋਂ ਪਿਛਲੀ ਵਾਰ ਚੋਣ ਲੜਨ ਵਾਲੇ ਨੱਥੂ ਰਾਮ ਨੂੰ ਕਿਸੇ ਹੋਰ ਹਲਕੇ ਤੋਂ ਟਿਕਟ ਦੇਣ ਦਾ ਭਰੋਸਾ ਦਿੱਤਾ ਗਿਆ ਹੈ ਅਤੇ ਉਸ ਨੇ ਬੱਲੂਆਣਾ ਹਲਕੇ ਵਿੱਚ ਕੰਮ ਕਾਜ ਸ਼ੁਰੂ ਕਰ ਦਿੱਤਾ ਹੈ। ਉਨ੍ਹਾਂ ਦੀ ਥਾਂ 'ਤੇ ਜੈਤੋ ਹਲਕੇ ਦੇ ਵਿਧਾਇਕ ਜੋਗਿੰਦਰ ਸਿੰਘ ਨੂੰ ਮਲੋਟ ਬਦਲਣ ਦੀ ਚਰਚਾ ਜ਼ੋਰਾਂ 'ਤੇ ਹੈ ਪਰ ਉਸ ਨੂੰ ਅਜਿਹੀ ਕੋਈ ਜਾਣਕਾਰੀ ਨਹੀਂ ਹੈ। ਉਹ ਦੋਵਾਂ ਹਲਕਿਆਂ ਵਿੱਚੋਂ ਕਿਸੇ ਵਿੱਚ ਵੀ ਚੋਣ ਲੜਨ ਨੂੰ ਤਿਆਰ ਹੈ। ਇਸੇ ਤਰ੍ਹਾਂ ਦੀ ਸਥਿਤੀ ਲੁਧਿਆਣਾ ਦੇ ਗਿੱਲ ਹਲਕੇ ਦੀ ਹੈ। ਇਸ ਹਲਕੇ ਵਿੱਚ ਕਿਸੇ ਸਾਬਕਾ ਅਧਿਕਾਰੀ ਨੂੰ ਪੈਰਾਸ਼ੂਟ ਰਾਹੀਂ ਉਤਾਰਨ ਦੀ ਤਿਆਰੀ ਹੈ ਜਿਸ ਕਰ ਕੇ ਸਥਾਨਕ ਆਗੂ ਨਾਰਾਜ਼ ਹਨ। ਗੁਰਦਾਸਪੁਰ ਵਿਧਾਨ ਸਭਾ ਹਲਕੇ ਨੂੰ ਲੈ ਕੇ ਵੀ ਸਥਿਤੀ ਪੂਰੀ ਤਰ੍ਹਾਂ ਅਸਪਸ਼ਟ ਹੈ। ਇੱਕ ਸੀਨੀਅਰ ਆਗੂ ਨੇ ਕਿਹਾ ਕਿ ਹਲਕੇ ਤੋਂ ਕਿਸੇ ਟਕਸਾਲੀ ਆਗੂ ਨੂੰ ਉਤਾਰਿਆ ਜਾ ਸਕਦਾ ਹੈ। ਇਸੇ ਤਰ੍ਹਾਂ ਪਰਿਵਾਰ ਦੇ ਇੱਕ ਮੈਂਬਰ ਨੂੰ ਟਿਕਟ ਦੇਣ ਬਾਰੇ ਕਈ ਵਾਰ ਚਰਚਾ ਹੋ ਚੁੱਕੀ ਹੈ ਪਰ ਕੁਝ ਆਗੂਆਂ ਨੂੰ ਆਸ ਹੈ ਕਿ ਉਹ ਹਾਈਕਮਾਂਡ ਨੂੰ ਦੋ ਟਿਕਟਾਂ ਦੇਣ ਲਈ ਮਨਾ ਲੈਣਗੇ। ਪਾਰਟੀ ਨੂੰ ਪ੍ਰਚਾਰ ਮੁਹਿੰਮ ਦੀ ਗੱਡੀ ਨੂੰ ਲੀਹੋਂ ਲਹਿ ਜਾਣ ਤੋਂ ਪਹਿਲਾਂ ਕੁਝ ਕਦਮ ਚੁੱਕਣੇ ਪੈਣਗੇ।


CIS CALIFORNIA IMMIGRATION SERVICES
(Registered & Bonded)

- FAMILY IMMIGRATION
- GREEN CARD PETITION
- CITIZENSHIP
- OCI CARD / INDIAN PASSPORT
- BUSINESS / VISITOR VISA
- H-1 B VISA PETITION
- STUDENT VISA
- RELIGIOUS VISA
- LEGAL SERVICES





Rosy (Kanwal) Kaur
Immigration Consultant / LDA

CALL FOR FREE INITIAL CONSULTATION !
Ph: 510-573-3666, 408-422-8585
Fremont Office 4127 Bay Street, Suite 5
Tracy Office 95 W. 11th Street, Suite 205
www.caials.com rosy@caials.com



SFO/LAX to DELHI
FARE as LOW as
Starting from
695 to 895
(including taxes)



Flights to Amritsar available at higher airfare
INFINITY TRAVEL (408-245-8444)
Low season fare subject to availability
Restrictions apply (cst# 1007726-10)



SINGH EXPRESS INC

- ਸਾਨੂੰ ਔਕਲੈਂਡ ਪੋਰਟ 'ਤੇ ਕੰਮ ਕਰਨ ਲਈ ਏ ਕਲਾਸ ਡਰਾਈਵਰਾਂ ਦੀ ਲੋੜ ਹੈ।
- ਸੋਮਵਾਰ ਤੋਂ ਸ਼ੁੱਕਰਵਾਰ ਪੰਜ ਦਿਨ ਕੰਮ ਕਰਕੇ ਮਹੀਨੇ ਦਾ $4500 ਤੋਂ $5000 ਕਮਾਓ।
- ਕੰਮ ਕਰਨ ਲਈ ਵਧੀਆ ਅਤੇ ਅਰਾਮਦਾਇਕ ਮਾਹੌਲ
- ਰੋਜ਼ਾਨਾ ਸ਼ਾਮ ਨੂੰ ਘਰ ਜਾਓ
- ਅਸੀਂ ਸਾਲਾਨਾ ਬੋਨਸ ਵੀ ਦਿੰਦੇ ਹਾਂ
- ਅਸੀਂ ਪੋਰਟ 'ਤੇ ਸਭ ਤੋਂ ਜ਼ਿਆਦਾ ਪੈਸੇ ਦਿੰਦੇ ਹਾਂ।



ਹੋਰ ਜਾਣਕਾਰੀ ਲਈ ਹੇਠ ਲਿਖੇ ਫੋਨ ਨੰਬਰਾਂ 'ਤੇ ਸੰਪਰਕ ਕਰੋ
ਸਤਨਾਮ ਸਿੰਘ (510) 543-3778, ਕੰਵਲਜੀਤ ਸਿੰਘ (510) 598-7345, (510) 415-9901

# ਭਾਈ ਦਿਆ ਸਿੰਘ ਲਾਹੌਰੀਆ ਦੀ ਮਾਤਾ ਜੀ ਨੂੰ ਸ਼ਰਧਾਂਜਲੀ ਦੇਣ ਆਏ ਮੁਤਵਾਜ਼ੀ ਜਥੇਦਾਰਾਂ ਨੂੰ ਪੁਲੀਸ ਨੇ ਢਾਈ ਘੰਟੇ ਹਿਰਾਸਤ ਵਿਚ ਰੱਖਿਆ

**ਸੰਗਰੂਰ/ਬਿਊਰੋ ਨਿਊਜ਼ :** ਸਰਬੱਤ ਖ਼ਾਲਸਾ ਵੱਲੋਂ ਥਾਪੇ ਗਏ ਅਕਾਲ ਤਖਤ ਦੇ ਕਾਰਜਕਾਰੀ ਜਥੇਦਾਰ ਭਾਈ ਧਿਆਨ ਸਿੰਘ ਮੰਡ, ਤਖ਼ਤ ਦਮਦਮਾ ਸਾਹਿਬ ਤਲਵੰਡੀ ਸਾਬੋ ਦੇ ਜਥੇਦਾਰ ਭਾਈ ਬਲਜੀਤ ਸਿੰਘ ਦਾਦੂਵਾਲ ਅਤੇ ਤਖਤ ਕੇਸਗੜ੍ਹ ਸਾਹਿਬ ਦੇ ਜਥੇਦਾਰ ਭਾਈ ਅਮਰੀਕ ਸਿੰਘ ਅਜਨਾਲਾ ਨੂੰ ਸੰਗਰੂਰ ਪੁਲੀਸ ਵੱਲੋਂ ਕਰੀਬ ਢਾਈ ਘੰਟੇ ਆਪਣੀ ਹਿਰਾਸਤ ਅਧੀਨ ਇਥੇ ਰੈਸਟ ਹਾਊਸ ਵਿੱਚ ਰੱਖਿਆ ਗਿਆ ਅਤੇ ਦੇਰ ਸ਼ਾਮ ਕਰੀਬ ਸਾਢੇ ਛੇ ਵਜੇ ਤਿੰਨਾਂ ਨੂੰ ਛੱਡਿਆ ਗਿਆ। ਤਿੰਨੇ ਮੁਤਵਾਜ਼ੀ ਜਥੇਦਾਰ ਸੰਦੌੜ ਨੇੜਲੇ ਪਿੰਡ ਕਸਬਾ ਭਰਾਲ ਵਿੱਚ ਭਾਈ ਦਿਆ ਸਿੰਘ ਲਾਹੌਰੀਆ ਦੀ ਮਾਤਾ ਦੀ ਅੰਤਿਮ ਅਰਦਾਸ ਵਿੱਚ ਸ਼ਾਮਲ ਹੋਣ ਲਈ ਆਏ ਸਨ। ਪੁਲੀਸ ਵੱਲੋਂ ਛੱਡੇ ਜਾਣ ਮਗਰੋਂ ਭਾਈ ਮੰਡ ਨੇ ਇੱਥੇ ਰੈਸਟ ਹਾਊਸ ਦੇ ਬਾਹਰ ਗੱਲਬਾਤ ਕਰਦਿਆਂ ਦੱਸਿਆ ਕਿ ਸ਼ਰਧਾਂਜਲੀ ਸਮਾਗਮ ਤੋਂ ਬਾਅਦ ਜਿਉਂ ਹੀ ਉਹ ਤਿੰਨੇ ਜਣੇ ਆਪਣੀਆਂ ਗੱਡੀਆਂ ਰਾਹੀਂ ਪਿੰਡੋਂ ਬਾਹਰ ਨਿਕਲੇ ਤਾਂ ਪੁਲੀਸ ਨੇ ਅੱਗੇ-ਪਿੱਛੇ ਗੱਡੀਆਂ ਲਗਾ ਕੇ ਉਨ੍ਹਾਂ ਨੂੰ ਰੋਕ ਲਿਆ ਅਤੇ ਆਪਣੇ ਨਾਲ ਲੈ ਗਈ। ਉਨ੍ਹਾਂ ਕਿਹਾ ਕਿ ਪੁਲੀਸ ਅਧਿਕਾਰੀ ਉਨ੍ਹਾਂ ਨੂੰ ਹਿਰਾਸਤ ਵਿੱਚ ਲਏ ਜਾਣ ਦਾ ਕਾਰਨ ਸਪਸ਼ਟ ਨਹੀਂ ਕਰ ਸਕੇ। ਉਨ੍ਹਾਂ ਦੱਸਿਆ ਕਿ ਸ਼ਾਮ ਚਾਰ ਵਜੇ ਪੁਲੀਸ ਹਿਰਾਸਤ ਵਿੱਚ ਲੈ ਕੇ ਉਨ੍ਹਾਂ ਨੂੰ ਇਥੇ ਰੈਸਟ ਹਾਊਸ ਲੈ ਆਈ ਅਤੇ ਕਰੀਬ ਸਾਢੇ ਛੇ ਵਜੇ ਛੱਡਿਆ ਗਿਆ। ਭਾਈ ਮੰਡ ਨੇ ਸਵਾਲ ਕੀਤਾ ਕਿ ਕੀ ਹੁਣ ਸਿੱਖਾਂ ਨੂੰ ਕਿਸੇ ਦੇ ਭੋਗ ਅਤੇ ਅੰਤਿਮ ਅਰਦਾਸ ਵਿੱਚ ਸ਼ਾਮਲ ਹੋਣ ਲਈ



ਸਰਕਾਰ ਤੋਂ ਮਨਜ਼ੂਰੀ ਲੈਣੀ ਪਵੇਗੀ। ਉਨ੍ਹਾਂ ਆਖਿਆ ਕਿ ਪੰਜਾਬ ਸਰਕਾਰ ਆਪਣਾ ਮਾਨਸਿਕ ਸਤੁੰਲਨ ਖੋ ਚੁੱਕੀ ਹੈ। ਉਨ੍ਹਾਂ ਇਸ ਨੂੰ ਮਨੁੱਖੀ ਅਧਿਕਾਰਾਂ ਦੀ ਉਲੰਘਣਾ ਕਰਾਰ ਦਿੱਤਾ। ਐਸ.ਪੀ. ਜਸਕਰਨਜੀਤ ਸਿੰਘ ਤੇਜਾ ਦਾ ਕਹਿਣਾ ਹੈ ਕਿ ਤਿੰਨੇ ਮੁਤਵਾਜ਼ੀ ਜਥੇਦਾਰ ਪਿੰਡ ਕਸਬਾ ਭਰਾਲ ਵਿਚ ਭੋਗ ਮੌਕੇ ਇਕੱਠੇ ਹੋਏ ਸਨ ਅਤੇ ਉਨ੍ਹਾਂ ਨੂੰ ਇਥੇ ਰੈਸਟ ਹਾਊਸ ਲਿਆਂਦਾ ਗਿਆ ਸੀ। ਕੁਝ ਸਮੇਂ ਬਾਅਦ ਹੀ ਭੇਜ ਦਿੱਤਾ ਗਿਆ ਸੀ। ਪੁਲੀਸ ਵੱਲੋਂ ਜਥੇਦਾਰਾਂ ਨੂੰ ਹਿਰਾਸਤ ਵਿੱਚ ਲੈਣ ਦਾ ਕੋਈ ਵੀ ਕਾਰਨ ਸਪਸ਼ਟ ਨਹੀਂ ਕੀਤਾ ਗਿਆ।

## ਭਾਈ ਲਾਹੌਰੀਆ ਨੂੰ ਤਿੰਨ ਘੰਟਿਆਂ ਦੀ ਪੈਰੋਲ ਮਿਲੀ

**ਸੰਦੌੜ/ਬਿਊਰੋ ਨਿਊਜ਼ :** ਪਿਛਲੇ 22 ਸਾਲਾਂ ਤੋਂ ਵੱਖ-ਵੱਖ ਜੇਲ੍ਹਾਂ ਵਿੱਚ ਨਜ਼ਰਬੰਦ ਭਾਈ ਦਿਆ ਸਿੰਘ ਲਾਹੌਰੀਆ ਨੂੰ ਆਪਣੀ ਮਾਤਾ ਦੀ ਅੰਤਿਮ ਅਰਦਾਸ ਵਿੱਚ ਸ਼ਾਮਲ ਹੋਣ ਲਈ ਤਿੰਨ ਘੰਟਿਆਂ ਦੀ ਕਸਟਡੀ ਪੈਰੋਲ ਮਿਲੀ। ਉਹ ਆਪਣੇ ਜੱਦੀ ਪਿੰਡ ਭੁਰਾਲ ਪੁੱਜਿਆ। ਦਿੱਲੀ ਪੁਲੀਸ ਵੱਲੋਂ ਭਾਰੀ ਸੁਰੱਖਿਆ ਪ੍ਰਬੰਧਾਂ ਹੇਠ ਭਾਈ ਲਾਹੌਰੀਆ ਨੂੰ ਸ਼ਰਧਾਂਜਲੀ ਸਮਾਗਮ ਵਿੱਚ ਲਿਜਾਇਆ ਗਿਆ ਪਰ ਉਹ ਵੀ ਆਪਣੇ ਜੱਦੀ ਘਰ ਨਾ ਜਾ ਸਕਿਆ। ਸ਼ਰਧਾਂਜਲੀ ਸਮਾਗਮ ਮੌਕੇ ਸ਼੍ਰੋਮਣੀ ਅਕਾਲੀ ਦਲ (ਅ) ਦੇ ਪ੍ਰਧਾਨ ਸਿਮਰਨਜੀਤ ਸਿੰਘ ਮਾਨ ਨੇ ਦੋਸ਼ ਲਾਇਆ ਕਿ ਪੁਲੀਸ ਵੱਲੋਂ ਭਾਈ ਲਾਹੌਰੀਆ ਸਮੇਤ ਉਨ੍ਹਾਂ ਦੇ ਪਰਿਵਾਰ 'ਤੇ ਤਸ਼ੱਦਦ ਕੀਤਾ ਗਿਆ ਪਰ ਇਸ ਔਖੇ ਸਮੇਂ ਵਿੱਚ ਵੀ ਪਰਿਵਾਰ ਪੂਰੀ ਤਰ੍ਹਾਂ ਅਡੋਲ ਰਿਹਾ। ਮੁਤਵਾਜ਼ੀ ਜਥੇਦਾਰ ਭਾਈ ਧਿਆਨ ਸਿੰਘ ਮੰਡ ਨੇ ਮਾਤਾ ਈਸ਼ਰ ਕੌਰ ਦੇ ਜੀਵਨ 'ਤੇ ਚਾਨਣਾ ਪਾਉਂਦਿਆਂ ਭਾਈ ਲਾਹੌਰੀਆ ਦੇ ਜਜ਼ਬੇ ਦੀ ਤਾਰੀਫ ਕੀਤੀ। ਇਸ ਮੌਕੇ ਜਥੇਦਾਰ ਬਲਜੀਤ ਸਿੰਘ ਦਾਦੂਵਾਲ, ਜਥੇਦਾਰ ਅਮਰੀਕ ਸਿੰਘ ਅਜਨਾਲਾ, ਅਕਾਲ ਤਖ਼ਤ ਦੇ ਸਾਬਕਾ ਜਥੇਦਾਰ ਰਣਜੀਤ ਸਿੰਘ, ਸ਼੍ਰੋਮਣੀ ਕਮੇਟੀ ਦੇ ਐਗਜ਼ੈਕੇਟਿਵ ਮੈਂਬਰ ਕਰਨੈਲ ਸਿੰਘ ਪੰਜੋਲੀ, ਭਾਈ ਜਸਵੀਰ ਸਿੰਘ ਰੋਡੇ, ਸ਼੍ਰੋਮਣੀ ਕਮੇਟੀ ਮੈਂਬਰ ਜੈਪਾਲ ਸਿੰਘ ਮੰਡੀਆਂ ਵੀ ਹਾਜ਼ਰ ਸਨ।

# ਭਾਰਤ-ਪਾਕਿ ਜੰਗ ਹੋਈ ਤਾਂ ਸਿੱਖਾਂ ਨੂੰ ਵੱਧ ਨੁਕਸਾਨ ਹੋਵੇਗਾ : ਸਿਮਰਨਜੀਤ ਸਿੰਘ ਮਾਨ

**ਸੁਨਾਮ/ਬਿਊਰੋ ਨਿਊਜ਼ :**
ਸ਼੍ਰੋਮਣੀ ਅਕਾਲੀ ਦਲ (ਅੰਮ੍ਰਿਤਸਰ) ਦੇ ਪ੍ਰਧਾਨ ਸਿਮਰਨਜੀਤ ਸਿੰਘ ਮਾਨ ਨੇ ਇੱਥੇ ਕਿਹਾ ਕਿ ਜੇਕਰ ਭਾਰਤ ਅਤੇ ਪਾਕਿਸਤਾਨ ਵਿਚਾਲੇ ਜੰਗ ਹੁੰਦੀ ਹੈ ਤਾਂ ਉਸ ਦਾ ਸਭ ਤੋਂ ਵੱਡਾ ਨੁਕਸਾਨ ਪੰਜਾਬ ਨੂੰ ਹੋਵੇਗਾ। ਉਨ੍ਹਾਂ ਕਿਹਾ ਕਿ ਸਾਨੂੰ ਇਹ ਯਾਦ ਰੱਖਣਾ ਚਾਹੀਦਾ ਹੈ ਕਿ ਜੰਗ ਦੌਰਾਨ ਪ੍ਰਮਾਣੂ ਹਥਿਆਰ ਵਰਤੇ ਜਾਣਗੇ, ਜਿਨ੍ਹਾਂ ਦਾ ਸਭ ਤੋਂ ਵੱਧ ਮਾਰੂ



ਅਸਰ ਪੰਜਾਬ, ਹਰਿਆਣਾ, ਰਾਜਸਥਾਨ, ਹਿਮਾਚਲ ਪ੍ਰਦੇਸ਼ ਅਤੇ ਚੰਡੀਗੜ੍ਹ 'ਤੇ ਹੋਵੇਗਾ। ਇੱਥੇ ਜ਼ਿਆਦਾ ਗਿਣਤੀ ਸਿੱਖਾਂ ਦੀ ਹੈ। ਇਹ ਜੰਗ ਸਿੱਖਾਂ ਦੀ ਨਸਲਕੁਸ਼ੀ ਸਾਬਤ ਹੋਵੇਗੀ।

ਪੰਜਾਬ ਵਿਧਾਨ ਸਭਾ ਚੋਣਾਂ ਬਾਰੇ ਉਨ੍ਹਾਂ ਕਿਹਾ ਕਿ ਸਾਰੀਆਂ ਮੁੱਖ ਪਾਰਟੀਆਂ ਦਿੱਲੀ ਜਾਂ ਨਾਗਪੁਰ ਤੋਂ ਬੈਠ ਕੇ ਚਲਾਈਆਂ ਜਾਂਦੀਆਂ ਹਨ। ਉਨ੍ਹਾਂ ਕਿਹਾ ਕਿ ਇਹ ਚੋਣਾਂ ਪੰਜਾਬ ਦੇ ਮੁੱਦਿਆਂ ਦੀਆਂ ਚੋਣਾਂ ਹਨ ਅਤੇ ਇਨ੍ਹਾਂ ਚੋਣਾਂ ਨੂੰ ਉਨ੍ਹਾਂ ਦੀ ਪਾਰਟੀ ਸਰਬੱਤ ਖ਼ਾਲਸਾ ਜਥੇਬੰਦੀਆਂ ਨਾਲ ਮਿਲ ਕੇ ਲੜੇਗੀ। ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਬਾਰੇ ਉਨ੍ਹਾਂ ਕਿਹਾ ਕਿ ਇਸ ਕਮੇਟੀ ਨੂੰ ਕਰੀਬ ਪੰਜ ਸਾਲਾਂ ਲਈ ਮੁਅੱਤਲ ਕਰਨਾ ਸਿੱਖ ਕੌਮ ਲਈ ਮੰਦਭਾਗਾ ਸੀ। ਉਨ੍ਹਾਂ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਚੋਣਾਂ ਕਰਵਾਏ ਜਾਣ ਦੀ ਮੰਗ ਕੀਤੀ।


When tired of all treatments for
any disease at any age Try
HOMEOPATHIC
Experienced Consultant Physician since 1973
American Red Cross
ਹੋਰ ਇਲਾਜਾਂ ਤੋਂ ਥਕ ਗਏ ਹੋ ਤਾਂ ਹੋਮੀਓਪੈਥੀ ਅਜਮਾਓ
We sell homeopathic medicines
ਅਰਥਰਾਈਟਸ, ਦਮਾ, ਸ਼ੂਗਰ, ਬਲੱਡ ਪ੍ਰੈਸ਼ਰ, ਪੱਥਰੀ, ਖਾਰਿਸ਼, ਮੁਹਾਸੇ,
ਵਜ਼ਨ ਦਾ ਘਟਣਾ ਜਾਂ ਵਧਣਾ, ਜਨਾਨਾ ਤੇ ਮਰਦਾਨਾ ਕਮਜ਼ੋਰੀ ਦਾ ਪੱਕਾ ਇਲਾਜ
7021 Village Parkway Dublin CA 94568



GURDIP SINGH SANDHU
DHMS-Gold Medalist, BAMS, MDEH. - INDIA
Ex Principal, Prof., Chief Medical Officer,
Ex Member NCH and CA Homeomedical Society
Working under act SB 577 state of CA
Office: 408.729.6691
Cell: 408.687.1899
email: homeomedicine@yahoo.com
www.homeopathyatoz.com
ਡਾ. ਸੰਧੂ ਦੇ ਸਿਹਤ ਵਿਗਿਆਨ ਸਬੰਧੀ ਲੈਕਚਰ 'ਰੇਡੀਓ ਪੰਜਾਬ' ਬੁੱਧਵਾਰ ਸ਼ਾਮ 4:00 ਵਜੇ ਤੋਂ 5:30 ਵਜੇ ਤੱਕ
ਅਤੇ 'ਰੇਡੀਓ 1170AM' ਉੱਤੇ ਮੰਗਲਵਾਰ ਸਵੇਰੇ 10:00 ਵਜੇ ਤੋਂ 10:30 ਵਜੇ ਤੱਕ ਸੁਣੋ

Hassle Free Buying and Selling!
Real EstateWe can Help to
Buy and Sell Your Home.
CA DRE# 01929644
EXCEL REALTY AND MORTGAGE
For People Who Believe In Home!!!!
Real Estate, Loans
ਸੈਕਰਾਮੈਂਟੋ ਜਾਂ ਨਾਲ ਲਗਦੇ ਏਰੀਏ ਵਿਚ ਨਵਾਂ ਜਾਂ ਪੁਰਾਣਾ ਘਰ
ਖਰੀਦਣ ਜਾਂ ਵੇਚਣ ਦੇ ਲਈ ਕਾਲ ਕਰੋ। ਆਪਣੇ ਘਰ ਦੀ
ਕੀਮਤ ਦੀ Free ਅਤੇ Correct ਸਲਾਹ ਲੈਣ
ਲਈ ਅੱਜ ਹੀ ਕਾਲ ਕਰੋ।



Kulwinder Kaur K.D.
Cell 916-212-0123
e-mail kdkaur9@yahoo.com



PMZ
REAL ESTATE
SINCE 1957
MLS



ਰੀਅਲ ਅਸਟੇਟ ਦੀਆਂ ਰਿਹਾਇਸ਼ੀ ਅਤੇ ਕਾਰੋਬਾਰੀ
ਸਾਰੀਆਂ ਸੇਵਾਵਾਂ ਇਕੋ ਥਾਂ 'ਤੇ ਪ੍ਰਾਪਤ ਕਰੋ
ਅਸੀਂ ਤੁਹਾਡਾ ਮਨ-ਭਾਉਂਦਾ ਘਰ ਜਾਂ ਕਾਰੋਬਾਰ
ਲੱਭਣਾ ਅਸਾਨ ਬਣਾਉਂਦੇ ਹੋਏ, ਤੁਹਾਨੂੰ ਹਰ ਕਦਮ
'ਤੇ ਮਦਦ ਮੁਹੱਈਆ ਕਰਵਾਉਣ ਲਈ ਵਚਨਬੱਧ ਹਾਂ
ਰੀਅਲ ਅਸਟੇਟ ਦੀ ਕਿਸੇ ਵੀ
ਸੇਵਾ ਲਈ ਹਮੇਸ਼ਾ ਯਾਦ ਰੱਖੋ
ਫੋਨ: 510.557.6988
ਫੈਕਸ : 209.474.6988 ਈਮੇਲ : rsingh@PMZ.com
Ca BRE#01865635



ਰਾਜਿੰਦਰ ਸਿੰਘ
www.rsingh.pmz.com
3516 Deer Park Dr., Suit A
Stockton, CA 95219

# ਪਟਨਾ ਸਾਹਿਬ ਵਿਖੇ 3 ਦਿਨਾਂ ਕੌਮਾਂਤਰੀ ਸਿੱਖ ਸੰਮੇਲਨ

## ਬਾਦਲ ਵਲੋਂ ਲੋਕਾਂ ਨੂੰ ਸ੍ਰੀ ਗੁਰੂ ਗੋਬਿੰਦ ਸਿੰਘ ਵਲੋਂ ਦਰਸਾਏ ਮਾਰਗ 'ਤੇ ਚੱਲਣ ਦਾ ਸੁਨੇਹਾ

**ਪਟਨਾ ਸਾਹਿਬ (ਬਿਹਾਰ)/ਬਿਊਰੋ ਨਿਊਜ਼ :**
ਮੁੱਖ ਮੰਤਰੀ ਸ. ਪ੍ਰਕਾਸ਼ ਸਿੰਘ ਬਾਦਲ ਨੇ ਦੇਸ਼ ਵਿਚ ਜਾਤ-ਪਾਤ, ਊਚ-ਨੀਚ ਸਮੇਤ ਹੋਰ ਸਮਾਜਿਕ ਅਲਾਮਤਾਂ 'ਤੇ ਚਿੰਤਾ ਜ਼ਾਹਰ ਕਰਦਿਆਂ ਦੇਸ਼ ਵਾਸੀਆਂ ਨੂੰ ਅਜਿਹੀਆਂ ਬੁਰਾਈਆਂ ਦੇ ਖਾਤਮੇ ਲਈ ਸਰਬੰਸਦਾਨੀ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਵੱਲੋਂ ਬਰਾਬਰੀ, ਮਾਨਵਤਾ ਤੇ ਧਰਮ ਨਿਰਪੱਖਤਾ ਦੇ ਦਰਸਾਏ ਮਾਰਗ 'ਤੇ ਚੱਲਣ ਦਾ ਸੱਦਾ ਦਿੱਤਾ ਹੈ। ਦਸਮੇਸ਼ ਪਿਤਾ ਦੇ ਜਨਮ ਅਸਥਾਨ ਪਟਨਾ ਸਾਹਿਬ ਵਿਖੇ ਗੁਰੂ ਸਾਹਿਬ ਜੀ ਦੇ 350ਵੇਂ ਪ੍ਰਕਾਸ਼ ਪੁਰਬ ਨੂੰ ਸਮਰਪਿਤ ਹੋਣ ਵਾਲੇ ਸਮਾਗਮਾਂ ਦੀ ਲੜੀ ਵਜੋਂ ਦੁਨੀਆ ਭਰ ਤੋਂ ਪਹੁੰਚੀਆਂ ਸਿੱਖ ਸ਼ਖ਼ਸੀਅਤਾਂ ਅਤੇ ਵੱਡੀ ਗਿਣਤੀ ਵਿਚ ਹਾਜ਼ਰ ਸੰਗਤਾਂ ਦੀ ਮੌਜੂਦਗੀ ਵਿਚ ਤਿੰਨ ਦਿਨਾਂ ਕੌਮਾਂਤਰੀ ਸਿੱਖ ਸੰਮੇਲਨ ਦੇ ਉਦਘਾਟਨੀ ਸਮਾਰੋਹ ਨੂੰ ਸੰਬੋਧਨ ਕਰਦਿਆਂ ਮੁੱਖ ਮੰਤਰੀ ਨੇ ਕਿਹਾ ਕਿ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦਾ ਮਹਾਨ ਜੀਵਨ ਤੇ ਵਿਚਾਰਧਾਰਾ ਨਾ ਸਿਰਫ ਦੇਸ਼ ਨੂੰ ਇਕਜੁਟ ਕਰ ਸਕਦੀ ਹੈ ਸਗੋਂ ਭਾਰਤ ਨੂੰ ਵਿਸ਼ਵ ਦਾ ਮੋਹਰੀ ਮੁਲਕ ਬਣਾਉਣ ਵਿਚ ਵੀ ਸਹਾਈ ਹੋ ਸਕਦੀ ਹੈ। ਉਨ੍ਹਾਂ ਕਿਹਾ ਕਿ ਗੁਰੂ ਸਾਹਿਬ ਜੀ ਵੱਲੋਂ ਦਰਸਾਏ ਮਾਰਗ 'ਤੇ ਚੱਲ ਕੇ ਹੀ ਜਾਤ-ਪਾਤ ਤੇ ਸਮਾਜਿਕ ਨਾ-ਬਰਾਬਰੀ ਵਰਗੀਆਂ ਬੁਰਾਈਆਂ ਤੋਂ ਮੁਕਤੀ ਪਾਈ ਜਾ ਸਕਦੀ ਹੈ। ਕੌਮਾਂਤਰੀ ਸਿੱਖ ਸੰਮੇਲਨ ਦੀ ਸਫ਼ਲ ਸ਼ੁਰੂਆਤ ਲਈ ਬਿਹਾਰ ਦੇ ਮੁੱਖ ਮੰਤਰੀ ਸ੍ਰੀ ਨਿਤੀਸ਼ ਕੁਮਾਰ ਨੂੰ ਵਧਾਈ ਦਿੰਦਿਆਂ ਸ. ਬਾਦਲ ਨੇ ਕਿਹਾ ਕਿ ਅਜਿਹੇ ਉੱਦਮ ਮੁਲਕ ਵਿਚ ਅਮਨ-ਸ਼ਾਂਤੀ, ਫਿਰਕੂ ਸਦਭਾਵਨਾ ਅਤੇ ਏਕਤਾ ਦੀਆਂ ਤੰਦਾਂ ਨੂੰ ਹੋਰ ਮਜ਼ਬੂਤ ਕਰਦੇ ਹਨ। ਮੁੱਖ ਮੰਤਰੀ ਨੇ ਕਿਹਾ ਕਿ ਪੰਜਾਬੀਆਂ ਖਾਸ ਤੌਰ 'ਤੇ ਸਿੱਖਾਂ ਨੇ ਆਪਣੇ ਮਹਾਨ ਸਿੱਖ ਗੁਰੂਆਂ ਦੀ ਕੁਰਬਾਨੀ ਤੇ ਬਹਾਦਰੀ ਦੀ ਵਿਰਾਸਤ 'ਤੇ ਸਦਾ ਹੀ ਪਹਿਰਾ ਦਿੱਤਾ ਹੈ, ਜਿਨ੍ਹਾਂ ਨੇ ਹਮੇਸ਼ਾਂ ਹੀ ਜਬਰ-ਜ਼ੁਲਮ, ਦਮਨ ਅਤੇ ਅਨਿਆਂ ਖ਼ਿਲਾਫ਼ ਡੱਟਣ ਦੀ ਸਿੱਖਿਆ ਦਿੱਤੀ ਸੀ। ਭਾਰਤ ਦੀ ਆਜ਼ਾਦੀ ਸੰਘਰਸ਼ ਵਿਚ ਪੰਜਾਬੀਆਂ ਵੱਲੋਂ ਪਾਏ ਲਾਮਿਸਾਲ ਯੋਗਦਾਨ ਨੂੰ ਚੇਤੇ ਕਰਦਿਆਂ ਮੁੱਖ ਮੰਤਰੀ ਨੇ ਕਿਹਾ ਕਿ ਮੁਲਕ ਦੀ ਆਬਾਦੀ ਦਾ ਦੋ ਫੀਸਦੀ ਹਿੱਸਾ ਹੋਣ ਦੇ ਬਾਵਜੂਦ ਪੰਜਾਬ ਨੇ ਆਜ਼ਾਦੀ ਸੰਘਰਸ਼ ਵਿਚ 80 ਫੀਸਦੀ ਕੁਰਬਾਨੀਆਂ ਦਿੱਤੀਆਂ। ਉਨ੍ਹਾਂ ਕਿਹਾ ਕਿ ਇਹ ਸਾਡੇ ਸਾਰਿਆਂ ਲਈ ਗੌਰਵਮਈ ਹੈ ਕਿ ਕੂਕਾ ਲਹਿਰ, ਗਦਰ ਲਹਿਰ, ਕਾਮਾਗਾਟਾਮਾਰੂ, ਗੁਰਦੁਆਰਾ ਸੁਧਾਰ ਲਹਿਰ ਅਤੇ ਬੱਬਰ ਵਰਗੀਆਂ ਲਹਿਰਾਂ ਪੰਜਾਬੀਆਂ ਦੀ ਸੂਰਬੀਰਤਾਂ ਤੇ ਵਤਨਪ੍ਰਸਤੀ ਦੀ ਸ਼ਾਹਦੀ ਭਰਦੀਆਂ ਹਨ। ਮੁੱਖ ਮੰਤਰੀ ਨੇ ਕਿਹਾ ਕਿ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦਾ ਜਨਮ ਅਸਥਾਨ ਪਟਨਾ ਸਾਹਿਬ ਇਸ ਪਵਿੱਤਰ ਤੇ ਇਤਿਹਾਸਕ ਮੌਕੇ ਕੇਂਦਰੀ ਧੁਰੇ ਵਜੋਂ ਉੱਭਰੇਗਾ। ਇਸ ਮੌਕੇ ਮੁੱਖ ਮੰਤਰੀ ਨੇ ਪੰਜਾਬ ਸਰਕਾਰ ਦੀ ਤਰਫੋਂ ਸ੍ਰੀ ਨਿਤੀਸ਼ ਕੁਮਾਰ ਨੂੰ ਪਟਨਾ ਸਾਹਿਬ ਵਿਖੇ ਸ੍ਰੀ ਗੁਰੂ ਗੋਬਿੰਦ ਸਿੰਘ ਭਵਨ ਦੀ ਉਸਾਰੀ ਲਈ 10 ਕਰੋੜ ਦਾ ਚੈੱਕ ਸੌਂਪਿਆ। ਬਿਹਾਰ ਦੇ ਮੁੱਖ ਮੰਤਰੀ ਸ੍ਰੀ ਨਿਤੀਸ਼ ਕੁਮਾਰ ਨੇ ਕਿਹਾ ਕਿ ਇਸ ਸੰਮੇਲਨ ਦਾ ਉਦੇਸ਼ ਮੁਲਕ ਵਿਚ ਪਿਆਰ, ਭਾਈਚਾਰਕ ਸਾਂਝ, ਸਦਭਾਵਨਾ ਦਾ ਸੁਨੇਹਾ ਫੈਲਾਉਣਾ ਹੈ। ਉਨ੍ਹਾਂ ਕਿਹਾ ਕਿ ਸਾਲ 1966 ਵਿਚ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦਾ ਤਿੰਨ ਸੌ ਸਾਲਾ ਪ੍ਰਕਾਸ਼ ਪੁਰਬ ਵੀ ਪੂਰੇ ਉਤਸ਼ਾਹ ਨਾਲ ਮਨਾਇਆ ਗਿਆ ਸੀ। ਉਨ੍ਹਾਂ ਕਿਹਾ ਕਿ ਮੈਨੂੰ ਇਸ ਗੱਲ ਦਾ ਗੌਰਵ ਹੈ ਕਿ 350ਵੇਂ ਪ੍ਰਕਾਸ਼ ਪੁਰਬ ਮੌਕੇ ਮੁੱਖ ਮੰਤਰੀ ਵਜੋਂ ਸੇਵਾ ਨਿਭਾਉਣ ਦਾ ਮੌਕਾ ਮਿਲ

ਬਾਕੀ ਸਫ਼ਾ 32 'ਤੇ



ਪਟਨਾ ਸਾਹਿਬ ਵਿਖੇ ਪਹਿਲੇ ਕੌਮਾਂਤਰੀ ਸਿੱਖ ਸੰਮੇਲਨ ਦਾ ਸ਼ਮ੍ਹਾਂ ਰੌਸ਼ਨ ਕਰ ਕੇ ਉਦਘਾਟਨ ਕਰਦੇ ਪੰਜਾਬ ਦੇ ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਅਤੇ ਬਿਹਾਰ ਦੇ ਮੁੱਖ ਮੰਤਰੀ ਨਿਤਿਸ਼ ਕੁਮਾਰ।

### ਦਸਮੇਸ਼ ਪਿਤਾ ਨੇ ਸਰਬੰਸ ਵਾਰ ਕੇ ਲੋਕਾਂ ਦੀ ਰਾਖੀ ਕੀਤੀ : ਡਾ. ਜਸਪਾਲ ਸਿੰਘ

ਪੰਜਾਬੀ ਯੂਨੀਵਰਸਿਟੀ ਪਟਿਆਲਾ ਦੇ ਉਪ-ਕੁਲਪਤੀ ਡਾ. ਜਸਪਾਲ ਸਿੰਘ ਨੇ ਪਟਨਾ ਸਾਹਿਬ ਵਿਖੇ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ 350ਵੇਂ ਪ੍ਰਕਾਸ਼ ਪੁਰਬ ਨੂੰ ਸਮਰਪਿਤ ਤਿੰਨ ਰੋਜ਼ਾ ਕੌਮਾਂਤਰੀ ਸਿੱਖ ਸੰਮੇਲਨ ਦੇ ਦੂਜੇ ਦਿਨ ਦੇ ਪਹਿਲੇ ਸੈਸ਼ਨ ਦੌਰਾਨ 'ਸ੍ਰੀ ਗੁਰੂ ਗੋਬਿੰਦ ਸਿੰਘ-ਰੂਹਾਨੀ ਮੁਕਤੀ ਦਾਤਾ ਤੇ ਮਨੁੱਖੀ ਅਧਿਕਾਰਾਂ ਦਾ ਰਾਖਾ' 'ਤੇ ਕਰਵਾਈ ਵਿਚਾਰ-ਚਰਚਾ ਮੌਕੇ ਪ੍ਰਧਾਨਗੀ ਭਾਸ਼ਣ ਦਿੰਦਿਆਂ ਕਿਹਾ ਕਿ ਦਸਮੇਸ਼ ਪਿਤਾ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਜਿੱਥੇ ਬੇਇਨਸਾਫ਼ੀ, ਜਬਰ-ਜ਼ੁਲਮ, ਜਾਤੀ ਭੇਦ-ਭਾਵ ਤੇ ਅਨਿਆਂ ਖਿਲਾਫ ਆਵਾਜ਼ ਉਠਾਈ ਉੱਥੇ ਧਾਰਮਿਕ ਆਜ਼ਾਦੀ ਤੇ ਮਨੁੱਖੀ ਅਧਿਕਾਰਾਂ ਦੀ ਰਾਖੀ ਲਈ ਆਪਣਾ ਸਰਬੰਸ ਵਾਰ ਕੇ ਦੱਬੇ-ਕੁਚਲੇ ਤੇ ਮਜ਼ਲੂਮ ਲੋਕਾਂ ਨੂੰ ਭੈਅਮੁਕਤ ਕਰਕੇ ਰਾਜ ਸੱਤਾ ਦੇ ਹੱਕਦਾਰ ਬਣਾਇਆ। ਇਸ ਮੌਕੇ ਕੌਮੀ ਘੱਟ ਗਿਣਤੀ ਕਮਿਸ਼ਨ ਦੇ ਸਾਬਕਾ ਚੇਅਰਮੈਨ ਤਰਲੋਚਨ ਸਿੰਘ ਨੇ ਕਿਹਾ ਕਿ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਮਹਾਨ ਜੀਵਨ ਤੇ ਫਲਸਫੇ ਦਾ ਪ੍ਰਸਾਰ ਕਰਨ ਲਈ ਕੇਂਦਰ ਸਰਕਾਰ, ਪੰਜਾਬ ਸਰਕਾਰ ਤੇ ਬਿਹਾਰ ਸਰਕਾਰ ਵੱਲੋਂ ਹੁਣ ਤੋਂ ਹੀ ਸਾਂਝਾ ਉੱਦਮ ਆਰੰਭ ਦਿੱਤਾ ਜਾਵੇ। ਇਸ ਦੌਰਾਨ ਇੰਟਰਨੈਸ਼ਨਲ ਸਿੱਖ ਸੈਂਟਰ ਫਾਰ ਇੰਟਰਫੇਥ ਰਿਲੇਸ਼ਨ ਹੈਦਰਾਬਾਦ ਦੇ ਮੁਖੀ ਡਾ. ਨਾਨਕ ਸਿੰਘ ਨਿਸ਼ਤਰ ਸਿੱਖ ਸਟਡੀਜ਼ ਅਮਰੀਕਾ ਦੇ ਸੇਵਾਮੁਕਤ ਪ੍ਰੋ. ਗੁਰਿੰਦਰ ਸਿੰਘ ਮਾਨ, ਸਿਵਲ ਇੰਜਨੀਅਰਿੰਗ ਸੰਤਾ ਕਲਾਰਾ ਯੂਨੀਵਰਸਿਟੀ ਕੈਲੀਫੋਰਨੀਆ ਦੇ ਪ੍ਰੋ. ਡਾ. ਸੁਖਮੰਦਰ ਸਿੰਘ, ਵਰਜੀਨੀਆ ਤੋਂ ਸ੍ਰੀ ਸੁਰਿੰਦਰ ਸਿੰਘ ਰਹੇਜਾ, ਪੰਜਾਬੀ ਯੂਨੀਵਰਸਿਟੀ ਦੇ ਪ੍ਰੋ. ਡਾ. ਪਰਮਵੀਰ ਸਿੰਘ, ਪ੍ਰੋ. ਸਮਸ਼ੇਰ ਸਿੰਘ ਤੇ ਮੁਹੰਮਦ ਹਬੀਬ ਹਬੀਬੀ, ਡਾ. ਹਰਬੰਸ ਕੌਰ ਸੱਗੂ, ਪ੍ਰੋ. ਭੁਪਿੰਦਰ ਸਿੰਘ ਦਿੱਲੀ, ਨਿਸ਼ਕਾਮ ਸੇਵਕ ਜਥਾ ਤੋਂ ਭਾਈ ਸੁਖਬੀਰ ਸਿੰਘ, ਲੈਫਟੀਨੈਂਟ ਜਨਰਲ ਕੇ. ਐਸ. ਗਿੱਲ ਨੇ ਵੀ ਆਪਣੇ ਵਿਚਾਰ ਰੱਖੇ। ਦੂਜੇ ਸੈਸ਼ਨ ਦਾ ਵਿਸ਼ਾ 'ਸ੍ਰੀ ਗੁਰੂ ਗੋਬਿੰਦ ਸਿੰਘ-ਇਕ ਉਚ ਚੋਟੀ ਦੇ ਕਵੀ' ਸੀ, ਜਿਸ ਦੌਰਾਨ ਡਾ. ਹਰਭਜਨ ਸਿੰਘ, ਡਾ. ਬਲਬੀਰ ਸਿੰਘ ਭਸੀਨ, ਡਾ. ਮਨਜੀਤ ਸਿੰਘ, ਅਚਾਰੀਆ ਕਮਲ ਕੁਨਾਲ, ਲਾਲ ਮੋਹਰ ਉਪਾਧਿਆ, ਡਾ. ਹਰਮਿੰਦਰ ਸਿੰਘ ਬੇਦੀ, ਗੁਰਜੀਤ ਸਿੰਘ ਬੈਂਸ, ਜਸਵਾਲ ਅਵਿਨਾਸ਼, ਸਰਬਜੀਤ ਸਿੰਘ ਤੇ ਡਾ. ਸੁਖਦਿਆਲ ਸਿੰਘ ਨੇ ਕਿਹਾ ਕਿ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਨਾ ਸਿਰਫ ਤਲਵਾਰ ਨਾਲ ਬਲਕਿ ਕਲਮ ਨਾਲ ਵੀ ਜਬਰ ਜ਼ੁਲਮ ਖਿਲਾਫ ਆਵਾਜ਼ ਉਠਾਈ।

### ਪਟਨਾ : ਮਰੀਜ਼ਾਂ ਦੀ ਸੇਵਾ ਕਰਨ ਵਾਲੇ ਸਿੱਖ ਸ਼ਰਧਾਲੂ ਗੁਰਮੀਤ ਸਿੰਘ ਨੂੰ ਲੰਡਨ ਤੋਂ ਐਵਾਰਡ ਲਈ ਸੱਦਾ



ਗੁਰਮੀਤ ਸਿੰਘ ਪਟਨਾ ਵਿੱਚ ਆਪਣੀ ਦੁਕਾਨ ਵਿਚ ਗੱਲਬਾਤ ਕਰਦੇ ਹੋਏ।

**ਪਟਨਾ/ਬਿਊਰੋ ਨਿਊਜ਼ :**
ਬੀਤੇ 25 ਸਾਲਾਂ ਤੋਂ ਬਿਹਾਰ ਸਰਕਾਰ ਦੇ ਪਟਨਾ ਮੈਡੀਕਲ ਕਾਲਜ ਤੇ ਹਸਪਤਾਲ (ਪੀਐਮਸੀਐਚ) ਵਿਚਲੇ ਲਾਵਾਰਿਸ ਮਰੀਜ਼ਾਂ ਦੇ ਵਾਰਡ ਵਿੱਚ ਦਾਖ਼ਲ ਮਰੀਜ਼ਾਂ ਨੂੰ ਰੋਜ਼ਾਨਾ ਰਾਤ ਦਾ ਖਾਣਾ ਖਵਾਉਣ ਤੇ ਦਵਾਈਆਂ ਦੇਣ ਦੀ ਸੇਵਾ ਨਿਭਾਉਂਦੇ ਆ ਰਹੇ ਸਿੱਖ ਸ਼ਰਧਾਲੂ ਗੁਰਮੀਤ ਸਿੰਘ (58) ਨੂੰ ਲੰਡਨ ਆਧਾਰਤ ਸਮਾਜਕ ਸੰਸਥਾ 'ਦਿ ਸਿੱਖ ਡਾਇਰੈਕਟਰੀ' ਨੇ ਐਵਾਰਡ ਦੇਣ ਲਈ ਸੱਦਿਆ ਹੈ। ਸੰਸਥਾ ਨੇ ਉਨ੍ਹਾਂ ਦੀ ਆਪਣੇ 'ਵਰਲਡ ਸਿੱਖ ਐਵਾਰਡਜ਼' ਤਹਿਤ ਇਸ ਸਾਲ ਦਾ 'ਸਿੱਖਸ ਇਨ ਸੇਵਾ' ਪੁਰਸਕਾਰ ਦੇਣ ਲਈ ਚੋਣ ਕੀਤੀ ਹੈ।

ਗ਼ੌਰਤਲਬ ਹੈ ਕਿ ਬਿਹਾਰ ਸਰਕਾਰ ਪਿਛਲੇ ਦਿਨੀਂ ਗੁਰੂ ਗੋਬਿੰਦ ਸਿੰਘ ਦੇ 350 ਸਾਲਾ ਜਨਮ ਦਿਹਾੜੇ ਸਬੰਧੀ ਇਥੇ ਹੋਏ ਤਿੰਨ-ਰੋਜ਼ਾ ਸਮਾਗਮ ਵਿੱਚ ਗੁਰਮੀਤ ਸਿੰਘ ਨੂੰ ਸੱਦਾ ਤੱਕ ਦੇਣ ਵਿੱਚ ਨਾਕਾਮ ਰਹੀ ਸੀ।

ਗੁਰਮੀਤ ਸਿੰਘ ਦਾ ਕਹਿਣਾ ਹੈ ਕਿ ਗ਼ਰੀਬਾਂ ਤੇ ਬੇਸਹਾਰਿਆਂ ਦਾ ਢਿੱਡ ਭਰਨਾ ਹੀ ਮਨੁੱਖਤਾ ਦੀ ਸੱਚੀ ਸੇਵਾ ਹੈ। ਇਸੇ ਕਾਰਨ ਉਨ੍ਹਾਂ ਇਕ ਵਾਰ ਤਾਂ ਲੰਡਨ ਵਿੱਚ ਆਗਾਮੀ 19 ਨਵੰਬਰ ਨੂੰ ਹੋਣ ਵਾਲੇ ਐਵਾਰਡ ਵੰਡ ਸਮਾਗਮ ਵਿੱਚ ਜਾਣ ਤੋਂ ਵੀ ਨਾਂਹ ਕਰ ਦਿੱਤੀ ਸੀ, ਕਿਉਂਕਿ ਉਨ੍ਹਾਂ ਦਾ ਕਹਿਣਾ ਹੈ ਕਿ ਉਨ੍ਹਾਂ ਦੀ ਗ਼ੈਰਹਾਜ਼ਰੀ ਵਿੱਚ ਇਨ੍ਹਾਂ ਮਰੀਜ਼ਾਂ ਦਾ ਖਿਆਲ ਕੌਣ ਰੱਖੇਗਾ? ਆਖ਼ਰ ਜਦੋਂ ਉਨ੍ਹਾਂ ਦੇ ਚਾਰ ਭਰਾਵਾਂ ਤੇ ਪੁੱਤਰ ਨੇ ਭਰੋਸਾ ਦਿੱਤਾ ਕਿ ਉਹ ਮਰੀਜ਼ਾਂ ਦੀ ਦੇਖਭਾਲ ਕਰਨਗੇ, ਤਾਂ ਹੀ ਗੁਰਮੀਤ ਸਿੰਘ ਨੇ ਲੰਡਨ ਜਾਣ ਦੀ ਹਾਮੀ ਭਰੀ। ਉਂਜ ਉਨ੍ਹਾਂ ਨੇ ਹਾਲੇ ਲੰਡਨ ਜਾਣ ਲਈ ਆਪਣਾ ਪਾਸਪੋਰਟ ਬਣਵਾਉਣਾ ਹੈ। ਉਨ੍ਹਾਂ ਹਾਲੇ ਪਾਸਪੋਰਟ ਲਈ ਅਰਜ਼ੀ ਤੱਕ ਨਹੀਂ ਦਿੱਤੀ। ਉਹ ਅੰਗਰੇਜ਼ੀ ਬੋਲਣ ਤੋਂ ਵੀ ਝਿਜਕ ਮਹਿਸੂਸ ਕਰਦੇ ਹਨ ਕਿਉਂਕਿ ਉਹ ਛੇਵੀਂ ਜਮਾਤ ਤੱਕ ਹੀ ਪੜ੍ਹੇ ਹੋਏ ਹਨ।

# ਬਾਬਾ ਫ਼ਰੀਦ ਆਗਮਨ ਪੁਰਬ ਮੌਕੇ ਗੁਰਦੁਆਰਾ ਗੋਦੜੀ ਸਾਹਿਬ ਤਕ ਸਜਾਇਆ ਨਗਰ ਕੀਰਤਨ

## ਡਾ. ਗਗਨਦੀਪ ਸਿੰਘ ਵਾਂਦਰ ਬਾਬਾ ਫ਼ਰੀਦ ਐਵਾਰਡ ਤੇ ਇੰਜ. ਜਸਵੰਤ ਸਿੰਘ ਗਿੱਲ ਭਗਤ ਪੂਰਨ ਸਿੰਘ ਐਵਾਰਡ ਨਾਲ ਸਨਮਾਨਿਤ

**ਫ਼ਰੀਦਕੋਟ/ਬਿਊਰੋ ਨਿਊਜ਼ :** ਬਾਬਾ ਫ਼ਰੀਦ ਆਗਮਨ ਪੁਰਬ ਦੇ ਅਖੀਰਲੇ ਦਿਨ ਟਿੱਲਾ ਬਾਬਾ ਫ਼ਰੀਦ ਤੋਂ ਗੁਰਦੁਆਰਾ ਗੋਦੜੀ ਸਾਹਿਬ ਤੱਕ ਇਕ ਵਿਸ਼ਾਲ ਅਲੌਕਿਕ ਨਗਰ ਕੀਰਤਨ ਸਜਾਇਆ ਗਿਆ। ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਪਾਲਕੀ ਫੁੱਲਾਂ ਨਾਲ ਸਜੀ ਬੱਸ ਵਿਚ ਸੁਸ਼ੋਭਿਤ ਸੀ, ਜਿਸ ਦੀ ਅਗਵਾਈ ਪੰਜ ਪਿਆਰੇ ਕਰ ਰਹੇ ਸਨ। ਨਗਰ ਕੀਰਤਨ ਦੇ ਸਵਾਗਤ ਲਈ ਸ਼ਹਿਰ ਵਿਚ ਥਾਂ-ਥਾਂ ਸਵਾਗਤੀ ਗੇਟ ਤੇ ਫੁੱਲਾਂ ਨਾਲ ਵਰਖਾ ਕੀਤੀ ਜਾ ਰਹੀ ਸੀ। ਸ਼ਹਿਰ ਵਿਚ ਵੱਖ-ਵੱਖ ਸਭਾ ਸੁਸਾਇਟੀਆਂ ਵੱਲੋਂ ਖੁੱਲ੍ਹੇ ਲੰਗਰ ਚਾਹ, ਪਾਣੀ, ਮਠਿਆਈਆਂ ਦੇ ਲੰਗਰ ਲਗਾਏ ਗਏ ਸਨ। ਨਗਰ ਕੀਰਤਨ ਵਿਚ ਸਿੱਖ ਬੀਬੀਆਂ ਪਾਲਕੀ ਦੇ ਅੱਗੇ ਅੱਗੇ ਸੜਕ 'ਤੇ ਸਫ਼ਾਈ ਕਰਦੀਆਂ ਜਾ ਰਹੀਆਂ ਸਨ। ਬਾਬਾ ਫ਼ਰੀਦ ਸੁਸਾਇਟੀ ਦੇ ਮੁੱਖ ਸੇਵਾਦਾਰ ਇੰਦਰਜੀਤ ਸਿੰਘ ਸੇਖੋਂ ਖ਼ੁਦ



ਵੀ ਪਾਲਕੀ ਦੇ ਨਾਲ-ਨਾਲ ਚੱਲ ਰਹੇ ਸਨ। ਪੁਲੀਸ ਨੇ ਨਗਰ ਕੀਰਤਨ ਦੇ ਰਸਤਿਆਂ ਵਿਚ ਸੁਰੱਖਿਆ ਦੇ ਪੁਖ਼ਤਾ ਪ੍ਰਬੰਧ ਕੀਤੇ ਹੋਏ ਸਨ। ਡਿਪਟੀ ਕਮਿਸ਼ਨਰ ਮਾਲਵਿੰਦਰ ਸਿੰਘ ਜੱਗੀ, ਐਸ.ਐਸ.ਪੀ. ਦਰਸ਼ਨ ਸਿੰਘ ਮਾਨ ਤੇ ਪੰਜਾਬ ਯੂਥ ਵਿਕਾਸ ਬੋਰਡ ਦੇ ਚੇਅਰਮੈਨ ਪਰਮਬੰਸ ਸਿੰਘ ਰੋਮਾਣਾ ਨੇ ਆਪਣੇ ਆਪਣੇ ਘਰਾਂ ਅੱਗੇ ਪਰਿਵਾਰ ਸਮੇਤ ਨਗਰ ਕੀਰਤਨ ਦਾ ਸਵਾਗਤ ਕੀਤਾ। ਤਿੰਨ ਕਿਲੋਮੀਟਰ ਲੰਮੇ ਨਗਰ ਕੀਰਤਨ ਵਿਚ ਪੰਜਾਬ ਤੇ ਬਾਹਰੋਂ ਖ਼ਾਸ ਕਰਕੇ ਪ੍ਰਵਾਸੀ ਭਾਰਤੀ ਲੱਖਾਂ ਦੀ ਤਾਦਾਦ ਵਿਚ ਸ਼ਾਮਲ ਹੋਏ। ਸੰਗਤਾਂ ਫ਼ਰੀਦ ਜੀ ਦੇ ਪਵਿੱਤਰ ਸਥਾਨ 'ਤੇ ਨਤਮਸਤਕ ਹੋਈਆਂ। ਗੋਦੜੀ ਸਾਹਿਬ ਵਿਖੇ ਨਗਰ ਕੀਰਤਨ ਪਹੁੰਚਣ ਉਪਰੰਤ ਧਾਰਮਿਕ ਸਮਾਗਮ ਹੋਇਆ। ਸੰਸਥਾਵਾਂ ਦੇ ਮੁੱਖ ਸੇਵਾਦਾਰ ਇੰਦਰਜੀਤ ਸਿੰਘ ਖ਼ਾਲਸਾ ਦੱਸਿਆ ਕਿ ਮਨੁੱਖਤਾ ਦੀ ਸੇਵਾ ਲਈ ਭਗਤ ਪੂਰਨ ਸਿੰਘ ਐਵਾਰਡ ਦਿਲ ਦੇ ਰੋਗਾਂ ਦੇ ਮਾਹਿਰ ਡਾ. ਗਗਨਦੀਪ ਸਿੰਘ ਵਾਂਦਰ ਨੂੰ ਦਿੱਤਾ ਗਿਆ ਜਦਕਿ ਇਮਾਨਦਾਰੀ ਲਈ ਐਵਾਰਡ ਫ਼ਾਰ ਆਨੈਸਟੀ ਇੰਜ: ਜਸਵੰਤ ਸਿੰਘ ਗਿੱਲ ਨੂੰ ਦਿੱਤਾ ਗਿਆ। ਇਨ੍ਹਾਂ ਦੋਵਾਂ ਸ਼ਖ਼ਸੀਅਤਾਂ ਨੂੰ ਇਕ-ਇਕ ਲੱਖ ਰੁਪਏ, ਦੁਸ਼ਾਲਾ ਤੇ ਪ੍ਰਸ਼ੰਸਾ ਪੱਤਰ ਦੇ ਕੇ ਸਨਮਾਨਿਤ ਕੀਤਾ ਗਿਆ। ਇਸ ਮੌਕੇ ਮਹੀਪ ਇੰਦਰ ਸਿੰਘ ਸੇਖੋਂ, ਭਾਈ ਕਾਹਨ ਸਿੰਘ ਤੋਂ ਇਲਾਵਾ ਕਮੇਟੀ ਮੈਂਬਰ ਵੀ ਹਾਜ਼ਰ ਸਨ। ਇਸ ਸਮਾਗਮ ਨੂੰ ਸੰਬੋਧਨ ਕਰਦਿਆਂ ਇੰਦਰਜੀਤ ਸਿੰਘ ਖ਼ਾਲਸਾ ਨੇ ਕਿਹਾ ਕਿ ਬਾਬਾ ਫ਼ਰੀਦ ਆਗਮਨ ਪੁਰਬ ਸੰਬੰਧੀ ਲਾਇਆ ਜਾਂਦਾ ਵਿਰਾਸਤੀ ਮੇਲਾ ਦੁਨੀਆ ਭਰ ਵਿਚ ਪ੍ਰਚੱਲਤ ਹੋ ਗਿਆ ਹੈ। ਇਸ ਦਿਨ ਦੀ ਮਹੱਤਤਾ ਦਿਨ ਪ੍ਰਤੀ ਦਿਨ ਵਧਦੀ ਜਾ ਰਹੀ ਹੈ। ਉਨ੍ਹਾਂ ਦੱਸਿਆ ਕਿ ਪੰਜ ਰੋਜ਼ਾ ਆਗਮਨ ਪੁਰਬ ਦੌਰਾਨ ਦੇਸ਼ ਭਰ ਤੋਂ ਸੰਗਤਾਂ ਨੇ ਸ਼ਮੂਲੀਅਤ ਕੀਤੀ। ਦੇਸ਼ ਭਰ ਵਿਚੋਂ ਆਉਣ ਵਾਲੀਆਂ ਸੰਗਤਾਂ ਦਾ ਬਾਬਾ ਫ਼ਰੀਦ ਸੰਸਥਾਵਾਂ ਤੇ ਜ਼ਿਲ੍ਹਾ ਪ੍ਰਸ਼ਾਸਨ ਵੱਲੋਂ ਜ਼ੋਰਦਾਰ ਸਵਾਗਤ ਕੀਤਾ ਗਿਆ। ਡਿਪਟੀ ਕਮਿਸ਼ਨਰ ਐਮ.ਐਸ. ਜੱਗੀ ਨੇ ਸ਼ਹਿਰ ਵਾਸੀਆਂ ਤੇ ਬਾਬਾ ਫ਼ਰੀਦ ਸੰਸਥਾਵਾਂ ਖ਼ਾਸ ਕਰਕੇ ਇੰਦਰਜੀਤ ਸਿੰਘ ਸੇਖੋਂ ਵੱਲੋਂ ਇਸ ਮੇਲੇ ਨੂੰ ਕਾਮਯਾਬੀ ਨਾਲ ਨੇਪਰੇ ਚਾੜ੍ਹਨ ਲਈ ਧੰਨਵਾਦ ਵੀ ਕੀਤਾ। ਇਸ ਦੌਰਾਨ ਇੰਦਰਜੀਤ ਸਿੰਘ ਸੇਖੋਂ ਵੱਲੋਂ ਕਾਮਯਾਬੀ ਨਾਲ ਮੇਲਾ ਕਰਾਉਣ ਲਈ ਡਿਪਟੀ ਕਮਿਸ਼ਨਰ ਸ. ਐਮ. ਐੱਸ. ਜੱਗੀ ਦਾ ਵੀ ਸਨਮਾਨ ਕੀਤਾ ਗਿਆ।

# ਲਓ ! ਕਰ ਲੋ ਗੱਲ...



-ਕਮਲ ਦੁਸਾਂਝ

## ਓ ! ਗੁਰੂ ਹੁਣ ਹੋ ਜਾ ਸ਼ੁਰੂ !!!

ਬੱਸ ਕਾਕਾ...ਬਣ ਗਈ...ਬਣ ਗਈ। ਹੁਣ 'ਆਵਾਜ਼-ਏ-ਪੰਜਾਬ' ਫਰੰਟ ਤਾਂ ਬਣਾ ਦਿੱਤੈ... ਪਾਰਟੀ ਵੀ ਬਣ ਹੀ ਜਾਓ...।

ਪਰਗਟ : ਗੁਰੂ ਜੀ ਹੁਣ ਬਹੁਤ ਹੋ ਗਿਐ...ਲੋਕਾਂ ਨੇ ਪੁਛ-ਪੁਛ ਨੱਕ 'ਚ ਦਮ ਕੱਢ ਤਾ...ਅਸੀਂ ਨਾ ਇਧਰ ਦੇ ਰਹੇ ਨਾ ਉਧਰ ਦੇ...ਥੋਡੇ ਮਗਰ ਮਗਰ ਤੁਰੀਂ ਆਉਣੇ ਆਂ ਕਿ ਚੱਲੋ ਹੁਣ ਨਵੀਂ ਪਾਰਟੀ ਬਣੀ ਕਿ ਬਣੀ। ਓ! ਗੁਰੂ ਹੁਣ ਤਾਂ ਸ਼ੁਰੂ ਹੋ ਜਾ!!! ਆ 'ਆਪ' ਆਲਿਆਂ ਦੀ ਘੁੱਗੀ ਫੱਟੇ ਚੁੱਕੀ ਜਾਂਦੀ ਐ...ਆਪਣੇ ਕੋਲ ਤਾਂ ਖੰਭ ਵੀ ਹੈ ਨੀਂ...ਕਿਸੇ ਦੇਪਿੰਜਰੇ 'ਚ ਤਾਂ ਠਾਹਰ ਲੈਣੀ ਹੀ ਪੈਣੀ ਐ।

ਬੈਂਸ ਭਰਾ : ਓ! ਗੁਰੂ ਜੀ, ਆ ਜਗਮੀਤ ਬਰਾੜ ਹੀ ਸਿਆਣਾ ਨਿਕਲਿਆ...'ਆਪ' ਦਾ ਝਾੜੂ ਫੜ ਲਿਆ...ਆਪਣੇ ਕੋਲ ਨਾ ਤਾਂ ਹੱਥ ਐ ਨਾ ਝਾੜੂ। ਕੁਝ ਤਾਂ ਕਰੋ।

ਨਵਜੋਤ ਸਿੱਧੂ : ਯਾਰ ਕੇਰਾਂ ਚੁੱਪ ਤਾਂ ਕਰੋ...ਸਾਰੀਆਂ ਚਾਲਾਂ ਪੁੱਠੀਆਂ ਪੈ ਗਈਆਂ...ਕੋਈ ਹੀਲਾ-ਵਸੀਲਾ ਤਾਂ ਕਰਨ ਦਿਓ...। ਓ ਗੁਰੂ ਜਿਹਦੀ ਝੋਲੀ ਦਾਣੇ, ਉਹਦੇ ਕਮਲੇ ਵੀ ਸਿਆਣੇ...। ਆਪਾਂ ਤਾਂ ਖ਼ਾਲੀ ਬੈਠੇ ਆਂ...ਲੜਾਉਣੈ ਕੋਈ ਜੁਗਤ...ਨੱਪਦਾਂ ਕਿੱਲੀ...ਚਲਾਉਣਾ ਮੰਤਰ...। ਨਵਜੋਤ ਕੁਰੇ ਆ ਜ਼ਰਾ ਪੰਡਤ ਜੀ ਨੂੰ ਸੱਦ ਲੈ...ਦੋ-ਚਾਰ ਹਵਨ ਹੀ ਕਰ ਜਾਣ। ਆਹ ਮੇਰੀ ਕੁੰਡਲੀ 'ਚ ਕਿਧਰੇ ਸ਼ਨੀ ਆ ਕੇ ਬਹਿ ਗਿਐ...ਜਲਦੀ ਕਰ ਕੋਈ ਉਪਾਅ।

ਨਵਜੋਤ ਕੌਰ : ਸਰਦਾਰ ਜੀ! ਮੈਂ ਤਾਂ ਪਹਿਲਾਂ ਹੀ ਕਿਹਾ ਸੀ ਕਿ ਸੋਚ-ਸਮਝ ਕੇ ਕਦਮ ਚੁੱਕਿਓ... ਪਰ ਤੁਸੀਂ ਤਾਂ ਮੈਨੂੰ ਕਹਿ ਦਿੱਤਾ ਕਿ ਆਹ ਸਾਰੇ ਲੀਡਰਾਂ ਦੇ ਫੱਟੇ ਚੱਕਦੇ...ਮੈਂ ਆਪਣਾ ਕੰਮ ਕਰ'ਤਾ...ਪੰਡਤ ਜੀ ਦੀ ਤੁਸੀਂ ਚਿੰਤਾ ਨਾ ਕਰੋ...ਉਹ ਮੈਂ ਪਹਿਲਾਂ ਹੀ ਸੱਦ ਲਿਆ ਸੀ...ਆਹ ਪੰਡਤ ਜੀ ਨੇ ਤਵੀਤ ਦਿੱਤੈ...ਕਹਿੰਦੇ ਜਲਦੀ ਬੰਨ੍ਹ ਲਓ...ਹੁਣ ਤਾਂ ਕਾਂਗਰਸ ਆਲੇ 'ਵਾਜਾਂ ਮਾਰਦੇ ਨੇ...ਫੇਰ ਉਨ੍ਹਾਂ ਨੇ ਵੀ ਨਹੀਂ ਪੁੱਛਣਾ।




## ਵਾਧੂ ਜੁੱਤੀ ਤਾਂ ਚਾਹੀਦੀ ਈ ਐ...

ਭਾਰਤ-ਪਾਕਿ ਸਰਹੱਦ 'ਤੇ ਤਣਾਅ ਬਣਿਆ ਹੋਇਐ। ਦੋਵੇਂ ਮੁਲਕ ਇਕ-ਦੂਜੇ ਵੱਲ ਬੰਦੂਕਾਂ ਤਾਣੀ ਖੜ੍ਹੇ ਹਨ। ਦੋਹਾਂ ਪਾਸਿਆਂ ਦੇ ਆਗੂਆਂ ਵਲੋਂ ਤੱਤੇ ਤੱਤੇ ਬਿਆਨ ਜਾਰੀ ਹੋ ਰਹੇ ਹਨ। ਪਾਕਿਸਤਾਨ ਦੇ ਪ੍ਰਧਾਨ ਮੰਤਰੀ ਨਵਾਜ਼ ਸ਼ਰੀਫ਼ ਆਏ ਦਿਨ ਮਸਾਲੇਦਾਰ ਜੁਮਲੇ ਛੱਡ ਰਹੇ ਹਨ-ਕਸ਼ਮੀਰ ਸਾਡਾ, ਕਸ਼ਮੀਰੀ ਨੌਜਵਾਨਾਂ ਦੇ ਸੰਘਰਸ਼ ਨੇ ਸਾਡਾ ਕੰਮ ਸੁਖਾਲਾ ਕੀਤਾ...ਬਲਦੀ 'ਤੇ ਤੇਲ ਪਾਉਣ ਵਿਚ ਕੋਈ ਢਿਲ ਨਹੀਂ ਵਰਤੀ ਜਾ ਰਹੀ। ਕੌਮਾਂਤਰੀ ਪੱਧਰ 'ਤੇ ਨਵਾਜ਼ ਚਾਰੋਂ ਪਾਸਿਓਂ ਘਿਰੇ ਦਿਖਾਈ ਦੇ ਰਹੇ ਹਨ। ਪਰ ਸਰਹੱਦਾਂ ਤੇ ਆਵਾਮ ਦੀ ਚਿੰਤਾ ਛੱਡ ਜਨਾਬ ਸ਼ਰੀਫ਼ ਲੰਡਨ ਵਿਚ ਸ਼ਾਪਿੰਗ ਕਰ ਰਹੇ ਹਨ। ਬਰਾਂਡਡ ਦੁਕਾਨ 'ਤੇ ਜੁੱਤੇ ਖ਼ਰੀਦਿਆਂ ਨੂੰ ਇਕ ਔਰਤ ਨੇ ਦੇਖ ਲਿਆ ਤੇ ਚਾਅ ਚਾਅ ਵਿਚ ਲੱਗੀ ਫ਼ੋਟੋ ਲੈਣ...ਉਹਨੂੰ ਭਲੀ ਨੂੰ ਕੀ ਪਤਾ...ਇਹ ਵਿਦੇਸ਼ੀ ਮੁਲਕ ਹੈ ਪਰ ਫ਼ੋਟੋ ਤਾਂ ਪਾਕਿਸਤਾਨ ਦੇ ਵਜ਼ੀਰ ਦੀ ਐ। ਨਵਾਜ਼ ਦੇ ਸੁਰੱਖਿਆ ਗਾਰਦਾਂ ਨੇ ਨਾਲੇ ਤਾਂ ਔਰਤ ਨੂੰ ਦੁਕਾਨ ਵਿਚ ਕਿਸੇ ਮਰਦ ਤੋਂ ਬਿਨਾਂ ਆਉਣ ਲਈ ਝਾੜ ਪਾਈ, ਫੇਰ ਪਾਕਿਸਤਾਨ ਅੰਬੈਸੀ ਲੈ ਗਏ ਤੇ ਉਹਦਾ ਮੋਬਾਈਲ ਵੀ ਖੋਹ ਲਿਆ। ਚੱਲੋ...ਇਹ ਤਾਂ ਉਸ ਔਰਤ ਨੂੰ ਸੋਚਣਾ ਚਾਹੀਦਾ ਸੀ ਕਿ ਸ਼ੇਰ ਦੇ ਮੂੰਹ ਵਿਚ ਹੱਥ ਕਿਉਂ ਪਾ ਰਹੀ ਹੈਂ...ਪਰ ਭਲਾ ਜਨਾਬ ਨਵਾਜ਼ ਸ਼ਰੀਫ਼ ਜੁੱਤੇ ਕਾਹਦੇ ਲਈ ਖ਼ਰੀਦਣ ਗਏ ਸੀ...ਉਹ ਵੀ ਇਸ ਕੁਸੈਲੇ ਮਾਹੌਲ ਵਿਚ। ਲਗਦੈ ਹੈ ਜਾਂ ਤਾਂ ਉਨ੍ਹਾਂ ਨੂੰ ਡਰ ਹੋਣੈ ਕਿ ਕਿਤੇ ਜੁੱਤੇ ਛੱਡ ਕੇ ਨਾ ਭੱਜਣਾ ਪਵੇ, ਇਸ ਲਈ ਪਹਿਲਾਂ ਹੀ ਵਾਧੂ ਜੋੜੀ ਖ਼ਰੀਦ ਕੇ ਟਿਕਾਣੇ ਪਹੁੰਚਾ ਦਿੱਤੀ ਜਾਵੇ ਜਾਂ ਅੱਜ ਕੱਲ੍ਹ ਜੁੱਤੀਆਂ ਸੁੱਟਣ ਦਾ ਰਿਵਾਜ਼ ਐ...ਖ਼ਬਰੈ ਕਿਤੇ ਜੁੱਤੀ ਹੀ ਚਲਾਉਣੀ ਪੈ ਜਾਵੇ...ਫੇਰ ਨੰਗੇ ਪੈਰ ਥੋੜ੍ਹਾ ਨਾ ਘਰ ਜਾਇਆ ਜਾਊ...ਵਾਧੂ ਜੁੱਤੀ ਤਾਂ ਚਾਹੀਦੀ ਐ।

## ਸੁਥਰਿਆ ਤੂੰ ਤਾਂ ਪਤਾਸੇ ਘੋਲ ਘੋਲ ਪੀ...

"ਜਗਰਾਉਂ ਦੇ ਇਕ ਪਾਰਕ ਵਿਚ ਪਰਿਵਾਰ ਸੈਰ ਕਰ ਰਿਹਾ ਸੀ। ਪਰਿਵਾਰ ਦਾ ਮੁਖੀਆ ਅੱਗੇ ਅੱਗੇ ਤੇ ਮਾਵਾਂ-ਧੀਆਂ ਪਿੱਛੇ। ਸਾਹਮਣੇ ਖੜ੍ਹੀ ਮੁੰਡੀਰ ਸ਼ਰਤ ਲਾ ਕੇ ਸ਼ਰੇਆਮ ਔਰਤ ਦੇ ਕੱਪੜੇ ਲਾਹ ਦਿੰਦੀ ਹੈ ਤੇ ਬਾਕੀ ਖੜ੍ਹੇ ਤਾੜੀਆਂ ਤੇ ਸੀਟੀਆਂ ਮਾਰ ਰਹੇ ਹਨ। ਜਿੰਨੇ ਦੇਰ ਨੂੰ ਮੁਖੀਆ ਕੋਲ ਆਉਂਦਾ ਹੈ, ਮੁੰਡੀਰ ਦੌੜ ਲਾ ਕੇ ਫਰਾਰ ਹੋ ਜਾਂਦੀ ਹੈ।"

ਬਾਦਲ ਸਾਹਿਬ ਆ ਮੈਂ ਕੀ ਖ਼ਬਰ ਪੜ੍ਹ ਰਿਹਾਂ। ਤੌਬਾ ਤੌਬਾ!! ਆਹ ਪੰਜਾਬ ਨੂੰ ਕੀ ਹੁੰਦਾ ਜਾ ਰਿਹੈ...ਏਨੀ ਹਨੇਰਗਰਦੀ...ਇਹ ਤਾਂ ਬਿਹਾਰ ਨੂੰ ਵੀ ਮਾਤ ਪਾਈ ਜਾ ਰਿਹੈ...ਇਹ ਮੁੰਡੀਰ ਤਾਂ ਪੰਜਾਬ ਦੀ ਈ ਐ।

ਜਾ ਵੇ ਸੁਥਰਿਆ, ਅਸੀਂ ਪੰਜਾਬ ਨੂੰ ਕੈਲੀਫੋਰਨੀਆ ਬਣਾਉਣ 'ਤੇ ਲੱਗੇ ਆਂ ਤੇ ਤੂੰ ਨਿੱਕੀਆਂ-ਮੋਟੀਆਂ ਗੱਲਾਂ ਲੈ ਕੇ ਬਹਿ ਜਾਣੈ...। ਵੱਡਾ ਹੋ ਵੱਡਾ। ਨਾਲੇ ਜਦੋਂ ਅਸੀਂ ਕੈਲੀਫੋਰਨੀਆ ਪੰਜਾਬ ਤਕ ਲੈ ਕੇ ਆਉਣੈ ਤਾਂ ਬਾਹਰ ਦਾ ਮਾੜਾ-ਮੋਟਾ 'ਸਭਿਆਚਾਰ' ਵੀ ਤਾਂ ਨਾਲ ਈ ਆਊ। ਸੁਥਰਿਆ ਹੁਣ ਤੂੰ ਬਹੁਤਾ ਪੜ੍ਹਿਆ-ਲਿਖਿਆ ਤਾਂ ਹੈ ਨੀਂ... ਚਾਰ ਜਮਾਤਾਂ ਹੋਰ ਪੜ੍ਹ ਜਾਂਦਾ ਤਾਂ ਪਤਾ ਲਗਦਾ ਕਿ ਇਹੋ ਜਿਹੀਆਂ ਗੱਲਾਂ ਤਾਂ ਬਾਹਰਲੇ ਮੁਲਕਾਂ ਵਿਚ ਆਮ ਈ ਐ....। ਨਾ ਆਪਣੇ ਪੰਜਾਬ ਵਿਚ ਕੋਈ ਜੱਗੋ ਤੇਰ੍ਹਵੀਂ ਥੋੜ੍ਹੀ ਨਾ ਹੋਈ ਐ। ਭਲਿਆ ਲੋਕਾ ਤੂੰ ਕਾਹਦਾ ਫ਼ਿਕਰ ਕਰਦੈ...ਤੇਰੀ ਭਰਜਾਈ...ਆ ਆਪਣੇ ਸੁੱਖੇ ਦੀ ਘਰਆਲੀ... ਹਰਸਿਮਰਤ ਕੇਂਦਰੀ ਮੰਤਰੀ ਐ...ਓਹਨੇ ਇਕ ਨੰਨ੍ਹੀ ਛਾਂ ਦਾ ਇਕ ਬੂਟਾ ਹੋਰ ਲਾ ਛੱਡਣੈ... ਪੀੜਤ ਦਾ ਦੁੱਖ ਆਪੇ ਕੱਜਿਆ ਜਾਊ...। ਤੂੰ ਤਾਂ ਬਹਿ ਕੇ ਪਤਾਸੇ ਘੋਲ ਘੋਲ ਪੀ...ਪਤਾਸੇ ਮੈਂ ਦਿਉਂ ਤੂੰ ਜ਼ਰਾ ਵੋਟ ਆਲਾ ਬਟਨ ਤੱਕੜੀ 'ਤੇ ਨੱਪ ਦਈਂ...ਬਾਕੀ ਸਭ ਖ਼ੈਰ ਐ।

## ਲਪੇਟੀ ਜਾਓ...

ਲੁਧਿਆਣਾ ਦੇ ਲਾਡੋਵਾਲ ਵਿਚ ਬਾਦਲ ਜੋੜੀ (ਸੁਖਬੀਰ ਸਿੰਘ ਬਾਦਲ ਤੇ ਹਰਸਿਮਰਤ ਕੌਰ ਬਾਦਲ) ਨੇ 118 ਕਰੋੜ ਰੁਪਏ ਨਾਲ 100 ਏਕੜ ਵਿਚ ਬਣਨ ਵਾਲੇ 'ਗੁਰੂ ਕਿਰਪਾ ਮੈਗਾ ਫ਼ੂਡ ਪਾਰਕ' ਦਾ ਨੀਂਹ ਪੱਥਰ ਰੱਖਿਆ। ਵੱਡੀਆਂ ਵੱਡੀਆਂ ਗੱਲਾਂ ਸੁੱਟੀਆਂ ਗਈਆਂ ਪਰ ਲਪੇਟਣ ਲਈ ਵੀ ਲੋਕ ਨਾ ਰਹੇ। ਬੀਬੀ ਨੇ ਕਿਸਾਨਾਂ ਨੂੰ ਮੁਨਾਫ਼ੇ ਦਾ ਚੋਗਾ ਪਾਉਂਦਿਆਂ ਚੱਲੋ ਇਹ ਤਾਂ ਮੰਨਿਆ ਕਿ ਹਰ ਸਾਲ 40 ਫ਼ੀਸਦੀ ਫ਼ਸਲ ਮੀਂਹ ਨਾਲ ਬਰਬਾਦ ਹੁੰਦੀ ਹੈ ਜਾਂ ਬਿਮਾਰੀ ਨਾਲ ਖ਼ਰਾਬ ਹੁੰਦੀ ਐ, ਪਿਛਲੇ ਸਾਲ ਤਾਂ ਇਕ ਲੱਖ ਕਰੋੜ ਦੀ ਫ਼ਸਲ ਬਰਬਾਦ ਹੋ ਗਈ...ਆਓ ਕਿਸਾਨੋ ਹੁਣ ਤੁਹਾਨੂੰ ਫ਼ੂਡ ਪਾਰਕ ਖੋਲ੍ਹ ਦੇਣੈ ਆਪਾਂ...ਚਿੰਤਾ ਦੀ ਲੋੜ ਨਹੀਂ...ਆਪਣੀ ਫ਼ਸਲ ਏਥੇ ਜਮ੍ਹਾ ਕਰਨਾ। ਪਰ ਬੀਬੀ ਜੇ ਫ਼ਸਲ ਬਚੂ ਤਾਂ ਹੀ ਕਲੋਡ ਸਟੋਰਾਂ ਤੇ ਥੋਡੇ ਪਾਰਕ ਤੱਕ ਪਹੁੰਚੂ। ਨਾਲੇ ਪਤਾ ਨਹੀਂ ਕੁਝ ਮਹੀਨਿਆਂ ਬਾਅਦ ਥੋਡੀ ਸਰਕਾਰ ਰਹਿਣੀ ਆ ਜਾਂ ਨਹੀਂ...ਜੇ ਨਾ ਰਹੀ ਤਾਂ ਫ਼ੂਡ ਪਾਰਕ ਅਗਲੀ ਸਰਕਾਰ ਖਾ ਜਾਊ। ਜੇ ਤੁਸੀਂ ਕਿਸਾਨਾਂ ਨੂੰ ਕਰੋੜਾਂ ਦੀਆਂ ਸਬਸਿਡੀਆਂ ਦੇਣੀਆਂ ਨੇ ਤਾਂ ਪਹਿਲਾਂ ਉਨ੍ਹਾਂ ਦਾ ਮੁਆਵਜ਼ਾ ਤਾਂ ਦੇ ਦਿਓ। ਹੁਣ ਭਲਾ ਸੁਣੇ ਕੌਣ? ਜਦੋਂ ਬਾਦਲ ਸਾਹਿਬ ਆਪਣੀਆਂ ਸੁੱਟਣ ਲੱਗੇ ਤਾਂ ਪੰਡਾਲ ਖ਼ਾਲੀ ਦਾ ਖ਼ਾਲੀ। ਜਿੰਨੇ ਲੋਕ ਪੰਡਾਲ ਵਿਚ ਰਹਿ ਗਏ, ਉਹ ਵੀ ਸਕਿਊਰਟੀ ਗਾਰਡ, ਓਦੂੰ ਵੱਧ ਤਾਂ ਸਟੇਜ 'ਤੇ ਬੈਠੇ ਸੀ...। ਭਲੀਓ ਲੋਕੋ...ਕੰਧ 'ਤੇ ਲਿਖਿਆ ਤਾਂ ਪੜ੍ਹ ਲਓ...ਜਦ ਪਤੈ ਬਈ ਕੋਈ ਥੋਨੂੰ ਸੁਣਨ ਨਹੀਂ ਆਉਂਦਾ ਤਾਂ ਅਖ਼ਬਾਰਾਂ, ਟੈਲੀਵਿਜ਼ਨਾਂ 'ਤੇ ਇਸ਼ਤਿਹਾਰ ਦੇ ਛੱਡੋ...। ਨਾਲੇ ਪ੍ਰੋਗਰਾਮਾਂ ਦਾ ਖ਼ਰਚਾ ਬਚੂ, ਨਾਲੇ ਅਫ਼ਸਰਾਂ ਦੀ ਜਾਨ ਸੁਖਾਲੀ ਹੋਊ। ਭਲਾ ਕਿਥੋਂ ਭੀੜ ਲਿਆਉਣ? ਲੋਕੀਂ ਕਹਿਣ, 'ਅਖੇ ਸਵੇਰੇ ਗਿਆਰ੍ਹਾਂ ਵਜੇ ਦਾ ਏਥੇ ਬਿਠਾ ਰੱਖਿਐ...ਸ਼ਾਮ ਦੇ ਚਾਰ ਵੱਜ ਗਏ... ਏਨਾ ਇੰਤਜ਼ਾਰ ਕੌਣ ਕਰੇ। ਬਾਦਲ ਸਾਹਿਬ ਠੀਕ ਤਾਂ ਹੈ...ਅੱਜ ਤੁਸੀਂ ਇੰਤਜ਼ਾਰ ਕਰਵਾ ਰਹੇ ਹੋ ਜੇ ਲੋਕ ਆਪਣੀ ਆਈ ਤੇ ਆ ਗਏ ਤਾਂ ਥੋਨੂੰ ਪਤਾ ਨਹੀਂ...ਸੱਤਾ ਵਿਚ ਆਉਣ ਲਈ ਕਿੰਨਾ ਇੰਤਜ਼ਾਰ ਕਰਨਾ ਪਏ। ਚੱਲੋ... ਕੋਈ ਨਾ...ਹੁਣ ਕਿਸੇ ਹੋਰ ਦੀ ਵਾਰੀ ਵੀ ਤਾਂ ਆਉਣੀ ਐ...!!!

## ਮੋਦੀ ਜੀ ਤੋ ਉਦਯੋਗਪਤੀਓਂ ਕੇ ਹੈਂ...

ਕਾਂਗਰਸ ਦੇ ਉਪ ਪ੍ਰਧਾਨ ਰਾਹੁਲ ਗਾਂਧੀ ਨੂੰ ਅੱਜ ਕੱਲ੍ਹ ਕਿਸਾਨਾਂ ਨਾਲ ਬੜਾ ਮੋਹ ਜਾਗ ਗਿਆ ਹੈ। ਦੇਸ਼ ਭਰ ਵਿਚ ਪੈਦਲ ਹੀ ਨਿਕਲ ਪਏ ਨੇ...। ਲਗਦੈ ਕਿਸਾਨਾਂ ਦੇ ਸਾਰੇ ਦੁੱਖ ਹਰ ਲੈਣਗੇ। ਦੱਸ ਸਾਲ ਜਦੋਂ ਕੇਂਦਰ ਵਿਚ ਕਾਂਗਰਸ ਸੀ ਤਾਂ ਰਾਹੁਲ ਜੀ ਕਿੱਥੇ ਚਲੇ ਗਏ ਸਨ? ਉਹ!! ਸ਼ਾਇਦ ਚੇਤਾ ਭੁੱਲ ਗਿਆ ਹੋਣੈ ਕਿ ਇਸ ਧਰਤੀ 'ਤੇ ਕਿਸਾਨ ਵੀ ਰਹਿੰਦੇ ਆ। ਪੋਲ਼ਾ ਪੋਲ਼ਾ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੂੰ 'ਟਕੋਰਾਂ' ਕਰ ਰਹੇ ਹਨ-ਮੋਦੀ ਜੀ ਤੋ ਉਦਯੋਗਪਤੀਓਂ ਕੇ ਪ੍ਰਧਾਨ ਮੰਤਰੀ ਹੈ...ਯੇ ਉਨ੍ਹੀਂ ਕੇ ਲੀਏ ਕਾਮ ਕਰ ਰਹੇ



ਹੈਂ।' ਰਾਹੁਲ ਜੀ ਕਾਂਗਰਸ ਸਰਕਾਰ ਵੀ ਤਾਂ ਇਨ੍ਹਾਂ 'ਗ਼ਰੀਬਾਂ' ਨੂੰ ਹੀ ਖੈਰਾਤਾਂ ਦੇ ਰਹੀ ਸੀ। ਕੋਈ ਇਕ ਉਦਾਹਰਣ ਹੋਵੇ ਤਾਂ ਦੱਸੇ...ਆ ਜਿੰਨੇ ਉਦਯੋਗਪਤੀ ਅੱਜ ਮੋਦੀ ਮੋਦੀ ਕਰ ਰਹੇ ਹਨ, ਪਹਿਲਾਂ ਮਨਮੋਹਨ-ਸੋਨੀਆ ਦੇ ਗੁਣ ਗਾ ਰਹੇ ਸਨ। ਲੋਕਾਂ ਦੀ ਸਰਕਾਰ ਦਾ ਨਾਅਰਾ ਛੱਡ ਕੇ 'ਅੰਬਾਨੀਆਂ-ਅਡਾਨੀਆਂ ਦੀ ਸਰਕਾਰ' ਕਹਿਣਾ ਚਾਹੀਦੈ। 'ਭਾਜਪਾ-ਕਾਂਗਰਸ-ਅੰਬਾਨੀ-ਅਡਾਨੀ ਸਭ ਭਾਈ ਭਾਈ। ਚੱਲੋ ਖ਼ੈਰ ਤੁਰੀ ਜਾਓ...ਕਦੇ ਤਾਂ ਕੁਰਸੀ ਤੱਕ ਪਹੁੰਚ ਹੀ ਜਾਵੋਗੇ। ਵੈਸੇ ਰਾਹੁਲ ਬੋਲਦੇ ਤਾਂ ਇੰਜ ਲੱਗ ਰਹੇ ਹਨ ਜਿਵੇਂ ਰੋ ਰਹੇ ਹੋਣ-'ਕੁਆਰੇ' ਮੋਦੀ ਜੀ ਨੂੰ ਤਾਂ ਏਨੇ ਪਤੀ ਮਿਲ ਗਏ...ਮੈਨੂੰ ਤਾਂ ਕੋਈ ਪਤਨੀ ਵੀ ਨੀਂ ਮਿਲੀ। ਕੀ ਗੱਲ ਤੁਹਾਨੂੰ ਨਹੀਂ ਲੱਗਿਆ???

# ਸਿੱਧੂ ਦੀ ਆਵਾਜ਼-ਏ-ਪੰਜਾਬ ਦੁਬਿਧਾ 'ਚ: 'ਹੱਥ' ਨਾਲ ਹੱਥ ਮਿਲਾਏ ਜਾਂ ਫੜੇ 'ਝਾੜੂ'

**ਨਵੀਂ ਦਿੱਲੀ/ਬਿਊਰੋ ਨਿਊਜ਼ :** ਵਿਧਾਨ ਸਭਾ ਚੋਣਾਂ ਵਿਚ ਕਿਸ ਪਾਰਟੀ ਦੀ ਹਮਾਇਤ ਕਰੇ, ਇਸ ਗੱਲ ਨੂੰ ਲੈ ਕੇ ਸੋਮਵਾਰ ਰਾਤ ਨਵੀਂ ਦਿੱਲੀ ਵਿਚ ਆਵਾਜ਼-ਏ-ਪੰਜਾਬ ਮੋਰਚੇ ਦੀ ਪੰਜ ਘੰਟੇ ਤਕ ਚੱਲੀ ਮੀਟਿੰਗ ਪਰ ਕਿਸੇ ਨਤੀਜੇ 'ਤੇ ਨਾ ਪਹੁੰਚ ਸਕੀ। ਮੈਰਾਥਨ ਮੀਟਿੰਗ ਦੇ ਬਾਵਜੂਦ ਮੋਰਚੇ ਦੇ ਮੈਂਬਰ ਇਹ ਤੈਅ ਨਹੀਂ ਕਰ ਸਕੇ ਕਿ ਕਾਂਗਰਸ ਨਾਲ ਹੱਥ ਮਿਲਾਇਆ ਜਾਵੇ ਜਾਂ ਫਿਰ 'ਆਪ' ਦਾ ਝਾੜੂ ਚੁੱਕਿਆ ਜਾਵੇ। ਮੈਂਬਰਾਂ ਨੇ ਨਵਜੋਤ ਸਿੰਘ ਸਿੱਧੂ 'ਤੇ ਆਖ਼ਰੀ ਫ਼ੈਸਲਾ ਛੱਡ ਦਿੱਤਾ ਹੈ। ਨਵਜੋਤ ਸਿੰਘ ਸਿੱਧੂ ਦੀ ਦਿੱਲੀ ਰਿਹਾਇਸ਼ 'ਤੇ ਹੋਈ ਇਸ ਬੈਠਕ ਵਿਚ ਆਵਾਜ਼-ਏ-ਪੰਜਾਬ ਦੇ ਮੋਢੀ ਨੇਤਾਵਾਂ ਪ੍ਰਗਟ ਸਿੰਘ, ਸਿਮਰਜੀਤ ਸਿੰਘ ਬੈਂਸ ਅਤੇ ਬਲਵਿੰਦਰ ਸਿੰਘ ਬੈਂਸ ਨੇ ਸ਼ਿਰਕਤ ਕੀਤੀ। ਸਿੱਧੂ ਦੀ ਪਾਰਟੀ ਦੇ ਐਲਾਨ ਨਾਲ ਵੋਟਾਂ ਦੇ ਵੰਡੇ ਜਾਣ ਦੇ ਕਿਆਸ ਲਾਏ ਜਾ ਰਹੇ ਸਨ। ਆਵਾਜ਼-ਏ-ਪੰਜਾਬ ਨੂੰ ਅਕਾਲੀ-ਭਾਜਪਾ ਗਠਜੋੜ ਵੱਲੋਂ ਰਾਹਤ ਵਜੋਂ ਹੀ ਵੇਖਿਆ ਜਾ ਰਿਹਾ ਸੀ, ਪਰ ਇਸ ਬੈਠਕ ਵਿਚ ਗਠਜੋੜ ਦਾ ਫ਼ੈਸਲਾ ਮੁੱਖ ਤੌਰ 'ਤੇ ਵੋਟਾਂ ਦੀ ਵੰਡ ਨੂੰ ਰੋਕਣ ਲਈ ਲਿਆ ਗਿਆ ਹੈ। ਪਾਰਟੀ ਨੇਤਾਵਾਂ ਨੇ ਇਸ ਸਬੰਧ ਵਿਚ ਛੇਤੀ ਹੀ ਐਲਾਨ ਕਰਨ ਦਾ ਦਾਅਵਾ ਕੀਤਾ ਹੈ।

## *ਸਿੱਧੂ ਲਗਾਤਾਰ ਰਾਹੁਲ ਗਾਂਧੀ ਦੇ ਸੰਪਰਕ ਵਿਚ*

*ਲੁਧਿਆਣਾ ਤੋਂ ਪੱਤਰਕਾਰ ਪਰਮਿੰਦਰ ਸਿੰਘ ਆਹੂਜਾ ਨੇ ਸੂਤਰਾਂ ਦੇ ਹਵਾਲੇ ਨਾਲ ਦੱਸਿਆ ਕਿ ਸਿੱਧੂ ਦੀ ਕਾਂਗਰਸ ਨਾਲ ਗੱਲਬਾਤ ਚੱਲ ਰਹੀ ਹੈ ਅਤੇ ਉਹ ਲਗਾਤਾਰ ਰਾਹੁਲ ਗਾਂਧੀ ਦੇ ਸੰਪਰਕ ਵਿਚ ਹਨ। ਸੂਤਰਾਂ ਅਨੁਸਾਰ ਪਿਛਲੇ ਦਿਨੀਂ ਰਾਹੁਲ ਗਾਂਧੀ ਦੇ ਨੇੜੇ ਅਤੇ ਪੰਜਾਬ ਚੋਣਾਂ ਵਿਚ ਰਣਨੀਤੀ ਤੈਅ ਕਰਨ ਵਾਲੇ ਪ੍ਰਸ਼ਾਂਤ ਕਿਸ਼ੋਰ ਨਾਲ ਸਿੱਧੂ ਦੀ ਲੰਬੀ ਮੀਟਿੰਗ ਹੋਈ, ਜਿਸ ਵਿਚ ਸਿੱਧੂ ਦੇ ਕਾਂਗਰਸ ਵਿਚ ਸ਼ਾਮਲ ਹੋਣ ਦੀ ਰਣਨੀਤੀ ਤੈਅ ਕੀਤੀ ਗਈ ਹੈ। ਸਿੱਧੂ ਦੇ ਨਾਲ ਤਿੰਨ ਵਿਧਾਇਕ ਸ. ਬਲਵਿੰਦਰ ਸਿੰਘ ਬੈਂਸ, ਸਿਮਰਜੀਤ ਸਿੰਘ ਬੈਂਸ ਅਤੇ ਪ੍ਰਗਟ ਸਿੰਘ ਵੱਲੋਂ ਕਾਂਗਰਸ ਵਿਚ ਸ਼ਾਮਲ ਹੋਣ ਦੀ ਸਹਿਮਤੀ ਦਿੱਤੀ ਗਈ ਹੈ। ਕਾਂਗਰਸ ਵੱਲੋਂ ਬੀਤੇ ਦਿਨ ਸੂਬੇ ਵਿਚ ਆਪਣੇ ਪੱਧਰ 'ਤੇ ਕਰਵਾਏ ਗਏ ਸਰਵੇਖਣ ਦੌਰਾਨ ਇਹ ਗੱਲ ਸਾਹਮਣੇ ਆਈ ਕਿ ਪੰਜਾਬ ਵਿਚ ਕਾਂਗਰਸ ਸਪਸ਼ਟ ਬਹੁਮਤ ਤੋਂ ਅਜੇ ਕੁਝ ਸੀਟਾਂ ਦੂਰ ਹੈ।*

# ਬਾਦਲਾਂ ਤੇ ਜਥੇਦਾਰਾਂ ਨੂੰ ਹਟਾਉਣ ਲਈ ਪੰਥਕ ਧਿਰਾਂ ਨੇ ਕੀਤੀ ਚਰਚਾ



ਸ੍ਰੀ ਆਨੰਦਪੁਰ ਸਾਹਿਬ/ਬਿਊਰੋ ਨਿਊਜ਼ : ਤਖ਼ਤ ਕੇਸਗੜ੍ਹ ਸਾਹਿਬ ਦੇ ਸਵਰਗੀ ਬਲਦੇਵ ਸਿੰਘ ਮਾਹਲਪੁਰੀ ਹਾਲ ਵਿੱਚ ਸਮੂਹ ਪੰਥਕ ਧਿਰਾਂ ਦੇ ਗਰਮਖਿਆਲੀ ਆਗੂਆਂ ਵੱਲੋਂ ਸ਼੍ਰੋਮਣੀ ਅਕਾਲੀ ਦਲ (ਅੰਮ੍ਰਿਤਸਰ) ਦੇ ਪ੍ਰਧਾਨ ਸਿਮਰਨਜੀਤ ਸਿੰਘ ਮਾਨ ਦੀ ਅਗਵਾਈ ਹੇਠ ਮੀਟਿੰਗ ਕੀਤੀ ਗਈ। ਇਸ ਵਿੱਚ ਅਕਾਲੀ-ਭਾਜਪਾ ਗਠਜੋੜ ਸਰਕਾਰ ਨੂੰ ਚਲਦਾ ਕਰਨ, ਸ਼੍ਰੋਮਣੀ ਕਮੇਟੀ ਦੇ ਪ੍ਰਬੰਧਾਂ ਵਿਚੋਂ ਬਾਦਲਾਂ ਨੂੰ ਲਾਂਭੇ ਕਰਨ ਅਤੇ ਸ਼੍ਰੋਮਣੀ ਕਮੇਟੀ ਵੱਲੋਂ ਥਾਪੇ ਗਏ ਜਥੇਦਾਰਾਂ ਨੂੰ ਹਟਾ ਕੇ ਸਰਬੱਤ ਖ਼ਾਲਸਾ ਵੱਲੋਂ ਥਾਪੇ ਗਏ ਜਥੇਦਾਰਾਂ ਨੂੰ ਹੀ ਸਰਬ ਪ੍ਰਵਾਨਿਤ ਕਰਨ ਬਾਰੇ ਵਿਚਾਰਾਂ ਕੀਤੀਆਂ ਗਈਆਂ। ਬੈਠਕ ਵਿੱਚ 10 ਨਵੰਬਰ ਨੂੰ ਤਲਵੰਡੀ ਸਾਬੋ ਵਿੱਚ ਬੁਲਾਏ ਜਾ ਰਹੇ ਸਰਬੱਤ ਖ਼ਾਲਸਾ ਬਾਰੇ ਵੀ ਚਰਚਾ ਕੀਤੀ ਗਈ। ਬਾਅਦ ਵਿੱਚ ਪੱਤਰਕਾਰ ਸੰਮੇਲਨ ਦੌਰਾਨ ਸ੍ਰੀ ਮਾਨ ਨੇ ਦੱਸਿਆ ਕਿ ਆ ਰਹੀਆਂ ਵਿਧਾਨ ਸਭਾ ਚੋਣਾਂ ਵਿੱਚ ਹਮਖਿਆਲੀ ਧਿਰਾਂ ਨੂੰ ਨਾਲ ਲੈਕੇ ਪੰਜਾਬ ਦੀ ਸੱਤਾ 'ਤੇ ਕਾਬਜ਼ ਅਕਾਲੀ-ਭਾਜਪਾ ਗਠਜੋੜ ਨੂੰ ਚਲਦਾ ਕਰਨ ਦੀ ਰਣਨੀਤੀ 'ਤੇ ਚਰਚਾ ਕੀਤੀ ਗਈ ਹੈ। ਸਮੂਹ ਗਰਮਖਿਆਲੀ ਧਿਰਾਂ ਦੇ ਆਗੂਆਂ ਨੇ ਦਲਿਤ ਭਾਈਚਾਰੇ ਨੂੰ ਨਾਲ ਲੈ ਕੇ ਚੱਲਣ ਦੀ ਗੱਲ ਕਰਦਿਆਂ ਕਿਹਾ ਕਿ ਸਰਬੱਤ ਖ਼ਾਲਸਾ ਵਿੱਚ ਰੰਘਰੇਟਾ ਸਮਾਜ, ਰਵੀਦਾਸੀਆ ਸਮਾਜ, ਉਦਾਸੀ ਸੰਪਰਦਾ, ਨਿਰਮਲੇ, ਨਿਹੰਗ ਸਿੰਘ, ਬੈਰਾਗੀ, ਨਾਮਧਾਰੀ ਜਥੇਬੰਦੀ ਆਦਿ ਨੂੰ ਵਿਸ਼ੇਸ਼ ਤੌਰ 'ਤੇ ਬੁਲਾਇਆ ਜਾਵੇਗਾ। ਪ੍ਰਧਾਨ ਮੰਤਰੀ ਨਰਿੰਦਰ ਮੋਦੀ ਵੱਲੋਂ ਸਿੰਧੂ ਜਲ ਸਮਝੌਤੇ ਨੂੰ ਤੋੜਨ ਬਾਰੇ ਸ੍ਰੀ ਮਾਨ ਨੇ ਕਿਹਾ ਕਿ ਸ੍ਰੀ ਮੋਦੀ ਨੂੰ ਪਹਿਲਾਂ ਇਹ ਸੋਚਣਾ ਚਾਹੀਦਾ ਹੈ ਕਿ ਜੇਕਰ ਸਿੰਧੂ ਦਾ ਪਾਣੀ ਬੰਦ ਕੀਤਾ ਜਾਵੇਗਾ ਤਾਂ ਚੀਨ ਦੀ ਧਰਤੀ ਤੋਂ ਸ਼ੁਰੂ ਹੋਣ ਵਾਲੇ ਸਤਲੁਜ ਅਤੇ ਬ੍ਰਹਮਪੁੱਤਰ 'ਤੇ ਇਸ ਕਰਕੇ ਨਾਕੇ ਲੱਗ ਸਕਦੇ ਹਨ ਕਿਉਂਕਿ ਚੀਨ ਤੇ ਪਾਕਿਸਤਾਨ ਘਿਓ-ਖਿਚੜੀ ਹਨ।

### ਸ਼੍ਰੋਮਣੀ ਕਮੇਟੀ ਗਰਮਖ਼ਿਆਲੀਆਂ 'ਤੇ ਰਹੀ ਮਿਹਰਬਾਨ

ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਅਧਿਕਾਰੀ ਸਿਮਰਨਜੀਤ ਸਿੰਘ ਮਾਨ ਸਮੇਤ ਹਾਜ਼ਰ ਯੂਨਾਈਟਿਡ ਅਕਾਲੀ ਦਲ ਦੇ ਪ੍ਰਧਾਨ ਭਾਈ ਮੋਹਕਮ ਸਿੰਘ, ਭਾਈ ਵੱਸਣ ਸਿੰਘ ਜ਼ੱਫਰਵਾਲ, ਬੀਬੀ ਪ੍ਰੀਤਮ ਕੌਰ, ਰਣਜੀਤ ਸਿੰਘ ਮੁਗਲਮਾਜਰੀ, ਕੁਲਦੀਪ ਸਿੰਘ ਭਾਗੋਵਾਲ, ਫੌਜ਼ਾ ਸਿੰਘ ਧਨੌਰੀ, ਪਰਮਜੀਤ ਸਿੰਘ, ਗੁਰਦੀਪ ਸਿੰਘ ਬਠਿੰਡਾ 'ਤੇ ਮਿਹਰਬਾਨ ਦਿਖਾਈ ਦਿੱਤੇ। ਤਖ਼ਤ ਕੇਸਗੜ੍ਹ ਸਾਹਿਬ ਕੰਪਲੈਕਸ ਵਿੱਚ ਜਿੱਥੇ ਗਰਮਖਿਆਲੀ ਆਗੂਆਂ ਨੂੰ ਫੜਕਣ ਵੀ ਨਹੀਂ ਦਿੱਤਾ ਜਾਂਦਾ ਸੀ ਉੱਥੇ ਕੰਪਲੈਕਸ ਦੇ ਮੀਟਿੰਗ ਹਾਲ ਦੇ ਦਰਵਾਜ਼ੇ ਹੀ ਨਹੀਂ ਖੋਲ੍ਹੇ ਗਏ ਬਲਕਿ ਇਨ੍ਹਾਂ ਆਗੂਆਂ ਦੀ ਆਓ ਭਗਤ ਵੀ ਕੀਤੀ ਗਈ।

## 'ਆਪ' ਅਕਤੂਬਰ ਦੇ ਪਹਿਲੇ ਹਫ਼ਤੇ 25 ਹੋਰ ਉਮੀਦਵਾਰ ਦਾ ਐਲਾਨ ਕਰੇਗੀ

**ਚੰਡੀਗੜ੍ਹ/ਬਿਊਰੋ ਨਿਊਜ਼** : ਆਮ ਆਦਮੀ ਪਾਰਟੀ ('ਆਪ') ਵੱਲੋਂ ਇੱਥੇ ਮੁੱਖ ਦਫਤਰ ਵਿੱਚ ਉਮੀਦਵਾਰਾਂ ਦੀ ਇੰਟਰਵਿਊ ਲੈਣ ਦਾ ਸਿਲਸਿਲਾ ਜਾਰੀ ਹੈ ਅਤੇ ਅਕਤੂਬਰ ਦੇ ਪਹਿਲੇ ਹਫ਼ਤੇ 25 ਹੋਰ ਉਮੀਦਵਾਰਾਂ ਦਾ ਐਲਾਨ ਕੀਤਾ ਜਾ ਸਕਦਾ ਹੈ। ਪਾਰਟੀ ਵੱਲੋਂ ਤੀਜੀ ਸੂਚੀ ਵਿੱਚੋਂ ਵੀ ਮੁੱਖ ਆਗੂਆਂ ਨੂੰ ਬਾਹਰ ਰੱਖਣ ਦੀ ਰਣਨੀਤੀ ਬਣਾਈ ਗਈ ਹੈ। ਦੱਸਣਯੋਗ ਹੈ ਕਿ ਇਸ ਤੋਂ ਪਹਿਲਾਂ ਪਾਰਟੀ 32 ਉਮੀਦਵਾਰਾਂ ਦਾ ਐਲਾਨ ਕਰ ਚੁੱਕੀ ਹੈ। ਪਹਿਲੇ ਉਮੀਦਵਾਰਾਂ ਵਿਰੁੱਧ ਕਈ ਤਰ੍ਹਾਂ ਦੀਆਂ ਉਂਗਲਾਂ ਉਠਣ ਕਾਰਨ ਹੁਣ ਲੀਡਰਸ਼ਿਪ ਵੱਲੋਂ ਉਮੀਦਵਾਰਾਂ ਦੀ ਚੋਣ ਕਰਨ ਤੋਂ ਪਹਿਲਾਂ ਸਾਰੇ ਪੱਖਾਂ ਨੂੰ ਬਰੀਕੀ ਨਾਲ ਘੋਖਿਆ ਜਾ ਰਿਹਾ ਹੈ। ਸੂਤਰਾਂ ਅਨੁਸਾਰ ਇੱਥੇ ਮੁੱਖ ਦਫਤਰ ਵਿੱਚ ਪਿਛਲੇ ਕੁਝ ਦਿਨਾਂ ਤੋਂ ਪੰਜਾਬ ਇਕਾਈ ਦੇ ਇੰਚਾਰਜ ਸੰਜੇ ਸਿੰਘ ਤੇ ਸਹਿ-ਇੰਚਾਰਜ ਤੇ ਦਿੱਲੀ ਦੇ ਵਿਧਾਇਕ ਜਰਨੈਲ ਸਿੰਘ, ਕੌਮੀ ਜਥੇਬੰਦਕ ਢਾਂਚੇ ਦੇ ਮੁਖੀ ਦੁਰਗੇਸ਼ ਪਾਠਕ, ਪੰਜਾਬ ਦੇ ਕਨਵੀਨਰ ਗੁਰਪ੍ਰੀਤ ਸਿੰਘ ਵੜੈਚ (ਘੁੱਗੀ) ਅਤੇ ਸੰਸਦ ਮੈਂਬਰ ਤੇ ਪ੍ਰਚਾਰ ਕਮੇਟੀ ਦੇ ਮੁਖੀ ਭਗਵੰਤ ਮਾਨ ਮੁੱਖ ਤੌਰ 'ਤੇ ਉਮੀਦਵਾਰਾਂ ਦੇ ਨਾਵਾਂ ਨੂੰ ਅੰਤਿਮ ਛੋਹਾਂ ਦੇ ਰਹੇ ਹਨ। ਪਾਰਟੀ ਵੱਲੋਂ ਫਿਲਹਾਲ ਪੰਜਾਬ ਦੇ ਪ੍ਰਮੁੱਖ ਆਗੂਆਂ ਨੂੰ ਟਿਕਟਾਂ ਦੇਣ ਦੇ ਐਲਾਨ ਨੂੰ ਟਾਲਿਆ ਜਾ ਰਿਹਾ ਹੈ। ਪਾਰਟੀ ਦਾ ਮੰਨਣਾ ਹੈ ਕਿ ਮੁੱਖ ਆਗੂਆਂ ਨੂੰ ਹੁਣ ਟਿਕਟਾਂ ਦੇਣ ਦਾ ਐਲਾਨ ਕਰਨ ਨਾਲ ਉਨ੍ਹਾਂ ਦੇ ਆਪਣੇ ਹਲਕਿਆਂ ਵਿੱਚ ਸਰਗਰਮ ਹੋਣ ਨਾਲ ਰਾਜ ਪੱਧਰੀ ਪ੍ਰਚਾਰ ਨੂੰ ਠੇਸ ਲੱਗ ਸਕਦੀ ਹੈ। ਆਮ ਆਦਮੀ ਪਾਰਟੀ ਉਪਰ ਦਿੱਲੀ ਵਾਲਿਆਂ ਦੇ ਭਾਰੂ ਹੋਣ ਦੇ ਲੱਗ ਰਹੇ ਦੋਸ਼ਾਂ ਨੂੰ ਦੂਰ ਕਰਨ ਲਈ ਲੀਡਰਸ਼ਿਪ ਨੇ ਪੰਜਾਬ ਦੀ ਸਟੇਟ ਕਮੇਟੀ ਬਣਾਉਣ ਦਾ ਫ਼ੈਸਲਾ ਵੀ ਲੈ ਲਿਆ ਹੈ। ਇਸ ਦੇ ਪਹਿਲੇ ਪੜਾਅ ਵਿੱਚ ਮੰਡੀ ਗੋਬਿੰਦਗੜ੍ਹ ਤੋਂ ਗੁਲਸ਼ਨ ਛਾਬੜਾ ਨੂੰ ਸੂਬਾਈ ਸਕੱਤਰ ਨਿਯੁਕਤ ਕੀਤਾ ਗਿਆ ਹੈ। ਪੰਜਾਬ ਦੇ ਸਹਿ-ਇੰਚਾਰਜ ਜਰਨੈਲ ਸਿੰਘ ਨੇ ਅੱਜ ਆਪਣੇ ਹੋਰ ਸਾਥੀਆਂ ਸਮੇਤ ਪੱਤਰਕਾਰਾਂ ਨੂੰ ਦੱਸਿਆ ਕਿ ਸਟੇਟ ਕਮੇਟੀ ਬਣਾਉਣ ਦਾ ਫ਼ੈਸਲਾ ਲੈ ਲਿਆ ਹੈ ਅਤੇ ਜਲਦ ਹੀ ਮੀਤ ਪ੍ਰਧਾਨ ਤੇ ਜੁਆਇੰਟ ਸਕੱਤਰ ਨਿਯੁਕਤ ਕੀਤੇ ਜਾਣਗੇ। ਉਨ੍ਹਾਂ ਇੱਕ ਸਵਾਲ ਦੇ ਜਵਾਬ ਵਿੱਚ ਕਿਹਾ ਕਿ ਜਦੋਂ ਸੰਸਦ ਮੈਂਬਰ ਡਾ. ਧਰਮਵੀਰ ਗਾਂਧੀ ਵੱਖਰੀ ਸਿਆਸੀ ਪਾਰਟੀ ਬਣਾਉਣਗੇ ਤਾਂ ਉਨ੍ਹਾਂ ਵਿਰੁੱਧ ਅਵੱਛ ਅਨੁਸ਼ਾਸਨੀ ਕਾਰਵਾਈ ਕੀਤੀ ਜਾਵੇਗੀ। ਪਾਰਟੀ ਆਗੂ ਐਚ.ਐਸ. ਫੂਲਕਾ ਵੱਲੋਂ ਡਾ. ਗਾਂਧੀ ਨੂੰ ਚੰਗਾ ਬੰਦਾ ਕਹਿਣ 'ਤੇ ਜਰਨੈਲ ਸਿੰਘ ਕੋਈ ਤਸੱਲੀਬਖ਼ਸ਼ ਜਵਾਬ ਨਹੀਂ ਦੇ ਸਕੇ। ਪਾਰਟੀ ਦੇ ਐਨਆਰਆਈ ਵਿੰਗ ਦੇ ਮੁਖੀ ਜਗਤਾਰ ਸਿੰਘ ਸੰਘੇੜਾ ਨੇ ਦੋਸ਼ ਲਾਇਆ ਕਿ ਐਨਆਰਆਈਜ਼ ਵੱਲੋਂ 'ਆਪ' ਦੀ ਪਿੱਠ 'ਤੇ ਆਉਣ ਕਾਰਨ ਬਾਦਲ ਸਰਕਾਰ ਨੇ ਬਦਲਾਲਊ ਕਾਰਵਾਈ ਤਹਿਤ ਵਿਦੇਸ਼ੀ ਨਾਗਰਿਕਤਾ ਲੈਣ ਵਾਲੇ ਪੰਜਾਬ ਦੇ ਪੈਨਸ਼ਨਰਾਂ ਦਾ ਡੀ.ਏ. ਤੇ ਮੈਡੀਕਲ ਬੰਦ ਕਰਨ ਦਾ ਫ਼ੈਸਲਾ ਕੀਤਾ ਹੈ। ਮੈਨੀਫੈਸਟੋ ਕਮੇਟੀ ਦੀ ਮੈਂਬਰ ਚੰਦਰ ਸੁਤਾ ਡੋਗਰਾ ਨੇ ਦੋਸ਼ ਲਾਇਆ ਕਿ ਬਾਦਲਾਂ ਦੇ ਨਜ਼ਦੀਕੀਆਂ ਦੇ ਹਲਕਿਆ ਵਿੱਚ ਬਿਜਲੀ ਦੀ ਚੋਰੀ ਵਿਆਪਕ ਪੱਧਰ 'ਤੇ ਹੋ ਰਹੀ ਹੈ, ਜਿਸ ਦਾ ਬੋਝ ਆਮ ਬੰਦਿਆਂ ਉਪਰ ਪੈ ਰਿਹਾ ਹੈ।

# ਸਾਰਕ ਸਿਖ਼ਰ ਸੰਮੇਲਨ : ਭਾਰਤ ਵਲੋਂ ਬਾਈਕਾਟ

## ਬੰਗਲਾਦੇਸ਼, ਭੂਟਾਨ ਤੇ ਅਫ਼ਗਾਨਿਸਤਾਨ ਨੇ ਵੀ ਜਾਣ ਤੋਂ ਕੀਤਾ ਇਨਕਾਰ




**ਨਵੀਂ ਦਿੱਲੀ/ਬਿਊਰੋ ਨਿਊਜ਼ :** ਭਾਰਤ ਨੇ ਨਵੰਬਰ ਵਿਚ ਇਸਲਾਮਾਬਾਦ ਹੋਣ ਵਾਲੀ ਸਾਰਕ ਸਿਖ਼ਰ ਸੰਮੇਲਨ ਵਿਚ ਹਿੱਸਾ ਲੈਣ ਤੋਂ ਇਨਕਾਰ ਕਰ ਦਿੱਤਾ ਹੈ। ਇਸ ਦੇ ਨਾਲ ਹੀ ਭੂਟਾਨ, ਬੰਗਲਾਦੇਸ਼ ਤੇ ਅਫ਼ਗਾਨਿਸਤਾਨ ਨੇ ਵੀ ਪਾਕਿਸਤਾਨ ਵਿਚ ਹੋ ਰਹੇ ਸੰਮੇਲਨ ਵਿਚ ਸ਼ਿਰਕਤ ਕਰਨ ਤੋਂ ਇਨਕਾਰ ਕਰ ਦਿੱਤਾ ਹੈ। ਪਾਕਿਸਤਾਨ ਦਾ ਭਾਰਤ ਖ਼ਿਲਾਫ਼ ਸਰਹੱਦ ਪਾਰ ਅੱਤਵਾਦ ਜਾਰੀ ਰੱਖਣ ਦਾ ਹਵਾਲਾ ਦਿੰਦਿਆਂ ਭਾਰਤ ਸਰਕਾਰ ਨੇ ਐਲਾਨ ਕੀਤਾ ਕਿ ਮੌਜੂਦਾ ਹਾਲਾਤ ਵਿਚ ਭਾਰਤ ਸਰਕਾਰ ਇਸਲਾਮਾਬਾਦ ਵਿਚ ਹੋਣ ਵਾਲੇ ਸਿਖ਼ਰ ਸੰਮੇਲਨ ਵਿਚ ਹਿੱਸਾ ਲੈਣ ਵਿਚ ਅਸਮਰਥ ਹੈ। ਬੰਗਲਾਦੇਸ਼ ਵਲੋਂ ਭੇਜੇ ਗਏ ਪੱਤਰ ਵਿਚ ਕਿਹਾ ਗਿਆ ਹੈ ਕਿ ਬੰਗਲਾਦੇਸ਼ ਦੇ ਅੰਦਰੂਨੀ ਮਾਮਲਿਆਂ ਵਿਚ ਇਕ ਦੇਸ਼ ਦੇ ਵਧਦੇ ਦਖ਼ਲ ਨੇ ਅਜਿਹਾ ਮਾਹੌਲ ਪੈਦਾ ਕਰ ਦਿੱਤਾ ਹੈ ਜੋ ਨਵੰਬਰ 2016 ਵਿਚ ਇਸਲਾਮਾਬਾਦ ਵਿਚ 19ਵੇਂ ਸਿਖ਼ਰ ਸੰਮੇਲਨ ਲਈ ਢੁਕਵਾਂ ਨਹੀਂ ਹੈ। ਬੰਗਲਾਦੇਸ਼ ਨੇ ਕਿਹਾ, 'ਉਹ ਖੇਤਰੀ ਸਹਿਯੋਗ, ਤਾਲਮੇਲ ਤੇ ਸੰਪਰਕਾਂ ਪ੍ਰਤੀ ਆਪਣੀ ਪ੍ਰਤੀਬੱਧਤਾ 'ਤੇ ਅਟਲ ਹੈ ਪਰ ਉਸ ਦਾ ਮੰਨਣਾ ਹੈ ਕਿ ਇਹ ਚੀਜ਼ਾਂ ਸੁਖਦ ਮਾਹੌਲ ਵਿਚ ਹੀ ਅੱਗੇ ਵਧ ਸਕਦੀਆਂ ਹਨ। ਇਸ ਸਭ ਦੇ ਮੱਦੇਨਜ਼ਰ ਬੰਗਲਾਦੇਸ਼ ਇਸਲਾਮਾਬਾਦ ਵਿਚ ਪ੍ਰਸਤਾਵਤ ਸਿਖ਼ਰ ਸੰਮੇਲਨ ਵਿਚ ਹਿੱਸਾ ਲੈਣ ਦੇ ਅਸਮਰਥ ਹੈ। ਭੂਟਾਨ ਨੇ ਕਿਹਾ ਕਿ ਹਾਲਾਂਕਿ ਉਹ ਦੁਵੱਲੇ ਸਬੰਧ ਤੇ ਖੇਤਰੀ ਸਹਿਯੋਗ ਵਧਾਉਣ ਲਈ ਪ੍ਰਤੀਬੱਧ ਹੈ ਪਰ ਖੇਤਰ ਵਿਚ ਹਾਲ ਹੀ ਵਿਚ ਅੱਤਵਾਦੀ ਘਟਨਾਵਾਂ ਵਿਚ ਆਈ ਤੇਜ਼ੀ ਨਾਲ ਉਹ ਚਿੰਤਤ ਹੈ, ਜਿਸ ਦਾ ਅਸਰ ਇਸਲਾਮਾਬਾਦ ਵਿਚ ਨਵੰਬਰ 2016 ਵਿਚ ਹੋਣ ਵਾਲੇ 19ਵੇਂ ਸਾਰਕ ਸਿਖ਼ਰ ਸੰਮੇਲਨ 'ਤੇ ਪੈਣਾ ਲਾਜ਼ਮੀ ਹੈ। ਇਸ ਤੋਂ ਇਲਾਵਾ ਭੂਟਾਨ ਦੀ ਸ਼ਾਹੀ ਸਰਕਾਰ ਖੇਤਰ ਵਿਚ ਅੱਤਵਾਦ ਕਾਰਨ ਸ਼ਾਂਤੀ ਅਤੇ ਸੁਰੱਖਿਆ ਦੀ ਵਿਗੜਦੀ ਸਥਿਤੀ 'ਤੇ ਸਾਰਕ ਦੇ ਕੁਝ ਮੈਂਬਰ ਦੇਸ਼ਾਂ ਦੀ ਚਿੰਤਾ ਨਾਲ ਇਤਫ਼ਾਕ ਰੱਖਦੀ ਹੈ ਅਤੇ ਮੌਜੂਦਾ ਹਾਲਾਤ ਵਿਚ ਸਿਖ਼ਰ ਸੰਮੇਲਨ ਵਿਚ ਸ਼ਾਮਲ ਹੋਣ ਵਿਚ ਆਪਣੀ ਅਸਮਰਥਾ ਜ਼ਾਹਰ ਕਰਦੀ ਹੋਈ, ਉਨ੍ਹਾਂ ਦੇਸ਼ਾਂ ਦੇ ਨਾਲ ਹੈ।

### ਸਾਰਕ ਸੰਮੇਲਨ 'ਤੇ ਸੰਕਟ :

ਭਾਰਤੀ ਵਿਦੇਸ਼ ਮੰਤਰਾਲੇ ਦੇ ਬੁਲਾਰੇ ਨੇ ਕਿਹਾ ਕਿ ਭਾਰਤ ਨੇ ਇਸ ਦੀ ਜਾਣਕਾਰੀ ਸਾਰਕ ਦੇ ਮੌਜੂਦਾ ਮੁਖੀ ਨੇਪਾਲ ਨੂੰ ਦੇ ਦਿੱਤੀ ਹੈ। ਭਾਰਤ ਦੇ ਇਸ ਫ਼ੈਸਲੇ ਮਗਰੋਂ ਸਾਰਕ ਸੰਮੇਲਨ ਦਾ ਰੱਦ ਹੋਣਾ ਤੈਅ ਹੋ ਗਿਆ ਹੈ। ਸਾਰਕ ਦੇ ਸੰਵਿਧਾਨ ਮੁਤਾਬਕ ਇਕ ਵੀ ਮੈਂਬਰ ਦੇਸ਼ ਜੇਕਰ ਸ਼ਾਮਲ ਹੋਣ ਤੋਂ ਅਸਮਰਥਾ ਜ਼ਾਹਰ ਕਰਦਾ ਹੈ ਤਾਂ ਸਿਖ਼ਰ ਸੰਮੇਲਨ ਨਹੀਂ ਹੋ ਸਕਦਾ। ਜ਼ਿਕਰਯੋਗ ਹੈ ਕਿ ਉੜੀ ਹਮਲੇ ਨੂੰ ਲੈ ਕੇ ਭਾਰਤ ਨੇ ਸਖ਼ਤ ਰੁਖ਼ ਅਪਣਾਇਆ ਹੈ। ਸਾਰੇ ਪੱਧਰਾਂ 'ਤੇ ਪਾਕਿਸਤਾਨ ਨੂੰ ਅਲੱਗ-ਥਲੱਗ ਕਰਨ ਦਾ ਯਤਨ ਚੱਲ ਰਿਹਾ ਹੈ। ਸਿੰਧੂ ਨਦੀ ਸਮਝੌਤੇ ਦੀ ਸਮੀਖਿਆ ਕੀਤੀ ਜਾ ਰਹੀ ਹੈ। ਉਧਰ ਪਾਕਿਸਤਾਨ ਨੂੰ ਸਭ ਤੋਂ ਵੱਧ ਤਰਜੀਹੀ ਮੁਲਕ ਵਾਲਾ ਦਰਜਾ ਦੇਣ 'ਤੇ ਵੀ ਸੰਕਟ ਦੇ ਬੱਦਲ ਮੰਡਰਾ ਰਹੇ ਹਨ।

**ਇਸਲਾਮਾਬਾਦ :** ਪਾਕਿਸਤਾਨ ਦੇ ਵਿਦੇਸ਼ ਮੰਤਰਾਲੇ ਦੇ ਤਰਜਮਾਨ ਨੇ ਕਿਹਾ ਹੈ ਕਿ ਫਿਲਹਾਲ ਭਾਰਤ ਵੱਲੋਂ ਬਾਈਕਾਟ ਕੀਤੇ ਜਾਣ ਬਾਰੇ ਅਧਿਕਾਰਤ ਤੌਰ 'ਤੇ ਕੋਈ ਸੂਚਨਾ ਨਹੀਂ ਮਿਲੀ ਹੈ, ਪਰ ਭਾਰਤ ਦਾ ਇਹ ਫ਼ੈਸਲਾ ਮੰਦਭਾਗਾ ਹੈ। ਉਨ੍ਹਾਂ ਕਿਹਾ ਕਿ ਭਾਰਤ ਨੂੰ ਸਾਰਕ ਫੋਰਮ ਨਾਲ ਇਸ ਤਰ੍ਹਾਂ ਦਾ ਵਿਹਾਰ ਨਹੀਂ ਕਰਨਾ ਚਾਹੀਦਾ।

# ਪਾਕਿ ਤੋਂ ਵਾਪਸ ਲਿਆ ਜਾ ਸਕਦਾ ਹੈ ਤਰਜੀਹੀ ਮੁਲਕ ਦਾ ਰੁਤਬਾ

**ਨਵੀਂ ਦਿੱਲੀ/ਬਿਊਰੋ ਨਿਊਜ਼** : ਭਾਰਤ ਵੱਲੋਂ ਪਾਕਿਸਤਾਨ ਨੂੰ ਵਪਾਰ-ਕਾਰੋਬਾਰ ਸਬੰਧੀ ਦਿੱਤੇ ਗਏ ਸਭ ਤੋਂ ਵੱਧ ਤਰਜੀਹੀ ਮੁਲਕ (ਐਮਐਫ਼ਐਨ) ਦੇ ਰੁਤਬੇ ਉਤੇ ਵੀ ਨਜ਼ਰਸਾਨੀ ਕੀਤੀ ਜਾਵੇਗੀ। ਇਸ ਮਕਸਦ ਲਈ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ ਵੀਰਵਾਰ ਨੂੰ ਇਥੇ ਮੀਟਿੰਗ ਸੱਦੀ ਹੈ। ਇਸ ਤੋਂ ਪਹਿਲਾਂ ਸਰਕਾਰ ਵੱਲੋਂ ਸਿੰਧੂ ਪਾਣੀ ਸਮਝੌਤੇ ਉਤੇ ਵੀ ਮੁੜ-ਗ਼ੌਰ ਕੀਤੀ ਜਾ ਚੁੱਕੀ ਹੈ। ਗ਼ੌਰਤਲਬ ਹੈ ਕਿ ਭਾਰਤ ਨੇ 1996 ਵਿੱਚ ਵਪਾਰ-ਕਾਰੋਬਾਰ ਦੇ ਸਬੰਧ ਵਿੱਚ ਪਾਕਿਸਤਾਨ ਨੂੰ ਇਕਪਾਸੜ ਤੌਰ 'ਤੇ ਤਰਜੀਹੀ ਮੁਲਕ ਦਾ ਦਰਜਾ ਦਿੱਤਾ ਸੀ ਅਤੇ ਹੁਣ ਉੜੀ ਹਮਲੇ ਕਾਰਨ ਦੋਵਾਂ ਮੁਲਕਾਂ ਦੇ ਰਿਸ਼ਤਿਆਂ ਵਿੱਚ ਆਈ ਕੁੜੱਤਣ ਕਾਰਨ ਕੇਂਦਰ ਦੀ ਮੋਦੀ ਸਰਕਾਰ ਨੇ ਇਸ ਦਰਜੇ ਉਤੇ ਮੁੜ-ਵਿਚਾਰ ਕਰਨ ਦਾ ਫ਼ੈਸਲਾ ਕੀਤਾ ਹੈ। ਦੱਸਣਯੋਗ ਹੈ ਕਿ ਇਸ ਹਮਲੇ ਕਾਰਨ ਪਾਕਿਸਤਾਨ ਪ੍ਰਤੀ ਆਪਣੀ ਨਾਰਾਜ਼ਗੀ ਜ਼ਾਹਰ ਕਰਨ ਲਈ ਕੇਂਦਰ ਸਰਕਾਰ ਵੱਲੋਂ ਵੱਖ-ਵੱਖ ਢੰਗ-ਤਰੀਕੇ ਅਪਣਾਏ ਜਾ ਰਹੇ ਹਨ। ਭਾਰਤ ਨੇ 1996 ਵਿੱਚ ਵਿਸ਼ਵ ਵਪਾਰ ਸੰਸਥਾ (ਡਬਲਿਊਟੀਓ) ਦੇ ਦਰਾਂ ਤੇ ਵਪਾਰ ਸਬੰਧੀ ਆਮ ਸਮਝੌਤੇ (ਜੀਏਟੀਟੀ) ਤਹਿਤ ਪਾਕਿਸਤਾਨ ਨੂੰ ਇਹ ਰੁਤਬਾ ਦਿੱਤਾ ਸੀ। ਭਾਰਤ ਤੇ ਪਾਕਿਸਤਾਨ ਦੋਵਾਂ ਨੇ ਇਸ ਸਮਝੌਤੇ ਉਤੇ ਸਹੀ ਪਾਈ ਹੋਈ ਹੈ, ਜਿਸ ਦਾ ਮਤਲਬ ਹੈ ਕਿ ਉਨ੍ਹਾਂ ਨੂੰ ਇਕ-ਦੂਜੇ ਤੇ ਡਬਲਿਊਟੀਓ ਦੇ ਦੂਜੇ ਮੈਂਬਰਾਂ ਨੂੰ ਸਭ ਤੋਂ ਵੱਧ ਤਰਜੀਹੀ ਕਾਰੋਬਾਰੀ ਭਾਈਵਾਲਾਂ ਵਜੋਂ ਲੈਣਾ ਹੋਵੇਗਾ। ਐਸੋਚੈਮ ਮੁਤਾਬਕ ਭਾਰਤ ਦੇ 2015-16 ਦੌਰਾਨ ਹੋਏ 641 ਅਰਬ ਡਾਲਰ ਦੇ ਕੁੱਲ ਵਿਦੇਸ਼ੀ ਵਪਾਰ ਵਿੱਚੋਂ ਪਾਕਿਸਤਾਨ ਨਾਲ ਮਹਿਜ਼ 2.67 ਅਰਬ ਡਾਲਰ ਦਾ ਵਪਾਰ ਹੋਇਆ। ਇਸ ਵਿੱਚੋਂ ਗੁਆਂਢੀ ਮੁਲਕ ਨੂੰ ਭਾਰਤ ਦੀਆਂ ਕੁੱਲ ਬਰਾਮਦਾਂ ਮਹਿਜ਼ 2.17 ਅਰਬ ਡਾਲਰ ਦੀਆਂ ਹੋਈਆਂ ਜੋ ਭਾਰਤ ਦੀਆਂ ਸਮੁੱਚੀਆਂ ਬਰਾਮਦਾਂ ਦਾ 0.83 ਫ਼ੀਸਦੀ ਹਿੱਸਾ ਬਣਦੀਆਂ ਹਨ। ਇਸੇ ਤਰ੍ਹਾਂ ਕੁੱਲ ਦਰਾਮਦਾਂ 50 ਕਰੋੜ ਡਾਲਰ ਜਾਂ 0.13 ਫ਼ੀਸਦੀ ਹੀ ਸਨ। ਸ੍ਰੀ ਮੋਦੀ ਨੇ ਬੀਤੇ ਦਿਨ ਇਕ ਮੀਟਿੰਗ ਵਿੱਚ 56 ਸਾਲ ਪੁਰਾਣੇ ਸਿੰਧੂ ਪਾਣੀ ਸਮਝੌਤੇ ਉਤੇ ਨਜ਼ਰਸਾਨੀ ਕੀਤੀ ਸੀ। ਇਸ ਵਿੱਚ ਫ਼ੈਸਲਾ ਕੀਤਾ ਗਿਆ ਸੀ ਕਿ ਸਮਝੌਤੇ ਮੁਤਾਬਕ ਪਾਕਿਸਤਾਨ ਦੇ ਕੰਟਰੋਲ ਵਾਲੇ ਦਰਿਆਵਾਂ, ਸਮੇਤ ਜਿਹਲਮ, ਦੇ ਪਾਣੀਆਂ ਦਾ ਭਾਰਤ ਵੱਲੋਂ 'ਵੱਧ ਤੋਂ ਵੱਧ ਫ਼ਾਇਦਾ' ਉਠਾਇਆ ਜਾਵੇਗਾ। ਇਸ ਮੌਕੇ ਇਹ ਗੱਲ ਵੀ ਕਹੀ ਗਈ ਕਿ ਸਿੰਧ ਜਲ ਕਮਿਸ਼ਨ ਦੀ ਮੀਟਿੰਗ 'ਸਿਰਫ਼ ਦਹਿਸ਼ਤਗਰਦੀ ਤੋਂ ਮੁਕਤ ਮਾਹੌਲ' ਵਿੱਚ ਹੀ ਹੋ ਸਕਦੀ ਹੈ।



### ਭਾਰਤ ਨੇ ਬਾਸਿਤ ਦੂਜੀ ਵਾਰ ਤਲਬ ਕੀਤਾ

**ਨਵੀਂ ਦਿੱਲੀ** : ਬੀਤੇ ਦਸ ਦਿਨਾਂ ਦੌਰਾਨ ਵਿਦੇਸ਼ ਸਕੱਤਰ ਐਸ. ਜੈਸ਼ੰਕਰ ਨੇ ਪਾਕਿਸਤਾਨੀ ਹਾਈ ਕਮਿਸ਼ਨਰ ਅਬਦੁਲ ਬਾਸਿਤ ਨੂੰ ਉੜੀ ਹਮਲੇ ਸਬੰਧੀ ਦੂਜੀ ਵਾਰ ਤਲਬ ਕਰਦਿਆਂ ਉਨ੍ਹਾਂ ਨੂੰ ਇਸ ਸਬੰਧੀ 'ਸਰਹੱਦੋਂ ਪਾਰਲੀਆਂ' ਸਰਗਰਮੀਆਂ ਦੇ ਸਬੂਤ ਦਿਖਾਏ। ਸ੍ਰੀ ਜੈਸ਼ੰਕਰ ਨੇ ਸ੍ਰੀ ਬਾਸਿਤ ਨੂੰ ਤਲਬ ਕਰ ਕੇ ਉਨ੍ਹਾਂ ਨੂੰ ਦੱਸਿਆ ਕਿ ਹਮਲੇ ਸਬੰਧੀ ਫੜੇ ਗਏ ਵਿਅਕਤੀਆਂ ਤੋਂ ਹੋਈ ਮੁੱਢਲੀ ਪੁੱਛ-ਗਿੱਛ ਰਾਹੀਂ ਉੜੀ ਹਮਲੇ ਦੇ ਇਕ ਹਮਲਾਵਰ ਦੀ ਸ਼ਨਾਖ਼ਤ ਹਾਫ਼ਿਜ਼ ਅਹਿਮਦ ਵਜੋਂ ਹੋਈ ਹੈ, ਜੋ ਮਕਬੂਜ਼ਾ ਕਸ਼ਮੀਰ ਦੇ ਮੁਜ਼ੱਫ਼ਰਾਬਾਦ ਦਾ ਰਹਿਣ ਵਾਲਾ ਸੀ। ਵਿਦੇਸ਼ ਮੰਤਰਾਲੇ ਦੇ ਤਰਜਮਾਨ ਵਿਕਾਸ ਸਵਰੂਪ ਮੁਤਾਬਕ ਉਨ੍ਹਾਂ ਪਾਕਿਸਤਾਨੀ ਸਫ਼ੀਰ ਨੂੰ ਹਮਲਾਵਰਾਂ ਦੀ ਪਾਕਿਸਤਾਨ ਵਿੱਚੋਂ ਨਿਗਰਾਨੀ ਕਰਨ ਵਾਲਿਆਂ ਸਬੰਧੀ ਵੇਰਵੇ ਵੀ ਦਿੱਤੇ। ਸ੍ਰੀ ਸਵਰੂਪ ਨੇ ਕਿਹਾ, "ਉੜੀ ਸੈਕਟਰ ਵਿੱਚ ਮੁਕਾਮੀ ਲੋਕਾਂ ਨੇ 21 ਸਤੰਬਰ ਨੂੰ ਮਕਬੂਜ਼ਾ ਕਸ਼ਮੀਰ ਦੇ ਦੋ ਵਿਅਕਤੀਆਂ ਨੂੰ ਫੜ ਕੇ ਸੁਰੱਖਿਆ ਦਸਤਿਆਂ ਹਵਾਲੇ ਕੀਤਾ ਸੀ, ਜਿਨ੍ਹਾਂ ਨੇ ਉੜੀ ਦੇ ਹਮਲਾਵਰਾਂ ਦੀ ਮੱਦਦ ਕੀਤੀ ਸੀ।"

# ਦਿੱਲੀ ਵਾਂਗ ਪੰਜਾਬ 'ਚੋਂ ਵੀ ਵਪਾਰੀਆਂ 'ਤੇ ਛਾਪੇ ਪੈਣੇ ਬੰਦ ਹੋਣਗੇ : ਕੇਜਰੀਵਾਲ

**ਜਲੰਧਰ/ਬਿਊਰੋ ਨਿਊਜ਼ :** ਦਿੱਲੀ ਦੇ ਮੁੱਖ ਮੰਤਰੀ ਅਤੇ 'ਆਪ' ਦੇ ਕੌਮੀ ਕਨਵੀਨਰ ਅਰਵਿੰਦ ਕੇਜਰੀਵਾਲ ਨੇ ਇੱਥੇ ਅਗਰਵਾਲ ਵੈਸ਼ ਮਹਾਂਸੰਮੇਲਨ ਵਿਚ ਵਾਅਦਾ ਕੀਤਾ ਕਿ ਆਉਂਦੀਆਂ ਵਿਧਾਨ ਸਭਾ ਚੋਣਾਂ ਦੌਰਾਨ ਪੰਜਾਬ ਵਿੱਚ ਪਾਰਟੀ ਦੀ ਸਰਕਾਰ ਬਣਨ 'ਤੇ ਸੂਬੇ ਵਿਚੋਂ 'ਛਾਪੇਮਾਰੀ ਰਾਜ' ਦਾ ਅੰਤ ਕਰ ਦਿੱਤਾ ਜਾਵੇਗਾ। ਵਿਕਟੋਰੀਆ ਗਾਰਡਨ ਵਿੱਚ ਮਹਾਰਾਜਾ ਅਗਰਸੈਨ ਜੈਯੰਤੀ ਸਬੰਧੀ ਸਮਾਗਮ ਵਿਚ ਮੁੱਖ ਮਹਿਮਾਨ ਵਜੋਂ ਸ਼ਿਰਕਤ ਕਰਦਿਆਂ ਉਨ੍ਹਾਂ ਦਾਅਵਾ ਕੀਤਾ ਦਿੱਲੀ ਵਿੱਚ 'ਆਪ' ਦੀ ਸਰਕਾਰ ਆਉਣ ਤੋਂ ਬਾਅਦ ਵਪਾਰੀਆਂ ਅਤੇ ਕਾਰੋਬਾਰੀਆਂ ਉੱਤੇ ਛਾਪੇ ਮਾਰਨੇ ਬੰਦ ਕਰ ਦਿੱਤੇ ਗਏ ਹਨ।




ਜਲੰਧਰ ਵਿੱਚ ਅਗਰਵਾਲ ਭਾਈਚਾਰੇ ਵੱਲੋਂ ਕਰਵਾਏ ਭਗਵਾਨ ਅਗਰਸੈਨ ਜਯੰਤੀ ਸਮਾਰੋਹ ਵਿੱਚ ਸ਼ਾਮਲ ਹੋਏ 'ਆਪ' ਸੁਪਰੀਮੋ ਅਰਵਿੰਦ ਕੇਜਰੀਵਾਲ।

ਸ੍ਰੀ ਕੇਜਰੀਵਾਲ ਨੇ ਕਿਹਾ ਕਿ ਛਾਪੇਮਾਰੀ ਭ੍ਰਿਸ਼ਟਾਚਾਰ ਨੂੰ ਖ਼ਤਮ ਕਰਨ ਦੀ ਥਾਂ ਬੜਾਵਾ ਦਿੰਦੀ ਹੈ ਅਤੇ ਇਸ ਨਾਲ ਸਰਕਾਰ ਨੂੰ ਵੀ ਟੈਕਸਾਂ ਦਾ ਘਾਟਾ ਪੈਂਦਾ ਹੈ। ਉਨ੍ਹਾਂ ਮੁਤਾਬਕ ਇੰਸਪੈਕਟਰ ਸਰਕਾਰੀ ਖਜ਼ਾਨੇ ਦੀ ਥਾਂ ਆਪਣੀਆਂ ਜੇਬਾਂ ਭਰਨ ਵੱਲ ਵੱਧ ਧਿਆਨ ਦਿੰਦੇ ਹਨ। ਆਮਦਨ ਕਰ ਵਿਭਾਗ 'ਤੇ ਉਨ੍ਹਾਂ ਦੋਸ਼ ਲਾਇਆ ਕਿ ਉਹ ਕਾਰੋਬਾਰੀਆਂ ਅਤੇ ਵਪਾਰੀਆਂ 'ਤੇ ਛਾਪੇ ਮਾਰ ਕੇ ਉਨ੍ਹਾਂ ਨੂੰ ਤੰਗ ਪ੍ਰੇਸ਼ਾਨ ਕਰ ਰਿਹਾ ਹੈ। 'ਜੇ ਉਨ੍ਹਾਂ ਛਾਪੇਮਾਰੀ ਕਰਨੀ ਹੀ ਹੈ ਤਾਂ ਮਾਲਿਆ ਦੇ ਅਦਾਰਿਆਂ 'ਤੇ ਕਰੇ।' ਉਨ੍ਹਾਂ ਕਿਹਾ ਕਿ ਮੋਦੀ ਸਰਕਾਰ ਨੇ ਧਨਾਢ ਘਰਾਣਿਆਂ ਨੂੰ ਦੇਸ਼ ਲੁੱਟਣ ਦੀ ਖੁੱਲ੍ਹ ਦਿੱਤੀ ਹੋਈ ਹੈ ਜਿਸ ਦਾ ਅੰਦਾਜ਼ਾ ਕੇਂਦਰ ਸਰਕਾਰ ਦੀ ਕਾਲੇ ਧਨ ਸਬੰਧੀ ਗੰਭੀਰਤਾ ਤੋਂ ਲਗਾਇਆ ਜਾ ਸਕਦਾ ਹੈ।

ਨਸ਼ੇ ਦੀ ਸਮੱਸਿਆ ਦਾ ਜ਼ਿਕਰ ਕਰਦਿਆਂ 'ਆਪ' ਆਗੂ ਨੇ ਕਿਹਾ ਕਿ ਪੰਜਾਬ ਵਿਚੋਂ ਇਸ ਨੂੰ ਖ਼ਤਮ ਕਰਨ ਪਵੇਗਾ ਅਤੇ ਫਿਰ ਨਸ਼ਾ ਛੱਡ ਚੁੱਕੇ ਨੌਜਵਾਨਾਂ ਨੂੰ ਨੌਕਰੀਆਂ ਦੀ ਜ਼ਰੂਰਤ ਹੋਵੇਗੀ, ਜਿਸ ਨੂੰ ਉਦਯੋਗ ਵਰਗ ਪੂਰਾ ਕਰੇਗਾ। ਇਸ ਨਾਲ ਨੌਜਵਾਨ ਦੁਬਾਰਾ ਨਸ਼ੇ ਦੀ ਦਲਦਲ ਵਿੱਚ ਨਹੀਂ ਫਸਣਗੇ।

ਉਨ੍ਹਾਂ ਕਿਹਾ ਕਿ ਕਿਸੇ ਸਮੇਂ ਭਾਜਪਾ ਨੂੰ ਵਪਾਰੀ ਵਰਗ ਦੀ ਪਾਰਟੀ ਕਿਹਾ ਜਾਂਦਾ ਸੀ ਪਰ ਆਮ ਆਦਮੀ ਪਾਰਟੀ ਦੀਆਂ ਵਪਾਰੀ ਪੱਖੀ ਨੀਤੀਆਂ ਕਾਰਨ ਹੁਣ ਉਹ ਵਪਾਰੀ ਵਰਗ ਦੀ ਸਭ ਤੋਂ ਚਹੇਤੀ ਪਾਰਟੀ ਬਣ ਗਈ ਹੈ। ਇਸ ਮੌਕੇ ਪੰਜਾਬ ਮਾਮਲਿਆਂ ਦੇ ਇੰਚਾਰਜ ਸੰਜੇ ਸਿੰਘ, ਸੰਸਦ ਮੈਂਬਰ ਭਗਵੰਤ ਮਾਨ ਅਤੇ ਸਾਧੂ ਸਿੰਘ, ਸੂਬਾ ਕਨਵੀਨਰ ਗੁਰਪ੍ਰੀਤ ਸਿੰਘ ਘੁੱਗੀ, ਲੀਗਲ ਸੈੱਲ ਦੇ ਇੰਚਾਰਜ ਹਿੰਮਤ ਸਿੰਘ ਸ਼ੇਰਗਿੱਲ ਅਤੇ ਸਾਬਕਾ ਐਮਪੀ ਜਗਮੀਤ ਸਿੰਘ ਬਰਾੜ ਵੀ ਮੌਜੂਦ ਸਨ। ਇਸ ਦੌਰਾਨ ਸ੍ਰੀ ਕੇਜਰੀਵਾਲ ਨੇ ਬਿਆਸ ਵਿਚ ਰਾਧਾ ਸੁਆਮੀ ਡੇਰੇ ਦੇ ਮੁਖੀ ਗੁਰਿੰਦਰ ਸਿੰਘ ਢਿੱਲੋਂ ਨਾਲ ਮੁਲਾਕਾਤ ਕਰ ਕੇ ਕਰੀਬ ਅੱਧੇ ਘੰਟੇ ਤਕ ਪੰਜਾਬ ਦੇ ਸਿਆਸੀ ਹਾਲਾਤ ਬਾਰੇ ਵਿਚਾਰ ਵਟਾਂਦਰਾ ਕੀਤਾ। ਇਸ ਦੌਰਾਨ ਮਹਿਲਾ ਕਾਂਗਰਸ ਦੀਆਂ ਔਰਤਾਂ ਨੇ ਸਮਾਗਮ ਵਾਲੀ ਥਾਂ 'ਤੇ ਪਹੁੰਚ ਕੇ ਕੇਜਰੀਵਾਲ ਦਾ ਵਿਰੋਧ ਕੀਤਾ। ਜ਼ਿਲ੍ਹਾ ਪ੍ਰਧਾਨ ਜਸਲੀਨ ਸੇਠੀ ਦੀ ਅਗਵਾਈ ਹੇਠ ਮਹਿਲਾ ਵਰਕਰਾਂ ਨੇ 'ਆਪ' ਨੂੰ ਮਹਿਲਾ ਵਿਰੋਧੀ ਪਾਰਟੀ ਦੱਸਦਿਆਂ ਨਾਅਰੇਬਾਜ਼ੀ ਸ਼ੁਰੂ ਕਰ ਦਿੱਤੀ। ਇਸ ਦੇ ਜਵਾਬ ਵਿੱਚ 'ਆਪ' ਦੇ ਵਰਕਰਾਂ ਨੇ ਵੀ ਕਾਂਗਰਸ ਵਿਰੁੱਧ ਨਾਅਰੇ ਲਾਏ।

## ਕੇਜਰੀਵਾਲ ਤੋਂ ਪਹਿਲਾਂ ਹੀ ਡੇਰਾ ਬਿਆਸ ਪਹੁੰਚ ਗਏ ਬਾਦਲ

**ਬਿਆਸ :** ਕੇਜਰੀਵਾਲ ਨੇ ਜਲੰਧਰ ਤੋਂ ਬਾਅਦ ਡੇਰਾ ਬਿਆਸ ਪੁੱਜਣਾ ਸੀ। ਇਸ ਤੋਂ ਪਹਿਲਾਂ ਕਿ ਉਹ ਉਥੇ ਪਹੁੰਚਦੇ, ਮੁੱਖ ਮੰਤਰੀ ਸ. ਪ੍ਰਕਾਸ਼ ਸਿੰਘ ਬਾਦਲ ਵਿਸ਼ੇਸ਼ ਤੌਰ 'ਤੇ ਪਹਿਲਾਂ ਹੀ ਡੇਰਾ ਰਾਧਾ ਸੁਆਮੀ ਬਿਆਸ ਵਿਖੇ ਪੁੱਜ ਗਏ ਤੇ ਉਹ ਉਥੇ ਕਰੀਬ 50 ਮਿੰਟ ਰੁਕੇ, ਜਿਸ ਦੌਰਾਨ ਉਨ੍ਹਾਂ ਡੇਰਾ ਰਾਧਾ ਸੁਆਮੀ ਦੇ ਮੌਜੂਦਾ ਮੁਖੀ ਬਾਬਾ ਗੁਰਿੰਦਰ ਸਿੰਘ ਢਿੱਲੋਂ ਨਾਲ ਮੁਲਾਕਾਤ ਕੀਤੀ ਅਤੇ ਫਿਰ ਪਰਤ ਗਏ। ਜਦੋਂ ਕੇਜਰੀਵਾਲ ਗੇਟ ਤੋਂ ਅੰਦਰ ਦਾਖ਼ਲ ਹੋ ਰਹੇ ਸਨ ਤਾਂ ਬਾਦਲ ਮੁਲਾਕਾਤ ਕਰਕੇ ਪਰਤ ਰਹੇ ਸਨ। ਡੇਰਾ ਸਮਰਥਕਾਂ ਦੇ ਵੱਡੇ ਵਰਗ ਨੂੰ ਦੇਖਦੇ ਹੋਏ ਕੋਈ ਵੀ ਪਾਰਟੀ ਇੱਥੇ ਨਾ ਆਉਣ ਦਾ ਰਿਸਕ ਨਹੀਂ ਲੈਣਾ ਚਾਹੁੰਦੀ। ਇਸੇ ਲਈ 21 ਸਤੰਬਰ ਨੂੰ ਪੰਜਾਬ ਕਾਂਗਰਸ ਦੇ ਕਪਤਾਨ ਕੈਪਟਨ ਅਮਰਿੰਦਰ ਸਿੰਘ ਵੀ ਬਿਆਸ ਪਹੁੰਚੇ ਸਨ। ਇਨ੍ਹਾਂ ਆਗੂਆਂ ਦੀ ਬਿਆਸ ਫੇਰੀ ਨਾਲ ਸਿਆਸੀ ਬਾਜ਼ਾਰ ਇਕ ਵਾਰ ਫਿਰ ਗਰਮਾ ਗਿਆ ਹੈ। ਇਨ੍ਹਾਂ ਆਗੂਆਂ ਵਲੋਂ ਬਿਆਸ ਫੇਰੀ 2017 ਵਿਧਾਨ ਸਭਾ ਚੋਣਾ ਨੂੰ ਲੈ ਕੇ ਕੀਤੀ ਗਈ ਹੈ।

**ਕੈਪਟਨ ਪਹਿਲਾਂ ਹੀ ਜਾ ਆਏ ਹਨ**

# 7-ਰੇਸ ਕੋਰਸ ਮਾਰਗ ਹੁਣ 7-ਲੋਕ ਕਲਿਆਣ ਮਾਰਗ ਬਣਿਆ

## ਗੁਰਦੁਆਰਾ ਰਕਾਬਗੰਜ ਚੌਕ ਦਾ ਨਾਂਅ ਗੁਰੂ ਗੋਬਿੰਦ ਸਿੰਘ ਚੌਕ ਹੋਵੇਗਾ

**ਨਵੀਂ ਦਿੱਲੀ/ਬਿਊਰੋ ਨਿਊਜ਼ :** ਪ੍ਰਧਾਨ ਮੰਤਰੀ ਦੀ ਰਿਹਾਇਸ਼ ਵਾਲਾ ਮਾਰਗ 7-ਰੇਸ ਕੋਰਸ ਮਾਰਗ ਹੁਣ 7 ਲੋਕ ਕਲਿਆਣ ਮਾਰਗ ਦੇ ਨਾਂਅ ਨਾਲ ਜਾਣਿਆ ਜਾਵੇਗਾ। ਨਵੀਂ ਦਿੱਲੀ ਮਿਊਂਸੀਪਲ ਕੌਂਸਲ ਨੇ ਸਰਬਸੰਮਤੀ ਨਾਲ ਇਸ ਲਈ ਆਪਣੀ ਮਨਜ਼ੂਰੀ ਦੇ ਦਿੱਤੀ ਹੈ। ਦਰਅਸਲ ਭਾਜਪਾ ਸੰਸਦ ਮੈਂਬਰ ਤੇ ਐੱਨ.ਡੀ.ਐਮ.ਸੀ. ਮੈਂਬਰ ਮਿਨਾਕਸ਼ੀ ਲੇਖੀ ਨੇ ਪਹਿਲਾਂ ਇਸ ਮਾਰਗ ਦਾ ਨਾਂਅ ਬਦਲ ਕੇ ਏਕਾਤਮ ਮਾਰਗ ਰੱਖਣ ਦਾ ਪ੍ਰਸਤਾਵ ਦਿੱਤਾ ਸੀ ਪਰ ਮੀਟਿੰਗ ਦੌਰਾਨ ਉਨ੍ਹਾਂ ਨੇ ਇਹ ਪ੍ਰਸਤਾਵ ਬਦਲ ਕੇ ਲੋਕ ਕਲਿਆਣ ਮਾਰਗ ਨਾਂਅ ਰੱਖਣ ਦਾ ਪ੍ਰਸਤਾਵ ਦਿੱਤਾ। ਬੈਠਕ ਦੀ ਪ੍ਰਧਾਨਗੀ ਕਰ ਰਹੇ ਮੁੱਖ ਮੰਤਰੀ ਅਰਵਿੰਦ ਕੇਜਰੀਵਾਲ ਨੇ ਇਸ ਸੜਕ ਦਾ ਨਾਂਅ ਸ੍ਰੀ ਗੁਰੂ ਗੋਬਿੰਦ ਸਿੰਘ ਮਾਰਗ ਰੱਖਣ ਦਾ ਪ੍ਰਸਤਾਵ ਰੱਖਿਆ। ਉਨ੍ਹਾਂ ਦਾ ਕਹਿਣਾ ਸੀ ਕਿ ਸਿੱਖ ਸੰਗਠਨਾਂ ਵੱਲੋਂ ਮੰਗ ਕੀਤੀ ਗਈ ਸੀ ਕਿ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੀ 350ਵੇਂ ਜਨਮ ਸ਼ਤਾਬਦੀ ਮੌਕੇ ਇਸ ਸੜਕ ਦਾ ਨਾਂਅ ਉਨ੍ਹਾਂ ਦੇ ਨਾਂਅ 'ਤੇ ਰੱਖਿਆ ਜਾਵੇ ਪਰ ਬੈਠਕ ਵਿਚ ਬਹੁਮਤ ਭਾਜਪਾ ਨੂੰ ਮਿਲਣ ਕਰਕੇ 7-ਰੇਸ ਕੋਰਸ ਮਾਰਗ ਦਾ ਨਾਂਅ 7 ਲੋਕ ਕਲਿਆਣ ਮਾਰਗ ਰੱਖਣ ਦਾ ਫ਼ੈਸਲਾ ਕੀਤਾ ਗਿਆ। ਇਸ ਤੋਂ ਇਲਾਵਾ ਐਨ.ਡੀ.ਐਮ.ਸੀ. ਨੇ ਵੱਖ-ਵੱਖ ਸਿੱਖ ਸੰਗਠਨਾਂ ਦੀ ਮੰਗ ਨੂੰ ਧਿਆਨ ਵਿਚ ਰੱਖਦੇ ਹੋਏ ਗੁਰਦੁਆਰਾ ਰਕਾਬਗੰਜ ਚੌਕ ਦਾ ਨਾਂਅ ਬਦਲ ਕੇ ਗੁਰੂ ਗੋਬਿੰਦ ਸਿੰਘ ਚੌਕ ਰੱਖਣ ਦਾ ਫ਼ੈਸਲਾ ਕੀਤਾ।

# ਰਛਪਾਲ ਸਿੰਘ ਰਾਜੂ ਬਸਪਾ ਦੇ ਨਵੇਂ ਸੂਬਾ ਪ੍ਰਧਾਨ ਨਿਯੁਕਤ

## ਅਵਤਾਰ ਸਿੰਘ ਕਰੀਮਪੁਰੀ ਫਿਲੌਰ ਤੋਂ ਹੋਣਗੇ ਉਮੀਦਵਾਰ

**ਜਲੰਧਰ/ਬਿਊਰੋ ਨਿਊਜ਼ :** ਬਹੁਜਨ ਸਮਾਜ ਪਾਰਟੀ (ਬਸਪਾ) ਨੇ ਪੰਜਾਬ ਦੀ ਲੀਡਰਸ਼ਿਪ ਵਿੱਚ ਵੱਡੀ ਤਬਦੀਲੀ ਕਰਦਿਆਂ ਸੂਬੇ ਦੇ ਪ੍ਰਧਾਨ ਅਵਤਾਰ ਸਿੰਘ ਕਰੀਮਪੁਰੀ ਸਮੇਤ ਸਮੁੱਚੇ ਅਹੁਦੇਦਾਰ ਬਦਲ ਦਿੱਤੇ ਹਨ ਤੇ ਨਾਲ ਹੀ ਵਿਧਾਨ ਸਭਾ ਚੋਣਾਂ ਲਈ 9 ਉਮੀਦਵਾਰਾਂ ਦਾ ਐਲਾਨ ਕਰ ਦਿੱਤਾ ਹੈ। ਪਾਰਟੀ ਨੇ ਰਛਪਾਲ ਸਿੰਘ ਰਾਜੂ ਨੂੰ ਨਵਾਂ ਸੂਬਾਈ ਪ੍ਰਧਾਨ ਥਾਪਿਆ ਹੈ। ਇਥੇ ਪਾਰਟੀ ਦੇ ਸੂਬਾਈ ਦਫ਼ਤਰ ਵਿੱਚ ਹੋਈ ਮੀਟਿੰਗ ਵਿੱਚ ਪਾਰਟੀ ਸੁਪਰੀਮੋ ਕੁਮਾਰੀ ਮਾਇਆਵਤੀ ਦੇ ਹੁਕਮਾਂ ਅਨੁਸਾਰ ਬਸਪਾ ਦੇ ਪੰਜਾਬ ਇੰਚਾਰਜ ਡਾ. ਮੇਘਰਾਜ ਸਿੰਘ ਨੇ ਪਾਰਟੀ ਉਮੀਦਵਾਰਾਂ ਤੇ ਸੂਬੇ ਦੀ ਨਵੀਂ ਕਾਰਜਕਾਰਨੀ ਦਾ ਐਲਾਨ ਕੀਤਾ। ਬਸਪਾ ਦੀ ਨਵੀਂ ਟੀਮ ਵਿੱਚ ਇੱਕ ਉਪ ਪ੍ਰਧਾਨ, 5 ਜਨਰਲ ਸਕੱਤਰ, 6 ਸਕੱਤਰ, ਇਕ ਖ਼ਜ਼ਾਨਚੀ ਤੇ ਦੋ ਸਟੇਟ ਕਮੇਟੀ ਮੈਂਬਰ ਸ਼ਾਮਲ ਕੀਤੇ ਗਏ ਹਨ।



ਡਾ. ਮੇਘਰਾਜ ਸਿੰਘ ਨੇ ਪੰਜਾਬ ਵਿਧਾਨ ਸਭਾ ਲਈ 9 ਉਮੀਦਵਾਰਾਂ ਦਾ ਐਲਾਨ ਕਰਦਿਆਂ ਦੱਸਿਆ ਕਿ ਹਲਕਾ ਫਿਲੌਰ (ਰਾਖਵੀਂ) ਤੋਂ ਅਵਤਾਰ ਸਿੰਘ ਕਰੀਮਪੁਰੀ ਨੂੰ, ਡਾ. ਨਛੱਤਰ ਪਾਲ ਨੂੰ ਨਵਾਂਸ਼ਹਿਰ ਤੋਂ, ਗੁਰਲਾਲ ਸੈਲਾ ਨੂੰ ਚੱਬੇਵਾਲ ਤੋਂ, ਠੇਕੇਦਾਰ ਰਜਿੰਦਰ ਸਿੰਘ ਨੂੰ ਬੰਗਾ ਤੋਂ, ਹਰਭਜਨ ਸਿੰਘ ਬਜਹੇੜੀ ਨੂੰ ਖਰੜ ਤੋਂ, ਡਾ. ਮੱਖਣ ਸਿੰਘ ਨੂੰ ਮਹਿਲ ਕਲਾਂ ਤੋਂ, ਕਿੱਕਰ ਸਿੰਘ ਨੂੰ ਜੈਤੋਂ ਤੋਂ, ਐਡਵੋਕੇਟ ਗੁਰਬਖ਼ਸ਼ ਸਿੰਘ ਚੌਹਾਨ ਨੂੰ ਫ਼ਰੀਦਕੋਟ ਤੋਂ ਅਤੇ ਹਰਜਿੰਦਰ ਸਿੰਘ ਮਿੱਠੂ ਨੂੰ ਤਲਵੰਡੀ ਸਾਬੋਂ ਤੋਂ ਉਮੀਦਵਾਰ ਬਣਾਇਆ ਗਿਆ ਹੈ। ਉਨ੍ਹਾਂ ਇਹ ਵੀ ਕਿਹਾ ਕਿ ਸ੍ਰੀ ਕਰੀਮਪੁਰੀ ਨੂੰ ਹਲਕਾ ਫਿਲੌਰ ਤੋਂ ਉਮੀਦਵਾਰ ਬਣਾਉਣ ਦੇ ਨਾਲ ਪੰਜਾਬ ਤੇ ਚੰਡੀਗੜ੍ਹ ਦਾ ਇੰਚਾਰਜ ਤੇ ਪਾਰਟੀ ਦੀ ਰਾਸ਼ਟਰੀ ਕਾਰਜਕਾਰਨੀ ਦਾ ਮੈਂਬਰ ਵੀ ਲਗਾਇਆ ਗਿਆ ਹੈ।

ਸੂਬਾਈ ਕਾਰਜਕਾਰਨੀ ਵਿੱਚ ਰਛਪਾਲ ਸਿੰਘ ਰਾਜੂ ਨੂੰ ਪਾਰਟੀ ਦਾ ਸੂਬਾ ਪ੍ਰਧਾਨ ਤੇ ਅਜੀਤ ਸਿੰਘ ਪ੍ਰਜਾਪਤੀ ਨੂੰ ਉਪ ਪ੍ਰਧਾਨ ਨਿਯੁਕਤ ਕੀਤਾ ਗਿਆ ਹੈ। ਪੰਜ ਜਨਰਲ ਸਕੱਤਰਾਂ ਵਿੱਚ ਬਲਵਿੰਦਰ ਕੁਮਾਰ, ਮਾਸਟਰ ਰਾਮ ਲੁਭਾਇਆ, ਜੋਗਾ ਸਿੰਘ ਪਨੌਂਦੀਆ, ਕੁਲਦੀਪ ਸਿੰਘ ਸਰਦੂਲਗੜ੍ਹ ਤੇ ਸੰਤ ਰਾਮ ਮੱਲੀਆਂ ਸ਼ਾਮਲ ਹਨ। ਰੋਹਿਤ ਖੋਖਰ, ਬਲਵਿੰਦਰ ਬਿੱਟਾ, ਗੁਰਮੇਲ ਚੰਦੜ, ਰਾਮ ਸਿੰਘ ਆਜ਼ਾਦ, ਹਰਜੀਤ ਸਿੰਘ ਸੈਣੀ, ਸ਼ਿੰਗਾਰਾ ਸਿੰਘ ਨੂੰ ਸੂਬਾ ਸਕੱਤਰ, ਜਦਕਿ ਬਾਬੂ ਸੁੰਦਰ ਪਾਲ ਨੂੰ ਸੂਬਾਈ ਖ਼ਜ਼ਾਨਚੀ, ਗੁਰਦੀਪ ਸਿੰਘ ਗੋਗੀ ਤੇ ਬੀਬੀ ਰਵਿਤਾ ਨੂੰ ਸੂਬਾ ਕਾਰਜਕਾਰੀ ਮੈਂਬਰ ਨਿਯੁਕਤ ਕੀਤਾ ਗਿਆ ਹੈ। ਬਲਵਿੰਦਰ ਕੁਮਾਰ, ਮਾਸਟਰ ਰਾਮ ਲੁਭਾਇਆ ਤੇ ਰੋਹਿਤ ਖੋਖਰ ਪਹਿਲਾਂ ਦੀ ਤਰ੍ਹਾਂ ਜਲੰਧਰ ਜ਼ੋਨ ਦੇ ਕੋਆਰਡੀਨੇਟਰ ਹੋਣਗੇ। ਜੋਗਾ ਸਿੰਘ ਪਨੌਂਦੀਆ, ਬਲਵਿੰਦਰ ਬਿੱਟਾ, ਗੁਰਮੇਲ ਚੰਦੜ ਤੇ ਰਾਮ ਸਿੰਘ ਆਜ਼ਾਦ ਪਟਿਆਲਾ ਜ਼ੋਨ ਦੇ ਕੋਆਰਡੀਨੇਟਰ ਹੋਣਗੇ।

ਅਜੀਤ ਸਿੰਘ ਪ੍ਰਜਾਪਤੀ, ਕੁਲਦੀਪ ਸਰਦੂਲਗੜ੍ਹ, ਸੰਤ ਰਾਮ ਮੱਲੀਆਂ ਜ਼ੋਨ ਫ਼ਿਰੋਜ਼ਪੁਰ ਦੇ ਕੋਆਰਡੀਨੇਟਰ ਹੋਣਗੇ। ਡਾ. ਮੇਘਰਾਜ ਸਿੰਘ ਨੇ ਦੱਸਿਆ ਕਿ ਪਾਰਟੀ ਵੱਲੋਂ ਬਸਪਾ ਸੰਸਥਾਪਕ ਸ੍ਰੀ ਕਾਂਸ਼ੀ ਰਾਮ ਦੇ ਪ੍ਰੀਨਿਰਵਾਣ ਦਿਵਸ ਦੇ ਮੌਕੇ 9 ਅਕਤੂਬਰ ਨੂੰ ਫਗਵਾੜਾ ਦੀ ਦਾਣਾ ਮੰਡੀ ਵਿੱਚ ਸੂਬਾ ਪੱਧਰੀ ਬਸਪਾ ਲਿਆਓ ਪੰਜਾਬ ਬਚਾਓ ਰੈਲੀ ਕੀਤੀ ਜਾ ਰਹੀ ਹੈ। ਇਸ ਮੌਕੇ ਪਾਰਟੀ ਦੇ ਸੂਬਾ ਇੰਚਾਰਜ ਪ੍ਰਕਾਸ਼ ਭਾਰਤੀ ਪਾਰਟੀ ਵਰਕਰ ਮੌਜੂਦ ਸਨ।

# ਬਾਦਲ ਸਰਕਾਰ ਨੇ ਹੁਣ ਗੋਸਾਈਂ, ਗੋਸਵਾਮੀ, ਯਾਦਵ, ਅਹੀਰ ਤੇ ਰਬਾਰੀ ਨੂੰ ਕੀਤਾ ਪਛੜੀਆਂ ਸ਼੍ਰੇਣੀਆਂ ਵਿਚ ਸ਼ਾਮਲ

## ਅਹਿਮਦਗੜ੍ਹ ਨੂੰ ਤਹਿਸੀਲ ਅਤੇ ਅਜੀਤਵਾਲ ਅਤੇ ਸਮਾਲਸਰ ਨੂੰ ਸਬ-ਤਹਿਸੀਲਾਂ ਦਾ ਦਰਜਾ

**ਚੰਡੀਗੜ੍ਹ/ਬਿਊਰੋ ਨਿਊਜ਼ :**

ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਦੀ ਪ੍ਰਧਾਨਗੀ ਹੇਠ ਮੰਤਰੀ ਮੰਡਲ ਦੀ ਹੋਈ ਮੀਟਿੰਗ ਦੌਰਾਨ ਗੋਸਾਈਂ, ਗੋਸਵਾਮੀ, ਯਾਦਵ, ਅਹੀਰ ਅਤੇ ਰਬਾਰੀ ਜਾਤੀਆਂ ਨੂੰ ਪਛੜੀਆਂ ਸ਼੍ਰੇਣੀਆਂ ਵਿਚ ਸ਼ਾਮਲ ਕਰਨ ਦਾ ਫੈਸਲਾ ਲਿਆ ਗਿਆ ਹੈ। ਮੰਨਿਆ ਜਾ ਰਿਹਾ ਹੈ ਕਿ ਇਨ੍ਹਾਂ ਵਰਗਾਂ ਦੇ ਲੋਕਾਂ ਨੂੰ ਵਿਧਾਨ ਸਭਾ ਚੋਣਾਂ ਦੇ ਮੱਦੇਨਜ਼ਰ ਇਹ ਦਰਜਾ ਦਿੱਤਾ ਗਿਆ ਹੈ।



ਮੰਤਰੀ ਮੰਡਲ ਵੱਲੋਂ ਜਿਹੜੇ ਹੋਰ ਫੈਸਲੇ ਲਏ ਗਏ ਉਨ੍ਹਾਂ ਵਿੱਚ ਸੰਗਰੂਰ ਜ਼ਿਲ੍ਹੇ ਦੇ ਕਸਬੇ ਅਹਿਮਦਗੜ੍ਹ ਨੂੰ ਤਹਿਸੀਲ ਅਤੇ ਅਜੀਤਵਾਲ ਅਤੇ ਸਮਾਲਸਰ ਨੂੰ ਸਬ-ਤਹਿਸੀਲਾਂ ਦਾ ਦਰਜਾ ਦੇਣਾ, ਫ਼ੂਡ ਕਰੈਡਿਟ ਦੇ ਵਿਰਾਸਤੀ ਖਾਤਿਆਂ ਦੇ ਨਿਬੇੜੇ ਲਈ ਕੈਬਨਿਟ ਸਬ-ਕਮੇਟੀ ਦੀਆਂ ਸਿਫਾਰਸ਼ਾਂ ਪ੍ਰਵਾਨ ਕਰਨਾ, ਭਗਤ ਪੂਰਨ ਸਿੰਘ ਸਿਹਤ ਬੀਮਾ ਯੋਜਨਾ ਦੀ ਮਿਆਦ ਵਧਾਉਣਾ, ਭੋਗਪੁਰ ਸਿਵਲ ਡਿਸਪੈਂਸਰੀ ਨੂੰ ਮੁੱਢਲਾ ਸਿਹਤ ਕੇਂਦਰ ਬਣਾਉਣਾ, ਨਿੱਜੀ ਖੰਡ ਮਿੱਲਾਂ ਤੋਂ 223 ਕਰੋੜ ਰੁਪਏ ਦੀ ਵਸੂਲੀ ਯਕੀਨੀ ਬਣਾਉਣਾ, ਗੰਨਾ ਉਤਪਾਦਕਾਂ ਨੂੰ 112 ਕਰੋੜ ਰੁਪਏ ਦਾ ਭੁਗਤਾਨ ਕਰਨਾ ਅਤੇ ਐਸਸੀਐਸਪੀ ਡਾਇਰੈਕਟੋਰੇਟ ਦੇ ਗਰੁੱਪ-ਬੀ ਸੇਵਾ ਨਿਯਮਾਂ ਨੂੰ ਬਣਾਉਣ ਦੀ ਪ੍ਰਵਾਨਗੀ ਦੇਣਾ ਸ਼ਾਮਲ ਹਨ। ਪੰਜਾਬ ਸਰਕਾਰ ਦੇ ਫ਼ੂਡ ਕਰੈਡਿਟ ਦੇ ਵਿਰਾਸਤੀ ਖਾਤਿਆਂ ਦੇ ਨਿਬੇੜੇ ਲਈ ਖੁਰਾਕ ਤੇ ਸਿਵਲ ਸਪਲਾਈ ਮੰਤਰੀ ਆਦੇਸ਼ ਪ੍ਰਤਾਪ ਸਿੰਘ ਕੈਰੋਂ ਅਤੇ ਵਿੱਤ ਮੰਤਰੀ ਪਰਮਿੰਦਰ ਸਿੰਘ ਢੀਂਡਸਾ ਆਧਾਰਤ ਕੈਬਨਿਟ ਸਬ-ਕਮੇਟੀ ਦੀਆਂ ਸਿਫਾਰਿਸ਼ਾਂ ਨੂੰ ਪ੍ਰਵਾਨਗੀ ਦੇ ਦਿੱਤੀ ਹੈ। ਸਬ-ਕਮੇਟੀ ਨੇ ਸਿਫਾਰਸ਼ ਕੀਤੀ ਹੈ ਕਿ 20 ਸਤੰਬਰ, 2016 ਨੂੰ ਭਾਰਤੀ ਸਟੇਟ ਬੈਂਕ ਦੇ ਨਾਲ ਹੋਈ ਮੀਟਿੰਗ ਵਿਚ ਉਸ ਨੇ ਵਿਆਜ ਦੀ ਦਰ 9.26 ਫੀਸਦੀ ਤੋਂ ਘਟਾ ਕੇ 8.25 ਫੀਸਦੀ ਕਰਨ 'ਤੇ ਸਹਿਮਤੀ ਦੇ ਦਿੱਤੀ ਹੈ।

**ਭਾਜਪਾ ਦੇ ਸਾਰੇ ਮੰਤਰੀ ਰਹੇ ਗੈਰਹਾਜ਼ਰ :**

ਪੰਜਾਬ ਮੰਤਰੀ ਮੰਡਲ ਦੀ ਮੀਟਿੰਗ ਵਿਚ ਭਾਜਪਾ ਦੇ ਚਾਰੇ ਮੰਤਰੀਆਂ ਵਿੱਚੋਂ ਕੋਈ ਵੀ ਸ਼ਾਮਲ ਨਹੀਂ ਹੋਇਆ। ਸਥਾਨਕ ਸਰਕਾਰਾਂ ਬਾਰੇ ਮੰਤਰੀ ਅਨਿਲ ਜੋਸ਼ੀ ਦਾ ਕਹਿਣਾ ਸੀ ਕਿ ਤਿੰਨ ਮੰਤਰੀ ਪਾਰਟੀ ਦੀ ਕੌਮੀ ਕਾਰਜਕਰਨੀ ਦੀ ਮੀਟਿੰਗ ਵਿਚ ਹਿੱਸਾ ਲੈਣ ਕੇਰਲਾ ਗਏ ਹੋਣ ਕਰ ਕੇ ਮੀਟਿੰਗ ਵਿਚ ਨਹੀਂ ਪਹੁੰਚ ਸਕੇ। ਚੁੰਨੀ ਲਾਲ ਭਗਤ ਦੀ ਗੈਰਹਾਜ਼ਰੀ ਸਬੰਧੀ ਉਨ੍ਹਾਂ ਕੁਝ ਨਹੀਂ ਕਿਹਾ। ਇਸ ਤਰ੍ਹਾਂ ਨਾਲ ਮੀਟਿੰਗ ਅਕਾਲੀ ਮੰਤਰੀਆਂ ਦੀ ਹੀ ਹੋ ਨਿੱਬੜੀ।

## ਕੱਚੇ ਮੁਲਾਜ਼ਮਾਂ ਬਾਰੇ ਕੋਈ ਫ਼ੈਸਲਾ ਨਹੀਂ

ਪੰਜਾਬ ਮੰਤਰੀ ਮੰਡਲ ਦੀ ਮੀਟਿੰਗ ਵਿਚ ਕੱਚੇ ਅਤੇ ਠੇਕਾ ਆਧਾਰਤ ਨੌਕਰੀਆਂ 'ਤੇ ਕੰਮ ਕਰ ਰਹੇ ਮੁਲਜ਼ਮਾਂ ਦੇ ਭਵਿੱਖ ਬਾਰੇ ਕੋਈ ਫੈਸਲਾ ਨਹੀਂ ਲਿਆ। ਅਜਿਹੇ ਮੁਲਾਜ਼ਮਾਂ ਦੀਆਂ ਸੇਵਾਵਾਂ ਪੱਕੀਆਂ ਕਰਨ ਦੀ ਚਰਚਾ ਪਿਛਲੇ ਕਈ ਦਿਨਾਂ ਤੋਂ ਚੱਲ ਰਹੀ ਹੈ। ਇਨ੍ਹਾਂ ਮੁਲਾਜ਼ਮਾਂ ਦੀਆਂ ਜਥੇਬੰਦੀਆਂ ਵੱਲੋਂ ਮੁੱਖ ਮੰਤਰੀ ਅਤੇ ਉਪ ਮੁੱਖ ਮੰਤਰੀ ਨਾਲ ਮੀਟਿੰਗਾਂ ਵੀ ਕੀਤੀਆਂ ਜਾ ਚੁੱਕੀਆਂ ਹਨ। ਸੂਤਰਾਂ ਮੁਤਾਬਕ ਵਜ਼ਾਰਤ ਵਿੱਚ ਇਸ ਮੁੱਦੇ 'ਤੇ ਸਰਸਰੀ ਜਿਹੀ ਗੱਲ ਹੀ ਹੋਈ। ਸੂਤਰਾਂ ਮੁਤਾਬਕ ਸਰਕਾਰ ਵੀ ਚਾਹੇ ਤਾਂ ਵੀ ਕਈ ਹਫਤਿਆਂ ਦਾ ਸਮਾਂ ਲੱਗ ਸਕਦਾ ਹੈ, ਕਿਉਂਕਿ ਵੱਖ ਵੱਖ ਵਿਭਾਗਾਂ ਨੂੰ ਸੂਚੀਆਂ ਤਿਆਰ ਕਰਨ ਲਈ ਕਿਹਾ ਹੈ।

## 'ਗੁਰਬਾਣੀ ਦਾ ਅਪਮਾਨ ਕਰਨ ਵਾਲੇ ਸਖਤ ਸਜ਼ਾ ਦੇ ਹੱਕਦਾਰ'

### *ਫੈਡਰੇਸ਼ਨ ਆਫ ਸਿੱਖ ਆਰਗੇਨਾਈਜੇਸ਼ਨਜ਼ ਵਲੋਂ ਬਾਦਲ ਸਰਕਾਰ ਦੀ ਨਿਖੇਧੀ*

**ਲੰਡਨ/ਬਿਊਰੋ ਨਿਊਜ਼:** ਫੈਡਰੇਸ਼ਨ ਆਫ ਸਿੱਖ ਆਰਗੇਨਾਈਜੇਸ਼ਨਜ਼ ਯੂ.ਕੇ. ਨੇ ਕਿਹਾ ਹੈ ਕਿ ਗੁਰਬਾਣੀ ਦਾ ਅਪਮਾਨ ਕਰਨ ਵਾਲੇ ਸਖਤ ਸਜ਼ਾ ਦੇ ਹੱਕਦਾਰ ਹਨ। ਜਥੇਬੰਦੀ ਦੇ ਆਗੂਆਂ ਭਾਈ ਕੁਲਦੀਪ ਸਿੰਘ ਚਹੇੜੂ, ਭਾਈ ਲਵਸ਼ਿੰਦਰ ਸਿੰਘ ਡੱਲੇਵਾਲ ਅਤੇ ਭਾਈ ਜੋਗਾ ਸਿੰਘ ਵਲੋਂ ਨੇ ਇੱਥੇ ਜਾਰੀ ਇੱਕ ਲਿਖਤੀ ਪ੍ਰੈਸ ਬਿਆਨ ਵਿੱਚ ਕਿਹਾ ਕਿ ਪੰਜਾਬ ਵਿੱਚ ਆਏ ਦਿਨ ਪਵਿੱਤਰ ਗੁਰਬਾਣੀ ਦੀ ਬੇਅਦਬੀ ਜਾਰੀ ਹੈ, ਜੋ ਕਿ ਰੁਕਣ ਦਾ ਨਾਮ ਨਹੀਂ ਲੈ ਰਹੀ। ਨਾ ਹੀ ਸਰਕਾਰੀ ਤੌਰ ਤੇ ਕੋਈ ਠੋਸ ਕਦਮ ਚੁੱਕਿਆ ਜਾ ਰਿਹਾ ਹੈ ਅਤੇ ਨਾ ਪੁਲਿਸ ਦੋਸ਼ੀਆਂ ਨੂੰ ਫੜਨ ਵਿੱਚ ਕਾਮਯਾਬ ਹੋ ਰਹੀ ਹੈ। ਇਹ ਵਰਤਾਰਾ ਕਈ ਕਿਸਮ ਦੇ ਭਰਮ ਭੁਲੇਖੇ ਪੈਦਾ ਕਰ ਰਿਹਾ ਹੈ। ਜਲੰਧਰ ਵਿੱਚ ਗੁਰਬਾਣੀ ਦੀ ਬੇਅਦਬੀ ਅਤੇ ਪਵਿੱਤਰ ਅੰਗਾਂ ਦਾ ਨਹਿਰ ਵਿੱਚ ਮਿਲਣ ਨਾਲ ਇਹ ਮਾਮਲਾ ਹੋਰ ਵੀ ਗੁੰਝਲਦਾਰ ਬਣਦਾ ਜਾ ਰਿਹਾ ਹੈ। ਉਨ੍ਹਾਂ ਜ਼ੋਰ ਦੇ ਕੇ ਕਿਹਾ ਕਿ ਗੁਰਬਾਣੀ ਅਤੇ ਕੁਰਾਨ ਸ਼ਰੀਫ ਦੇ ਬੇਅਦਬੀ ਕਰਨ ਵਾਲੇ ਦੋਸ਼ੀ ਅਨਸਰਾਂ ਨੂੰ ਸਖਤ ਸਜ਼ਾਵਾਂ ਦਿੱਤੀਆਂ ਜਾਣ ਤਾਂ ਜੋ ਭਵਿੱਖ ਵਿੱਚ ਅਜਿਹੀਆਂ ਸਾਜ਼ਿਸਾਂ ਨੂੰ ਠੱਲ ਪਾਈ ਜਾ ਸਕੇ। ਫੈਡਰੇਸ਼ਨ ਆਫ ਸਿੱਖ ਆਰਗੇਨਾਈਜੇਸ਼ਨਜ਼ ਨੇ ਕਿਹਾ ਕਿ ਇਹ ਪੜਤਾਲ ਕਰਵਾਈ ਜਾਵੇ ਕਿ ਇਸ ਪਿੱਛੇ ਕਿਹੜੀ ਸਿਆਸੀ ਜਾਂ ਗੈਰ ਸਿਆਸੀ ਤਾਕਤ ਦਾ ਹੱਥ ਹੈ। ਇਸ ਸੰਭਾਵਨਾ ਤੋਂ ਵੀ ਇਨਕਾਰ ਨਹੀਂ ਕੀਤਾ ਜਾ ਸਕਦਾ ਕਿ ਭਾਰਤ ਸਰਕਾਰ ਦੀਆਂ ਏਜੰਸੀਆਂ ਗੁਰਬਾਣੀ ਦਾ ਨਿਰਾਦਰ ਕਰਵਾ ਕੇ ਸਿੱਖ ਕੌਮ ਨੂੰ ਅਣਖ ਨੂੰ ਵੰਗਾਰ ਰਹੀਆਂ ਹਨ। ਬਰਤਾਨੀਆਂ ਵਿੱਚ ਅਜਾਦ ਸਿੱਖ ਰਾਜ ਖਾਲਿਸਤਾਨ ਦੇ ਨਿਸ਼ਾਨੇ ਨੂੰ ਸਮਰਪਤ ਅਤੇ ਯਤਨਸ਼ੀਲ ਸਿੱਖ ਜਥੇਬੰਦੀਆਂ ਦੇ ਸਾਂਝੇ ਸੰਗਠਨ ਫੈਡਰੇਸ਼ਨ ਆਫ ਸਿੱਖ ਆਰਗੇਨਾਈਜੇਸ਼ਨਜ਼ ਯੂ.ਕੇ. ਵਲੋਂ ਗੁਰਬਾਣੀ ਦੀ ਬੇਅਦਬੀ ਦੀ ਸਖਤ ਨਿਖੇਧੀ ਕੀਤੀ ਗਈ ਹੈ। ਬਿਆਨ ਵਿੱਚ ਕਿਹਾ ਗਿਆ ਹੈ ਕਿ ਸ਼ਿਵ ਸੈਨਾ ਦੇ ਸੂਬਾ ਮੀਤ ਪ੍ਰਧਾਨ ਗਗਨੇਜਾ ਦੇ ਹੋਏ ਕਾਤਲਾਨਾ ਹਮਲੇ ਮਗਰੋਂ ਪੰਜਾਬ ਦੀ ਬਾਦਲ ਸਰਕਾਰ ਨੇ ਸਿੱਖਾਂ ਦੇ ਜੁਕਰਨ ਵਾਸਤੇ ਕੇਂਦਰ ਤੋਂ 15 ਕੰਪਨੀਆਂ ਪੈਰਾ ਮਿਲਟਰੀ ਫੋਰਸ ਦੀਆਂ ਮੰਗਵਾਈਆ ਹੋਈਆਂ ਹਨ। ਪਰ ਸਾਹਿਬ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਬੇਅਦਬੀ ਰੋਕਣ ਵਾਸਤੇ ਜਾਂ ਇਸ ਦੇ ਜਿੰਮੇਵਾਰ ਦੋਸ਼ੀਆਂ ਨੂੰ ਫੜਨ ਵਾਸਤੇ ਇਹਨਾਂ ਦਾ ਕਾਰਜਸ਼ੀਲ ਨਾ ਹੋਣਾ ਬਾਦਲ ਸਰਕਾਰ ਦੀ ਦੋਸ਼ੀਆਂ ਨਾਲ ਸਾਂਝ ਭਿਆਲਤਾ ਬਾਰੇ ਸ਼ੱਕ ਪੈਦਾ ਕਰ ਰਿਹਾ ਹੈ। ਉਨ੍ਹਾਂ ਆਖਿਆ ਕਿ ਪੰਜਾਬ ਵਿੱਚ 80 ਤੋਂ ਵੱਧ ਥਾਂਵਾਂ ਤੇ ਸਾਹਿਬ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਅਤੇ ਗੁਰਬਾਣੀ ਦੀਆਂ ਪਵਿੱਤਰ ਪੋਥੀਆਂ ਦੀ ਬੇਅਦਬੀ ਹੋ ਚੁੱਕੀ ਹੈ, ਜੋ ਕਿ ਬਹੁਤ ਹੀ ਦੁੱਖਦਾਇਕ ਵਰਤਾਰਾ ਹੈ। ਸਬੰਧਤ ਸਰਕਾਰ ਵਲੋਂ ਇਸ ਮਾਮਲੇ ਤੇ ਘੇਸਲ ਮਾਰਨ ਵਾਲੀ ਨੀਤੀ ਕੇਵਲ ਦੋਸ਼ੀਆਂ ਨੂੰ ਸ਼ਹਿ ਹੀ ਨਹੀਂ ਦੇ ਰਹੀ ਬਲਕਿ ਸਾਬਤ ਕਰਦੀ ਹੈ ਕਿ ਅਸਿੱਧੇ ਰੂਪ ਵਿੱਚ ਸਰਕਾਰ ਹੀ ਇਹ ਨਖਿੱਧ ਕੰਮ ਕਰਾ ਰਹੀ ਹੈ।

## ਜਲੰਧਰ ਦੀ ਨਹਿਰ 'ਚੋਂ ਮਿਲੇ ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਅੰਗ

**ਜਲੰਧਰ/ਬਿਊਰੋ ਨਿਊਜ਼ :** ਇਥੇ ਸ਼ਹਿਰ ਵਿਚੋਂ ਲੰਘਦੀ ਨਹਿਰ ਵਿਚੋਂ ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਅੰਗ ਮਿਲਣ ਬਾਅਦ ਸਿੱਖ ਸੰਗਤ ਵਿੱਚ ਭਾਰੀ ਰੋਸ ਹੈ। ਸਿੱਖ ਜਥੇਬੰਦੀਆਂ ਨੇ ਕਪੂਰਥਲਾ ਚੌਕ ਵਿੱਚ ਧਰਨਾ ਲਗਾ ਕੇ ਬਾਣੀ ਦਾ ਪਾਠ ਸ਼ੁਰੂ ਕਰ ਦਿੱਤਾ ਹੈ। ਸਿੱਖ ਜਥੇਬੰਦੀਆਂ ਨੇ ਐਲਾਨ ਕੀਤਾ ਹੈ ਕਿ ਜਦੋਂ ਤਕ ਦੋਸ਼ੀਆਂ ਨੂੰ ਗ੍ਰਿਫ਼ਤਾਰ ਨਹੀਂ ਕੀਤਾ ਜਾਂਦਾ ਉਦੋਂ ਤਕ ਧਰਨਾ ਨਹੀਂ ਚੁੱਕਿਆ ਜਾਵੇਗਾ। ਕਿਸੇ ਅਣਸੁਖਾਵੀਂ ਘਟਨਾ ਨੂੰ ਰੋਕਣ ਲਈ ਪੰਜ ਏਡੀਸੀਪੀ ਸਮੇਤ ਵੱਡੀ ਗਿਣਤੀ ਵਿੱਚ ਪੁਲੀਸ ਤਾਇਨਾਤ ਕੀਤੀ ਗਈ ਹੈ। ਨਹਿਰ ਵਿਚੋਂ ਗੁਰੂ ਗ੍ਰੰਥ ਸਾਹਿਬ ਦੇ ਅੰਗਾਂ ਨਾਲ ਹੀ ਭਗਵਦ ਗੀਤਾ ਦੇ ਪੰਨੇ ਵੀ ਮਿਲੇ ਹਨ। ਥਾਣਾ ਡਿਵੀਜ਼ਨ ਨੰਬਰ 5 ਵਿੱਚ ਪੁਲੀਸ ਨੇ ਅਣਪਛਾਤੇ ਵਿਅਕਤੀਆਂ ਖ਼ਿਲਾਫ਼ ਧਾਰਾ 295 ਏ ਤਹਿਤ ਕੇਸ ਦਰਜ ਕਰ ਲਿਆ ਹੈ। ਸਿੱਖ ਜਥੇਬੰਦੀਆਂ ਦਾ ਸਾਥ ਦੇਣ ਲਈ ਸ਼ਿਵ ਸੈਨਾ (ਬਾਲ ਠਾਕਰੇ) ਦੇ ਕਾਰਕੁਨ ਵੀ ਧਰਨੇ ਵਿੱਚ ਆ ਕੇ ਬੈਠ ਗਏ ਹਨ। ਇਸ ਘਟਨਾ ਦਾ ਉਦੋਂ ਪਤਾ ਲੱਗਾ ਜਦੋਂ ਪ੍ਰਿੰਸਪਾਲ ਸਿੰਘ ਨਾਂ ਦਾ ਨੌਜਵਾਨ ਸਵੇਰੇ ਸਾਢੇ ਸੱਤ ਵਜੇ ਦੇ ਕਰੀਬ ਗੁਰਦੁਆਰੇ ਤੋਂ ਪਾਠ ਕਰਕੇ ਵਾਪਸ ਆ ਰਿਹਾ ਸੀ ਤਾਂ ਉਸ ਨੇ ਦੇਖਿਆ ਕਿ ਸ਼ੇਰ ਸਿੰਘ ਕਲੋਨੀ ਕੋਲੋਂ ਲੰਘਦੀ ਨਹਿਰ ਵਿਚ ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਅੰਗ ਤੈਰ ਰਹੇ ਸਨ। ਉਸ ਨੇ ਆਪਣੇ ਸਾਥੀਆਂ ਨੂੰ ਦੱਸਿਆ ਤਾਂ 15-20 ਜਣੇ ਸਿੱਖ ਨੌਜਵਾਨ ਉਥੇ ਪਹੁੰਚ ਗਏ। ਉਨ੍ਹਾਂ ਨੂੰ ਨਹਿਰ ਵਿਚੋਂ ਤਕਰੀਬਨ 200-250 ਅੰਗ ਮਿਲੇ। ਸ਼ਾਮ ਤਕ ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਹੋਰ ਅੰਗ ਵੀ ਮਿਲਦੇ ਰਹੇ ਤੇ ਇਨ੍ਹਾਂ ਦੀ ਅਸਲ ਗਿਣਤੀ ਬਾਰੇ ਸਥਿਤੀ ਸਪਸ਼ਟ ਨਹੀਂ ਹੋਈ। ਸਿੱਖ ਨੌਜਵਾਨਾਂ ਨੇ ਨਹਿਰ ਵਿਚੋਂ ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਅੰਗ ਸ਼ਰਧਾ ਤੇ ਸਤਿਕਾਰ ਨਾਲ ਚੁੱਕ ਕੇ ਪਾਲਕੀ ਵਿਚ ਰੱਖੇ ਅਤੇ ਨਾਲ ਹੀ ਭਗਵਦ ਗੀਤਾ ਦੇ ਅੰਗ ਵੀ ਰੱਖੇ।

ਸਿੱਖ ਤਾਲਮੇਲ ਕਮੇਟੀ ਦੇ ਆਗੂ ਹਰਪਾਲ ਸਿੰਘ ਚੱਢਾ ਨੇ ਕਿਹਾ ਕਿ ਇਕ ਸਾਲ ਪਹਿਲਾਂ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਬੇਅਦਬੀ ਦੀਆਂ ਵਾਪਰੀਆਂ ਘਟਨਾਵਾਂ ਦੇ ਦੋਸ਼ੀਆਂ ਨੂੰ ਪੰਜਾਬ ਸਰਕਾਰ ਹਾਲੇ ਤਕ ਗ੍ਰਿਫ਼ਤਾਰ ਨਹੀਂ ਕਰ ਸਕੀ। ਉਨ੍ਹਾਂ ਕਿਹਾ ਕਿ 24 ਘੰਟੇ ਕਪੂਰਥਲਾ ਚੌਕ ਵਿਚ ਪਾਠ ਚੱਲਦਾ ਰਹੇਗਾ ਤੇ ਸਵੇਰੇ ਗ੍ਰੰਥ ਸਾਹਿਬ ਦੇ ਅੰਗਾਂ ਨੂੰ ਗੋਇੰਦਵਾਲ ਸਾਹਿਬ ਲਿਜਾ ਕੇ ਸਸਕਾਰ ਕੀਤਾ ਜਾਵੇਗਾ। ਸਿੱਖ ਜਥੇਬੰਦੀ ਦੇ ਆਗੂਆਂ ਦਾ ਕਹਿਣਾ ਸੀ ਕਿ ਜਗਦੀਸ਼ ਗਗਨੇਜਾ ਦੀ ਮੌਤ ਤੋਂ ਬਾਅਦ ਇਸ ਘਟਨਾ ਦਾ ਵਾਪਰਨਾ ਡੂੰਘੀ ਸਾਜ਼ਿਸ਼ ਲੱਗ ਰਿਹਾ ਹੈ ਤਾਂ ਜੋ ਸਿੱਖਾਂ ਦਾ ਸ਼ੱਕ ਹਿੰਦੂ ਜਥੇਬੰਦੀਆਂ 'ਤੇ ਜਾਵੇ ਤੇ ਪੰਜਾਬ ਵਿਚ ਵੱਡਾ ਦੁਫੇੜ ਪਾਇਆ ਜਾ ਸਕੇ।



### *ਅਕਾਲੀ ਆਗੂ ਰਹੇ ਦੂਰ*

*ਅਕਾਲੀ ਦਲ ਦੇ ਸਥਾਨਕ ਆਗੂ ਬੇਅਦਬੀ ਘਟਨਾ ਸਥਾਨ ਤੋਂ ਦੂਰ ਹੀ ਰਹੇ। ਜ਼ਿਲ੍ਹਾ ਸ਼ਹਿਰੀ ਪ੍ਰਧਾਨ ਗੁਰਚਰਨ ਸਿੰਘ ਚੰਨੀ ਨੇ ਦੱਸਿਆ ਕਿ ਉਹ ਰੁਝੇਵਿਆਂ ਕਾਰਨ ਮੌਕੇ 'ਤੇ ਨਹੀਂ ਜਾ ਸਕੇ। ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਮੈਂਬਰਾਂ ਵਿਚੋਂ ਕੋਈ ਵੀ ਘਟਨਾ ਸਥਾਨ 'ਤੇ ਨਹੀਂ ਪਹੁੰਚਿਆ। ਗੁਰਦੁਆਰਾ ਨੌਵੀਂ ਪਾਤਸ਼ਾਹੀ ਗੁਰੂ ਤੇਗ ਬਹਾਦਰ ਨਗਰ ਦੇ ਪ੍ਰਧਾਨ ਜਗਜੀਤ ਸਿੰਘ ਗਾਬਾ, ਭਾਜਪਾ ਆਗੂ ਰੌਬਿਨ ਸਾਂਪਲਾ ਮੌਕੇ 'ਤੇ ਹਾਜ਼ਰ ਸਨ। ਸ੍ਰੀ ਅਕਾਲ ਤਖ਼ਤ ਸਾਹਿਬ ਦੇ ਸਾਬਕਾ ਜਥੇਦਾਰ ਭਾਈ ਜਸਵੀਰ ਸਿੰਘ ਰੋਡੇ ਦਾ ਪੁੱਤਰ ਉਥੇ ਸ਼ਾਮ ਨੂੰ ਪਹੁੰਚਿਆ ਸੀ ਪਰ ਸਿੱਖ ਜਥੇਬੰਦੀਆਂ ਦੇ ਕੁਝ ਆਗੂਆਂ ਨਾਲ ਬਹਿਸ ਹੋਣ ਕਰਕੇ ਉਹ ਮੁੜ ਗਿਆ।*

ਏ.ਡੀ.ਸੀ.ਪੀ. ਨੇ ਦੱਸਿਆ ਕਿ ਜਿਹੜੇ ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਅੰਗ ਮਿਲੇ ਹਨ ਉਨ੍ਹਾਂ ਦੀ ਪ੍ਰਿੰਟਿੰਗ ਵੱਖੋ-ਵੱਖਰੀ ਹੈ ਤੇ ਇਹ ਤਿੰਨ ਤਰ੍ਹਾਂ ਦੀ ਛਪਾਈ ਲੱਗ ਰਹੀ ਸੀ। ਦਲ ਖਾਲਸਾ ਦੇ ਆਗੂ ਕੰਵਰਪਾਲ ਸਿੰਘ ਨੇ ਇਸ ਘਟਨਾ ਦੀ ਸਖਤ ਨਿੰਦਾ ਕਰਦਿਆਂ ਕਿਹਾ ਕਿ ਜੇਕਰ ਸਰਕਾਰ ਵੱਲੋਂ ਬਰਗਾੜੀ ਤੇ ਬਹਿਬਲ ਕਲਾਂ ਦੀਆਂ ਘਟਨਾਵਾਂ ਵਿਚ ਦੋਸ਼ੀਆਂ ਨੂੰ ਫੜਿਆ ਹੁੰਦਾ ਤਾਂ ਇਹ ਘਟਨਾ ਨਹੀਂ ਸੀ ਵਾਪਰਨੀ।

**ਅੰਮ੍ਰਿਤਸਰ :** ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਜਥੇਦਾਰ ਅਵਤਾਰ ਸਿੰਘ ਨੇ ਕਿਹਾ ਕਿ ਅਜਿਹੀਆਂ ਹਰਕਤਾਂ ਕਰਨ ਵਾਲਿਆਂ ਨੂੰ ਧਰਮ ਬਾਰੇ ਕੋਈ ਸੋਝੀ ਨਹੀਂ ਅਤੇ ਉਹ ਸਿਰਫ਼ ਪੰਜਾਬ ਦੇ ਸ਼ਾਂਤਮਈ ਮਾਹੌਲ ਨੂੰ ਖ਼ਰਾਬ ਕਰਨਾ ਚਾਹੁੰਦੇ ਹਨ। ਅਜਿਹੀਆਂ ਘਟਨਾਵਾਂ ਨਾਲ ਸਿੱਖ ਭਾਈਚਾਰੇ ਵਿੱਚ ਰੋਹ ਪਾਇਆ ਜਾ ਰਿਹਾ ਹੈ। ਉਨ੍ਹਾਂ ਪ੍ਰਸ਼ਾਸਨ ਨੂੰ ਅਪੀਲ ਕੀਤੀ ਕਿ ਬੇਅਦਬੀ ਦੇ ਦੋਸ਼ੀਆਂ ਨੂੰ ਸਖ਼ਤ ਸਜ਼ਾ ਦਿੱਤੀ ਜਾਵੇ। ਰੁੜਕਾ ਕਲਾਂ ਵਿੱਚ ਸੰਗਤ ਦਰਸ਼ਨ ਦੌਰਾਨ ਸੁਖਬੀਰ ਸਿੰਘ ਬਾਦਲ ਨੇ ਕਿਹਾ ਕਿ ਦੇਸ਼ ਵਿਰੋਧੀ ਤਾਕਤਾਂ ਵੱਲੋਂ ਗੁਰੂ ਗ੍ਰੰਥ ਸਾਹਿਬ ਤੇ ਹੋਰ ਧਾਰਮਿਕ ਗ੍ਰੰਥਾਂ ਦੀ ਬੇਅਦਬੀ ਕਰਕੇ ਸੂਬੇ ਵਿੱਚ ਅਮਨ ਤੇ ਭਾਈਚਾਰਕ ਸਾਂਝ ਨੂੰ ਭੰਗ ਕਰਨ ਦਾ ਕੋਝਾ ਯਤਨ ਕੀਤਾ ਜਾ ਰਿਹਾ ਹੈ। ਸ੍ਰੀ ਅਕਾਲ ਤਖ਼ਤ ਦੇ ਜਥੇਦਾਰ ਗਿਆਨੀ ਗੁਰਬਚਨ ਸਿੰਘ ਨੇ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਬੇਅਦਬੀ ਦੀਆਂ ਨਿਰੰਤਰ ਵਾਪਰ ਰਹੀਆਂ ਘਟਨਾਵਾਂ 'ਤੇ ਚਿੰਤਾ ਜ਼ਾਹਰ ਕਰਦਿਆਂ ਕਿਹਾ ਕਿ ਇਸ ਘਟਨਾ ਨਾਲ ਸਿੱਖਾਂ ਦੇ ਹਿਰਦੇ ਵਲੂੰਧਰੇ ਗਏ ਹਨ। ਉਨ੍ਹਾਂ ਕਿਹਾ ਕਿ ਸਥਾਨਕ ਪ੍ਰਸ਼ਾਸਨ ਦੋਸ਼ੀਆਂ ਨੂੰ ਗ੍ਰਿਫ਼ਤਾਰ ਕਰਕੇ ਸਖ਼ਤ ਸਜ਼ਾ ਦੇਵੇ। ਸ਼੍ਰੋਮਣੀ ਕਮੇਟੀ ਵੱਲੋਂ ਫਾਰਗ ਕੀਤੇ ਪੰਜ ਪਿਆਰਿਆਂ ਨੇ ਵੀ ਬੇਅਦਬੀ ਘਟਨਾਵਾਂ ਦੀ ਸਖ਼ਤ ਨਿਖੇਧੀ ਕਰਦਿਆਂ ਕਿਹਾ ਕਿ ਦੋਸ਼ੀਆਂ ਖ਼ਿਲਾਫ਼ ਸਖ਼ਤ ਕਾਰਵਾਈ ਨਾ ਹੋਣ ਕਾਰਨ ਇਹ ਘਟਨਾਵਾਂ ਨਿਰੰਤਰ ਵਾਪਰ ਰਹੀਆਂ ਹਨ।

## ਗਗਨੇਜਾ ਕਾਂਡ : ਪੰਜਾਬ ਪੁਲੀਸ ਤੇ ਜਾਂਚ ਏਜੰਸੀਆਂ ਵਿਰੋਧੀਆਂ ਦੇ ਨਿਸ਼ਾਨੇ 'ਤੇ

### ਸਰਕਾਰ ਦੀ ਭਾਈਵਾਲ ਭਾਜਪਾ ਨੇ ਵੀ ਕੀਤੇ ਤਿੱਖੇ ਹਮਲੇ

**ਜਲੰਧਰ/ਬਿਊਰੋ ਨਿਊਜ਼ :** ਆਰਐਸਐਸ ਦੇ ਸਹਿ-ਸੰਚਾਲਕ ਸੇਵਾਮੁਕਤ ਬ੍ਰਿਗੇਡੀਅਰ ਜਗਦੀਸ਼ ਗਗਨੇਜਾ 'ਤੇ ਹਮਲਾ ਕਰਨ ਵਾਲਿਆਂ ਬਾਰੇ ਹੁਣ ਤੱਕ ਕੋਈ ਸੁਰਾਗ ਹੱਥ ਨਾ ਲੱਗਣ ਕਾਰਨ ਪੰਜਾਬ ਪੁਲੀਸ ਤੇ ਜਾਂਚ ਏਜੰਸੀਆਂ ਵਿਰੋਧੀ ਧਿਰਾਂ ਦੇ ਨਿਸ਼ਾਨੇ 'ਤੇ ਆ ਗਈਆਂ ਹਨ। ਸਭ ਤੋਂ ਤਿੱਖਾ ਵਿਰੋਧ ਅਕਾਲੀ ਦਲ ਦੀ ਸਿਆਸੀ ਭਾਈਵਾਲ ਭਾਜਪਾ ਵੱਲੋਂ ਕੀਤਾ ਜਾ ਰਿਹਾ ਹੈ, ਜਦੋਂ ਕਿ ਕਾਂਗਰਸੀ ਆਗੂ ਤਾਂ ਸੁਖਬੀਰ ਬਾਦਲ ਕੋਲੋਂ ਅਸਤੀਫ਼ਾ ਤੱਕ ਮੰਗ ਚੁੱਕੇ ਹਨ। ਸ੍ਰੀ ਗਗਨੇਜਾ ਦੇ ਨਜ਼ਦੀਕੀਆਂ ਤੇ ਆਰਐਸਐਸ ਆਗੂਆਂ ਨੇ ਉਪ ਮੁੱਖ ਮੰਤਰੀ ਸੁਖਬੀਰ ਬਾਦਲ ਨਾਲ ਉਨ੍ਹਾਂ (ਗਗਨੇਜਾ) ਦੇ ਸਸਕਾਰ ਵੇਲੇ ਤਲਖ਼ ਰਵੱਈਆ ਅਪਣਾਇਆ ਸੀ। ਸੁਖਬੀਰ ਬਾਦਲ ਦੀ ਸੁਰੱਖਿਆ ਲਈ ਤਾਇਨਾਤ ਡੌਗ ਸਕੁਐਡ ਨੂੰ ਵੀ ਗਗਨੇਜਾ ਦੇ ਘਰ ਅੰਦਰ ਦਾਖ਼ਲ ਹੋਣ ਤੋਂ ਆਰਐਸਐਸ ਆਗੂਆਂ ਨੇ ਰੋਕ ਦਿੱਤਾ ਸੀ। ਸਸਕਾਰ ਸਮੇਂ ਸੁਖਬੀਰ ਬਾਦਲ ਦੇਰੀ ਨਾਲ ਪਹੁੰਚੇ ਸਨ। ਉਨ੍ਹਾਂ ਤੋਂ ਇਲਾਵਾ ਅਕਾਲੀ ਦਲ ਦਾ ਹੋਰ ਕੋਈ ਸੀਨੀਅਰ ਆਗੂ ਸਸਕਾਰ ਸਮੇਂ ਹਾਜ਼ਰ ਨਹੀਂ ਹੋਇਆ। ਭਾਜਪਾ ਦੇ ਸੂਬਾਈ ਉਪ ਪ੍ਰਧਾਨ ਰਾਕੇਸ਼ ਰਾਠੌੜ ਦਾ ਕਹਿਣਾ ਹੈ ਕਿ ਗਗਨੇਜਾ ਦੀ ਮੌਤ ਤੱਕ ਵੀ ਇਸ ਗੰਭੀਰ ਮਸਲੇ ਦਾ ਕੋਈ ਹੱਲ ਨਾ ਨਿਕਲਣ ਕਾਰਨ ਪੰਜਾਬ ਪੁਲੀਸ ਅਤੇ ਜਾਂਚ ਏਜੰਸੀਆਂ ਦੀ ਕਾਰਗੁਜ਼ਾਰੀ ਸ਼ੱਕ ਦੇ ਘੇਰੇ ਵਿੱਚ ਆ ਗਈ ਹੈ। ਭਾਜਪਾ ਆਗੂ ਦਾ ਇਹ ਬਿਆਨ ਵੀ ਸੁਖਬੀਰ ਬਾਦਲ ਦੇ ਵਿਭਾਗ 'ਤੇ ਹੀ ਉਂਗਲੀ ਉਠਾ ਰਿਹਾ ਹੈ। ਭਾਜਪਾ ਦੀ ਬਾਗੀ ਤਬੀਅਤ ਵਾਲੀ ਵਿਧਾਇਕਾ ਡਾ. ਨਵਜੋਤ ਕੌਰ ਸਿੱਧੂ ਨੇ ਕਿਹਾ ਕਿ ਪੰਜਾਬ ਪੁਲੀਸ ਗਗਨੇਜਾ ਦੇ ਮਾਮਲੇ ਵਿੱਚ ਬੁਰੀ ਤਰ੍ਹਾਂ ਫੇਲ੍ਹ ਹੋਈ ਹੈ ਤੇ ਉਸ ਕੋਲ ਸਿਰਫ਼ ਤਿੰਨ ਕੰਮ ਰਹਿ ਗਏ ਹਨ। ਇਕ ਪੈਸੇ ਇਕੱਠੇ ਕਰਨਾ, ਝੂਠੇ ਪਰਚੇ ਦਰਜ ਕਰਨੇ ਤੇ ਨਸ਼ੇ ਸਪਲਾਈ ਕਰਨੇ। ਭਾਜਪਾ ਦੀ ਹੀ ਸੀਨੀਅਰ ਆਗੂ ਲਕਸ਼ਮੀ ਕਾਂਤਾ ਚਾਵਲਾ ਨੇ ਵੀ ਇਸ ਮਾਮਲੇ ਵਿੱਚ ਪੰਜਾਬ ਪੁਲੀਸ ਦੀ ਕਾਰਗੁਜ਼ਾਰੀ 'ਤੇ ਉਂਗਲ ਉਠਾਈ ਹੈ।

ਉਧਰ ਪੰਜਾਬ ਪ੍ਰਦੇਸ਼ ਕਾਂਗਰਸ ਕਮੇਟੀ ਦੇ ਪ੍ਰਧਾਨ ਕੈਪਟਨ ਅਮਰਿੰਦਰ ਸਿੰਘ ਨੇ ਸ੍ਰੀ ਗਗਨੇਜਾ ਉਤੇ ਹੋਏ ਹਮਲੇ ਲਈ ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਨੂੰ ਸਿੱਧੇ ਤੌਰ 'ਤੇ ਜ਼ਿੰਮੇਵਾਰ ਦੱਸਦਿਆਂ ਕਿਹਾ ਕਿ ਉਹ ਹੁਣ ਸਿਰਫ਼ ਮਗਰਮੱਛ ਦੇ ਅੱਥਰੂ ਵਹਾ ਰਹੇ ਹਨ। ਉਨ੍ਹਾਂ ਸ੍ਰੀ ਬਾਦਲ 'ਤੇ ਦੋਸ਼ ਲਾਇਆ ਕਿ ਉਹ ਗਗਨੇਜਾ ਦੇ ਦੇਹਾਂਤ 'ਤੇ ਸਿਆਸਤ ਖੇਡ ਰਹੇ ਹਨ। ਕੈਪਟਨ ਅਮਰਿੰਦਰ ਨੇ ਉਨ੍ਹਾਂ ਤੋਂ ਸਵਾਲ ਕੀਤਾ ਸੀ ਕਿ ਉਹ ਕਿਹੜਾ ਮੂੰਹ ਲੈ ਕੇ ਗਗਨੇਜਾ ਦੇ ਪਰਿਵਾਰ ਨੂੰ ਮਿਲਣ

ਬਾਕੀ ਸਫ਼ਾ 33 'ਤੇ

## ਗਗਨੇਜਾ ਦੇ ਕਾਤਲਾਂ ਨੂੰ ਹਰ ਕੀਮਤ 'ਤੇ ਸਜ਼ਾ ਮਿਲੇਗੀ : ਰਾਜਨਾਥ ਸਿੰਘ

### *ਸੁਖਬੀਰ ਬਾਦਲ, ਸੰਤ ਸੀਚੇਵਾਲ ਤੇ ਛੋਟੇਪੁਰ ਨੇ ਵੀ ਦਿੱਤੀਆਂ ਸ਼ਰਧਾਂਜਲੀਆਂ*



ਜਗਦੀਸ਼ ਗਗਨੇਜਾ ਦੇ ਪਰਿਵਾਰ ਦਾ ਦੁੱਖ ਵੰਡਾਉਂਦੇ ਹੋਏ ਕੇਂਦਰੀ ਗ੍ਰਹਿ ਮੰਤਰੀ ਰਾਜਨਾਥ ਸਿੰਘ

**ਜਲੰਧਰ/ਬਿਊਰੋ ਨਿਊਜ਼ :** ਕੇਂਦਰੀ ਗ੍ਰਹਿ ਮੰਤਰੀ ਰਾਜਨਾਥ ਸਿੰਘ ਨੇ ਕਿਹਾ ਹੈ ਕਿ ਆਰ.ਐਸ.ਐਸ. ਦੇ ਪੰਜਾਬ ਦੇ ਸਹਿ-ਸੰਚਾਲਕ ਬ੍ਰਿਗੇਡੀਅਰ ਜਗਦੀਸ਼ ਗਗਨੇਜਾ ਦੇ ਕਾਤਲਾਂ ਨੂੰ ਬਖ਼ਸ਼ਿਆ ਨਹੀਂ ਜਾਵੇਗਾ। ਉਨ੍ਹਾਂ ਕਿਹਾ ਕਿ ਇਸ ਮਾਮਲੇ ਵਿੱਚ ਸੀ.ਬੀ.ਆਈ. ਜਾਂਚ ਚੱਲ ਰਹੀ ਹੈ ਅਤੇ ਦੋਸ਼ੀਆਂ ਨੂੰ ਹਰ ਕੀਮਤ 'ਤੇ ਸਜ਼ਾ ਦਿਵਾਈ ਜਾਵੇਗੀ।

ਸ੍ਰੀ ਰਾਜਨਾਥ ਸਿੰਘ ਇੱਥੇ ਜਲੰਧਰ-ਫਗਵਾੜਾ ਨੈਸ਼ਨਲ ਹਾਈਵੇਅ 'ਤੇ ਬ੍ਰਿਗੇਡੀਅਰ ਗਗਨੇਜਾ ਦੀ ਰਸਮ ਕਿਰਿਆ ਮੌਕੇ ਹੋਏ ਇਕੱਠ ਨੂੰ ਸੰਬੋਧਨ ਕਰ ਰਹੇ ਸਨ। ਉਨ੍ਹਾਂ ਕਿਹਾ ਕਿ ਇਸ ਘਟਨਾ ਬਾਰੇ ਉਨ੍ਹਾਂ ਨੇ ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਅਤੇ ਉਪ ਮੁੱਖ ਮੰਤਰੀ ਸੁਖਬੀਰ ਸਿੰਘ ਬਾਦਲ ਨਾਲ ਗੱਲਬਾਤ ਕਰਕੇ ਸਾਰੀ ਜਾਣਕਾਰੀ ਹਾਸਲ ਕੀਤੀ ਸੀ ਤੇ ਇਹ ਪੰਜਾਬ ਲਈ ਵੱਡਾ ਸਦਮਾ ਹੈ। ਉਨ੍ਹਾਂ ਗਗਨੇਜਾ ਪਰਿਵਾਰ ਨਾਲ ਹਮਦਰਦੀ ਜ਼ਾਹਰ ਕਰਦਿਆਂ ਹਰ ਸੰਭਵ ਸਹਾਇਤਾ ਦਾ ਭਰੋਸਾ ਦਿਵਾਇਆ। ਬਾਅਦ ਵਿੱਚ ਪੰਜਾਬ ਵਿਚ ਗੜਬੜ ਫੈਲਾਉਣ ਪਿੱਛੇ ਵਿਦੇਸ਼ੀ ਤਾਕਤਾਂ ਦਾ ਹੱਥ ਹੋਣ ਬਾਰੇ ਪੱਤਰਕਾਰਾਂ ਵੱਲੋਂ ਪੁੱਛੇ ਗਏ ਸਵਾਲ ਦੇ ਜਵਾਬ ਵਿੱਚ ਸ੍ਰੀ ਰਾਜਨਾਥ ਸਿੰਘ ਨੇ ਪਾਕਿਸਤਾਨ ਵੱਲ ਇਸ਼ਾਰਾ ਕਰਦਿਆਂ ਕਿਹਾ ਕਿ ਇੱਕ ਤਾਂ ਗੁਆਂਢੀ ਮੁਲਕ ਹੀ ਗੜਬੜ ਕਰਵਾਉਣ ਵਿੱਚ ਲੱਗਾ ਹੋਇਆ ਹੈ। ਉਨ੍ਹਾਂ ਕਿਹਾ ਕਿ ਸੁਰੱਖਿਆ ਏਜੰਸੀਆਂ ਵੱਲੋਂ ਚੌਕਸੀ ਬਾਰੇ ਜੋ ਵੀ ਗੱਲ ਆਉਂਦੀ ਹੈ, ਉਹ ਪੰਜਾਬ ਨਾਲ ਸਾਂਝੀ ਕੀਤੀ ਜਾਂਦੀ ਹੈ। ਪਾਕਿਸਤਾਨ ਨਾਲ ਜਲ ਵਿਵਾਦ ਬਾਰੇ ਉਨ੍ਹਾਂ ਕਿਹਾ ਕਿ ਭਾਰਤ ਦਾ ਸਿਰ ਨੀਵਾਂ ਨਹੀਂ ਹੋਣ ਦਿੱਤਾ ਜਾਵੇਗਾ।

ਉਪ ਮੁੱਖ ਮੰਤਰੀ ਸੁਖਬੀਰ ਸਿੰਘ ਬਾਦਲ ਨੇ ਸ਼ਰਧਾ ਦੇ ਫੁੱਲ ਭੇਟ ਕਰਦਿਆਂ ਕਿਹਾ ਕਿ ਸ੍ਰੀ ਗਗਨੇਜਾ ਨੇ ਹਮੇਸ਼ਾ ਸੂਬੇ ਦੀ ਭਾਈਚਾਰਕ ਸਾਂਝ ਤੇ ਸਦਭਾਵਨਾ ਲਈ ਕੰਮ ਕੀਤਾ। ਆਰ.ਐਸ.ਐਸ. ਦੇ ਜੁਆਇੰਟ ਸਕੱਤਰ ਅਤੇ ਭਾਜਪਾ ਨਾਲ ਤਾਲਮੇਲ ਰੱਖਣ ਵਾਲੇ ਆਗੂ ਡਾ. ਕ੍ਰਿਸ਼ਨਾ ਗੋਪਾਲ ਨੇ ਕਿਹਾ ਕਿ ਸ੍ਰੀ ਗਗਨੇਜਾ ਨੂੰ ਮਾਰਨ ਵਾਲੇ ਉਨ੍ਹਾ ਦੀ ਸੋਚ ਨੂੰ ਨਹੀਂ ਮਾਰ ਸਕਦੇ ਸਗੋਂ ਉਨ੍ਹਾਂ ਦਾ ਅਧੂਰਾ ਮਿਸ਼ਨ ਪੂਰਾ ਕੀਤਾ ਜਾਵੇਗਾ।

ਇਸ ਪਿਛੋਂ ਕੇਂਦਰੀ ਗ੍ਰਹਿ ਮੰਤਰੀ ਰਾਜਨਾਥ

ਬਾਕੀ ਸਫ਼ਾ 33 'ਤੇ

ਅੰਮ੍ਰਿਤਸਰ ਟਾਈਮਜ਼
AMRITSAR TIMES

28 ਸਤੰਬਰ 2016 ਤੋਂ 04 ਅਕਤੂਬਰ 2016

# ਸਿਆਸੀ ਯੁੱਧ ’ਚ ਸ਼ਬਦੀ ਮੁਕਾਬਲੇ ਦਾ ਪਹਿਲਾ ਗੇੜ

## ਅਮਰੀਕੀ ਲੋਕ ਰਾਜ ਦੇ ਵਿਚਾਰਧਾਰਕ ਬਹਿਸ ਮੁਬਾਸੇ ਦੀ ਸ਼ਾਨਦਾਰ ਰਵਾਇਤ

ਅਮਰੀਕਾ ਦੀਆਂ ਦੋ ਮੁੱਖ ਰਾਜਸੀ ਧਿਰਾਂ ਡੈਮੋਕਰੇਟ ਪਾਰਟੀ ਅਤੇ ਰਿਪਬਲਿਕਨ ਪਾਰਟੀ ਵਿਚਕਾਰ ਸਿਖ਼ਰਲੇ ਸਿਆਸੀ ਯੁੱਧ ਦੇ ਆਖ਼ਰੀ ਦੌਰ ਦੀ ਸ਼ੁਰੂਆਤ ਹੋ ਗਈ ਹੈ। ਸੱਤਾਧਾਰੀ ਡੈਮੋਕਰੇਟਾਂ ਵਲੋਂ ਰਾਸ਼ਟਰਪਤੀ ਦੇ ਅਹੁਦੇ ਲਈ ਉਮੀਦਵਾਰ ਹਿਲੇਰੀ ਕਲਿੰਟਨ ਅਤੇ ਰਿਪਬਲਿਕਨ ਪਾਰਟੀ ਦੇ ਉਮੀਦਵਾਰ ਡੋਨਲਡ ਟਰੰਪ ਵਿਚਾਲੇ ਚੋਣਾਂ ਤੋਂ ਪਹਿਲਾਂ ਹੋਣ ਵਾਲੀਆਂ ਤਿੰਨ ਡੀਬੇਟਾਂ ਦੇ ਪਹਿਲੇ ਗੇੜ ਵਜੋਂ ਮੰਗਲਵਾਰ ਨੂੰ ਹੋਇਆ ਮੁਕਾਬਲਾ ਬਹੁਤ ਦਿਲਚਸਪ ਰਿਹਾ। ਇਸ ਵਾਰ ਨਿਊਯਾਰਕ ਖੇਤਰ ਦੀ ਉਘੀ ਵਿਦਿਅਕ ਸੰਸਥਾ ਹੌਫਸਟਰਾ ਯੂਨੀਵਰਸਿਟੀ ’ਚ ਪਹਿਲੀ ਬਹਿਸ ਦੇ ਮਾਡਰੇਟਰ ਵਜੋਂ 90 ਮਿੰਟ ਦੇ ਪ੍ਰੋਗਰਾਮ ਦੌਰਾਨ ਐਨਬੀਸੀ ਦੇ ਉੱਘੇ ਟੀਵੀ ਪੱਤਰਕਾਰ ਲੈਸਟਰ ਡਾਨ ਹੋਲਟ ਨੇ ਹਿਲੇਰੀ ਤੇ ਟਰੰਪ ਨੂੰ ਕੀਤੇ ਬੜੇ ਤਿੱਖੇ ਅਤੇ ਅਹਿਮ ਸਵਾਲਾਂ ਰਾਹੀਂ ਬਹਿਸ ਨੂੰ ਮੁੱਖ ਵਿਸ਼ੇ ਉੱਤੇ ਕੇਂਦਰਿਤ ਰੱਖਦਿਆਂ ਅੰਤ ਰੌਚਿਕਤਾ ਤੱਕ ਬਣਾਈ ਰੱਖੀ। ਹੋਲਟ ਨੇ ਦੋਵਾਂ ਉਮੀਦਵਾਰਾਂ ਨੂੰ ਸਮੁੱਚੇ ਵਿਸ਼ਵ ਦੇ ਮੌਜੂਦਾ ਹਾਲਾਤ, ਅੱਤਵਾਦ, ਨਾਟੋ, ਇਰਾਨ, ਉੱਤਰੀ ਕੋਰੀਆ, ਚੀਨ, ਮੈਕਸੀਕੋ, ਅਮਰੀਕਾ ਦੀ ਵਿਦੇਸ਼ ਨੀਤੀ, ਘਰੇਲੂ ਹਾਲਤ, ਆਰਥਿਕਤਾ, ਰੁਜ਼ਗਾਰ, ਨਸਲੀ ਸਬੰਧਾਂ, ਅਮਰੀਕਾ ਵਿਚਲੇ ਮੁਸਲਮਾਨਾਂ ਸਮੇਤ ਘੱਟ ਗਿਣਤੀਆਂ ਦੇ ਭਵਿੱਖ ਤੋਂ ਇਲਾਵਾ ਹੋਰਨਾਂ ਵਿਸ਼ਿਆਂ ਉੱਤੇ ਸਵਾਲਾਂ ਰਾਹੀਂ ਅਜਿਹਾ ਝੰਜੋੜਿਆ ਕਿ ਦੋਵਾਂ ਨੂੰ ਹਰ ਸਵਾਲ ਦਾ ਜਵਾਬ ਬੜਾ ਸੋਚ ਸਮਝ ਕੇ ਦੇਣ ਲਈ ਕਾਫ਼ੀ ਠਰੰਮੇ ਅਤੇ ਦਿਮਾਗ ਤੋਂ ਕੰਮ ਲੈਣਾ ਪਿਆ। ਸਾਰੀ ਗੱਲਬਾਤ ਬਾਅਦ ਜਿਸ ਪੱਖ ਵੱਲ ਲੋਕਾਂ ਦਾ ਬਹੁਤ ਧਿਆਨ ਹੁੰਦਾ ਹੈ, ਉਹ ਹੈ ਦੋਵਾਂ ’ਚੋਂ ਕਿਹੜਾ ਉਮੀਦਵਾਰ ਸਾਰੇ ਸਵਾਲਾਂ ਦੇ ਜਵਾਬ ਦੇਣ ਵਿੱਚ ਸਫ਼ਲਤਾ ਪੂਰਬਕ ਪੂਰਾ ਉਤਰਿਆ। ਦੋਵਾਂ ਧਿਰਾਂ ਵਲੋਂ ਆਪਣੇ ਆਪ ਦੀ ਇੱਕ ਦੂਜੇ ਤੋਂ ਵਧੀਆ ਕਾਰਗੁਜ਼ਾਰੀ ਦੇ ਦਾਅਵਿਆਂ ਦੇ ਬਾਵਜੂਦ ਹੁਣ ਤੱਕ ਪ੍ਰਾਪਤ ਸੰਕੇਤਾਂ ਤੇ ਨਤੀਜਿਆਂ ਤੋਂ ਇਹੀ ਜਾਪਦਾ ਹੈ ਕਿ ਹਿਲੇਰੀ ਕਲਿੰਟਨ, ਜਿਹੜੀ ਅਮਰੀਕੀ ਇਤਿਹਾਸ ਵਿੱਚ ਰਾਸ਼ਟਰਪਤੀ ਦੇ ਸਰਬ ਉੱਚ ਅਹੁਦੇ ਲਈ ਪਹਿਲੀ ਮਹਿਲਾ ਉਮੀਦਵਾਰ ਹੈ, ਆਪਣੇ ਤੇਜ਼ ਤਰਾਰ ਪਰ ਠਰੰਮੇ ਵਾਲੇ ਸੁਭਾਅ, ਵਿਦੇਸ਼ ਮੰਤਰੀ ਵਜੋਂ ਤਜਰਬੇ ਅਤੇ ਪ੍ਰਸ਼ਾਸਕੀ ਤਜਰਬੇ ਕਾਰਨ ਟਰੰਪ ਨੂੰ ਸ਼ਬਦਾਂ ਦੀ ਜੰਗ ਵਿਚ ‘ਠਿੱਬੀ ਲਾਉਣ’ ਵਿੱਚ ਕਾਮਯਾਬ ਰਹੀ। ਟਰੰਪ ਨੇ ਕਈ ਅਹਿਮ ਮਸਲਿਆਂ ਬਾਰੇ ਹਿਲੇਰੀ ਉੱਤੇ ਤਿੱਖੇ ਵਾਰ ਕਰਦਿਆਂ ਪਾਸਾ ਪਲਟਣ ਦੇ ਯਤਨ ਕੀਤੇ, ਪਰ ਹਿਲੇਰੀ ਹਰ ਵਾਰ ਬਚ ਕੇ ਨਿਕਲਦਿਆਂ ਉਲਟਾ ਮਾਮਲਾ ਆਪਣੇ ਸਾਹਮਣੇ ਖੜ੍ਹੇ ਵਿਰੋਧੀ ਦੇ ਗੱਲ ਪਾਉਣ ਦੀ ਚਾਲ ਚਲਦੀ ਰਹੀ। ਅਹਿਮ ਵਿਸ਼ਿਆਂ ਉੱਤੇ ਪੂਰੀ ਤਰ੍ਹਾਂ ਕੇਂਦਰਿਤ ਰਹਿਣ ਦੀ ਬਜਾਏ ਦੋਵਾਂ ਨੇ ਰਾਜਸੀ ਲਾਹਾ ਲੈਣ ਲਈ ਆਨੇ-ਬਹਾਨੇ ਇੱਕ-ਦੂਜੇ ਦੇ ਨਿੱਜੀ ਜੀਵਨ ਵਿਚਲੀਆਂ ਘਟਨਾਵਾਂ-ਮਾਮਲਿਆਂ ਨੂੰ ਉਭਾਰਣ ਦੀ ਵੀ ਪੂਰੀ ਵਾਹ ਲਾਈ। ਇਸ ਤਰ੍ਹਾਂ ਬਹਿਸ ਅਪਣੇ ਮੰਤਵ ਤੋਂ ਮਿਆਰ ਤੋਂ ਹੇਠਾਂ ਜਾਂਦੀ ਜਾਪਦੀ ਸੀ ਪਰ ਦੋਵਾਂ ਵਲੋਂ ‘ਭਾਰਤੀ ਰਾਜਸੀ ਨੇਤਾਵਾਂ ਦੇ ਚਿੱਕੜ ਉਛਾਲਣ ਦੇ ਨਿੱਤ ਹੁੰਦੇ ਮੁਕਾਬਲਿਆਂ’ ਵਾਲੀ ਸਥਿਤੀ ਤੱਕ ਜਾਣ ਤੋਂ ਗੁਰੇਜ਼ ਕਰਨ ਕਾਰਨ ਪ੍ਰੋਗਰਾਮ ਦਾ ਸਿਆਸੀ ਸਦਾਚਾਰ ਬਰਕਰਾਰ ਰਿਹਾ। ਹਾਂ, ਟਰੰਪ ਵਲੋਂ ਬਹਿਸ ਦੌਰਾਨ ਖਿੱਝ ਕੇ ਮੱਥੇ ਤਿਉੜੀਆਂ ਪਾਉਣਾ ਅਤੇ ਵਾਰ ਵਾਰ ਹਿਲੇਰੀ ਨੂੰ ਵਿਚੋਂ ਟੋਕਣਾ ਭਾਰਤੀ ਟੀਵੀ ਚੈਨਲਾਂ ਉੱਤੇ ਹੁੰਦੀ ਬੇਹੂਦਾ ਚੁੰਝ ਚਰਚਾ ਦਾ ਝਲਕਾਰਾ ਜ਼ਰੂਰ ਪਾਉਂਦੀ ਸੀ ਪਰ ਇਸ ਦੇ ਬਾਵਜੂਦ ਕ੍ਰੋਧ ਅਤੇ ਕੁੜਿਤਣ ਤੋਂ ਰਹਿਤ ਸੀ। ਅਮਰੀਕੀ ਰਾਸ਼ਟਰਪਤੀ ਦੀ ਚੋਣ ਵਿੱਚ ਜਿੱਥੇ ਹਰ ਪਾਰਟੀ ਦੇ ਉਮੀਦਵਾਰ ਦੀ ਚੋਣ ਵੇਲੇ ਪਾਰਟੀ ਦੇ ਅੰਦਰ ਬੜੇ ਸਾਰਥਕ ਵਿਚਾਰ ਵਟਾਂਦਰੇ ਅਤੇ ਖੁਲ੍ਹੀਆਂ ਬਹਿਸਾਂ ਹੋਣਾ ਪਾਰਟੀ ਦੇ ਅੰਦਰੂਨੀ ਢਾਂਚੇ ਦੇ ਲੋਕਰਾਜੀ ਹੋਣ ਦੀ ਸਪਸ਼ਟ ਉਦਾਹਰਣ ਹਨ, ਉੱਥੇ ਵੋਟਾਂ ਤੋਂ ਪਹਿਲਾਂ ਉਮੀਦਵਾਰਾਂ ਵਿਚਾਲੇ ਕੌਮੀ ਪੱਧਰ ਦੀਆਂ ਖੁਲ੍ਹੀਆਂ ਬਹਿਸਾਂ ਦੇਸ਼ ਦੇ ਲੋਕਰਾਜੀ ਪ੍ਰਬੰਧ ਦੀ ਸ਼ਾਨਦਾਰ ਰਵਾਇਤ ਹਨ। ਹਰ ਚਾਰ ਸਾਲ ਬਾਅਦ ਨਵੰਬਰ ਮਹੀਨੇ ਦੇ ਪਹਿਲੇ ਐਤਵਾਰ ਨੂੰ ਵੋਟਾਂ ਪੈਣ ਤੋਂ ਕੁਝ ਹਫ਼ਤੇ ਪਹਿਲਾਂ ਸਤੰਬਰ ਅਤੇ ਅਕਤੂਬਰ ਦੌਰਾਨ ਅਮਰੀਕਾ ਦੇ ਵੱਖ ਵੱਖ ਭਾਗਾਂ ਵਿੱਚ ਤਿੰਨ ਬਹਿਸਾਂ (Debates) ਦਾ ਪ੍ਰਬੰਧ ਕੀਤਾ ਜਾਂਦਾ ਹੈ। ਕਮਿਸ਼ਨ ਆਨ ਪ੍ਰੈਜ਼ੀਡੈਂਸ਼ਲ ਡੀਬੇਟਸ ਨਾਂਅ ਦੀ ਸੰਸਥਾ ਦੀ ਤਰਫੋਂ ਇਹ ਪ੍ਰੋਗਰਾਮ ਨਾਮੀ ਯੂਨੀਵਰਸਿਟੀਆਂ ਵਿੱਚ ਕਰਵਾਏ ਜਾਂਦੇ ਹਨ ਜਿਨ੍ਹਾਂ ਦਾ ਟੀਵੀ ਚੈਨਲਾਂ, ਰੇਡੀਓ ਅਤੇ ਹੋਰਨਾਂ ਪ੍ਰਚਾਰ ਸਾਧਨਾਂ ਵਲੋਂ ਸਿੱਧਾ ਪ੍ਰਸਾਰਨ ਹੁੰਦਾ ਹੈ।

ਆਮ ਤੌਰ ਉੱਤੇ ਕਿਸੇ ਉਘੇ ਤੇ ਵੱਕਾਰੀ ਟੀ.ਵੀ. ਐਂਕਰ ਅਤੇ ਸੀਨੀਅਰ ਪੱਤਰਕਾਰ ਵਲੋਂ ਇਨ੍ਹਾਂ ਬਹਿਸਾਂ ਦੀ ਕਾਰਵਾਈ ਚਲਾਈ ਜਾਂਦੀ ਹੈ। ਇਹ ਵੀ ਲਗਭਗ ਤੈਅ ਹੀ ਹੈ ਕਿ ਅਜਿਹਾ ਐਂਕਰ ਕਿਸੇ ਵੀ ਰਾਜਸੀ ਪਾਰਟੀ, ਧਰਮ, ਵਰਗ, ਖਿੱਤੇ, ਆਰਥਿਕ ਅਦਾਰੇ ਜਾਂ ਪੱਖਪਾਤੀ ਧਿਰ ਨਾਲ ਜੁੜਿਆ ਨਹੀਂ ਹੁੰਦਾ। ਉਹ ਇਹ ਬੇਹੱਦ ਚੁਣੌਤੀ ਭਰਿਆ ਅਤੇ ਅਹਿਮ ਕਾਰਜ ਨਿਭਾਉਣ ਦੇ ਸਮਰੱਥ ਹੋਣ ਕਾਰਨ ਹੀ ਬਿਨਾਂ ਕਿਸੇ ਲੱਗ-ਲਗਾਓ ਦੇ ਦੇਸ਼ ਨਾਲ ਸਬੰਧਤ ਬਹੁ ਦਿਸ਼ਾਵੀ ਮੁਦਿਆਂ ਅਤੇ ਦਰਪੇਸ਼ ਮੁਸ਼ਕਲਾਂ ਬਾਰੇ ਉਮੀਦਵਾਰਾਂ ਨੂੰ ਲੋਕਾਂ ਦੀ ਕਚਹਿਰੀ ਵਿੱਚ ਖੜ੍ਹਾ ਕਰ ਕੇ ਸਵਾਲਾਂ ਰਾਹੀਂ ਨਿਤਾਰਾ ਕਰਦਿਆਂ ਅੰਤਮ ਨਿਰਣਾ ਲੋਕਾਂ ਉੱਤੇ ਛੱਡ ਦਿੰਦਾ ਹੈ। ਹਰ ਬਹਿਸ ਬਾਅਦ ਵੱਖ ਵੱਖ ਯੂਨੀਵਰਸਿਟੀਆਂ ਆਪਣੇ ਤੌਰ ’ਤੇ ਅੱਗੋਂ ਭਰਵੇਂ ਵਿਚਾਰ ਵਟਾਂਦਰੇ ਕਰਵਾਉਂਦੀਆਂ ਹਨ, ਜਿਨ੍ਹਾਂ ਵਿੱਚ ਅਧਿਆਪਕ ਅਤੇ ਵਿਦਿਆਰਥੀ ਵੱਧ ਚੜ੍ਹ ਕੇ ਹਿੱਸਾ ਲੈਂਦੇ ਹਨ ਜਿਨ੍ਹਾਂ ਵਿਚੋਂ ਭਵਿੱਖ ਦੇ ਸਿਆਸੀ ਆਗੂ ਉਭਰ ਕੇ ਸਾਹਮਣੇ ਆਉਣ ਲਗਦੇ ਹਨ। ਇਸ ਤਰ੍ਹਾਂ ਅਜਿਹੇ ਯਤਨ ਮਹਿਜ਼ ‘ਭਾਰਤੀ ਆਗੂਆਂ ਦੇ ਜਾਬ੍ਹਾਂ ਦੇ ਭੇੜ’ ਨਾ ਰਹਿ ਕੇ ਸਗੋਂ ਰਾਜਸੀ ਤੇ ਸਮਾਜਿਕ ਤੌਰ ਉੱਤੇ ਬੜੇ ਮਹੱਤਵਪੂਰਨ ਸਿੱਧ ਹੁੰਦੇ ਹਨ।

ਅਸਲ ਵਿੱਚ ਪੰਜਾਬੀ ਕਹਾਵਤ ‘ਕੁੰਢੀਆਂ ਦੇ ਸਿੰਘ ਫਸ ਗਏ, ਨਿਤਰੂ ਵੜੇਂਵੇਂ ਖਾਣੀ’ ਵਾਂਗ ਰਾਸ਼ਟਰਪਤੀ ਦੀ ਚੋਣ ਵੇਲੇ ਉਮੀਦਵਾਰਾਂ ਵਿਚਾਲੇ ਹੁੰਦੇ ਸਿੱਧੇ ਸੰਵਾਦ ਭਾਵੇਂ ਜਿੱਤ ਹਾਰ ਦਾ ਫੈਸਲਾ ਨਹੀਂ ਕਰਦੇ ਪਰ ਜਿੱਤ ਹਾਰ ਨੂੰ ਪ੍ਰਭਾਵਿਤ ਜ਼ਰੂਰ ਕਰਦੇ ਹਨ। ਲੰਘੇ ਮੰਗਲਵਰ ਨੂੰ ਪਹਿਲੀ ਬਹਿਸ ਦੇ ਮੁਕੰਮਲ ਹੋਣ ਬਾਅਦ ਲੋਕਾਂ ਦੀਆਂ ਨਜ਼ਰਾਂ 9 ਅਕਤੂਬਰ ਨੂੰ ਵਾਸ਼ਿੰਗਟਨ ਯੂਨੀਵਰਸਿਟੀ, ਸੇਂਟ ਲੂਈਸ ਅਤੇ 19 ਅਕਤੂਬਰ ਨੂੰ ਯੂਨੀਵਾਰਸਿਟੀ ਆਫ਼ ਨੇਵਾਡਾ, ਲਾਸ ਵੇਗਸ ਵਿਖੇ ਹੋਣ ਵਾਲੀਆਂ ਬਹਿਸਾਂ ਉੱਤੇ ਟਿਕੀਆਂ ਹਨ।

# ਪੰਜਾਬ ਨੂੰ ਰਾਜਨੀਤਕ ਖ਼ੁਦਕੁਸ਼ੀ ਤੋਂ ਬਚਾਉਣ ਦੀ ਲੋੜ



**ਮਿਹਨਤ ਦੀ ਕਮਾਈ ਨਾਲ ਜ਼ਿੰਦਗੀ ਜਿਊਣ ਵਾਲੇ ਵਿਅਕਤੀਆਂ ਦੇ ਪਰਿਵਾਰਾਂ ਲਈ ਪੰਜਾਬ ਦਾ ਮਾਹੌਲ ਬਹੁਤ ਬੇਰਹਿਮ ਬਣ ਚੁੱਕਿਆ ਹੈ। ਇਸ ਕਰਕੇ ਹਰ ਆਮ ਆਦਮੀ ਇੱਥੋਂ ਭੱਜ ਜਾਣਾ ਚਾਹੁੰਦਾ ਹੈ। ਹਰ ਵਰਗ ਦਾ ਵਿਦਿਆਥੀ, ਨੌਜਵਾਨ ਅਤੇ ਕਿਰਤੀ ਹਰ ਹਰਬਾ ਵਰਤ ਕੇ ਵਿਦੇਸ਼ ਚਲਾ ਜਾਣਾ ਚਾਹੁੰਦਾ ਹੈ। ਜੋ ਇੱਥੋਂ ਖਹਿੜਾ ਛੁਡਾ ਕੇ ਜਾ ਨਹੀਂ ਸਕਦੇ ਉਹ ਜਾਂ ਤਾਂ ਖ਼ੁਦਕਸ਼ੀ ਕਰ ਲੈਂਦੇ ਹਨ ਜਾਂ ਨਸ਼ਿਆਂ ਦੇ ਸਹਾਰੇ ਆਪਣਾ ਸੁਪਨ ਦੇਸ਼ ਸਿਰਜ ਕੇ ਉਸ ਵਿੱਚ ਵਸਣਾ ਚਾਹੁੰਦੇ ਹਨ। ਕੁੜੀਆਂ ਦੇ ਤਾਂ ਜੰਮਣ ਲਈ ਹੀ ਇਹ ਥਾਂ ਢੁੱਕਵੀਂ ਨਹੀਂ ਰਹੀ, ਉਹ ਜੰਮਣੋਂ ਪਹਿਲਾਂ ਹੀ ਆਪਣੇ ਮਾਪਿਆਂ ਦੀ ਸਹਾਇਤਾ ਨਾਲ ਖੁਦਕੁਸ਼ੀਆਂ ਕਰ ਰਹੀਆਂ ਹਨ।**

**ਸੰਤੋਖ ਸਿੰਘ ਔਜਲਾ**
ਮੋਬਾਈਲ : 94179-62962

ਇੱਥੋਂ ਕੁਲ ਪਰਿੰਦੇ ਉਡ ਗਏ, ਇੱਥੋਂ ਮੇਘ ਆਉਂਦੇ ਵੀ ਮੁੜ ਗਏ,
ਇੱਥੇ ਕਰਨ ਅੱਜ ਕੱਲ੍ਹ ਬਿਰਖ ਵੀ, ਕਿਤੇ ਹੋਰ ਜਾਣ ਦੇ ਮਸ਼ਵਰੇ।

ਸੁਰਜੀਤ ਪਾਤਰ ਦੀ ਗ਼ਜ਼ਲ ਦਾ ਇਹ ਸ਼ੇਅਰ ਅੱਜ ਦੇ ਪੰਜਾਬ ਦੀ ਰੂਹ ਦੀ ਕਾਵਿਕ ਸੰਵੇਦਨਾ ਹੈ। ਮੌਜੂਦਾ ਪੰਜਾਬ ਸਭਿਆਚਾਰਕ, ਨੈਤਿਕ, ਵਿੱਦਿਅਕ, ਸਾਹਿਤਕ, ਰਾਜਨੀਤਿਕ ਤੇ ਆਰਥਿਕ ਨਿਘਾਰ ਦੀ ਬੜੀ ਤੇਜ਼ ਪ੍ਰਕਿਰਿਆ ਵਿਚੋਂ ਗੁਜ਼ਰ ਰਿਹਾ ਹੈ। ਰਾਜ ਉੱਪਰ ਆਇਆ ਇਹ ਸੰਕਟ ਪਹਿਲਾ ਨਹੀਂ ਹੈ। ਪਰ ਅੱਜ ਦੁਖਾਂਤ ਇਹ ਹੈ ਕਿ ਸੰਕਟ ਦੇ ਸਾਹਮਣੇ ਪੰਜਾਬੀਆਂ ਦਾ ਹੌਸਲਾ ਪਸਤ ਹੁੰਦਾ ਨਜ਼ਰ ਆ ਰਿਹਾ ਹੈ। ਇਸ ਨਿਘਾਰ ਨੂੰ ਪੁੱਠਾ ਗੇੜਾ ਦੇਣ ਵਾਲੀ ਪੰਜਾਬੀ ਸਵੈਮਾਨ ਨਾਲ ਪਰੁੰਨੀ ਹੋਈ ਕੋਈ ਰਾਜਸੀ ਜਾਂ ਸਭਿਆਚਾਰਕ ਲਹਿਰ ਵਿਖਾਈ ਵੀ ਨਹੀਂ ਦਿੰਦੀ। ਪਰ ਪੰਜਾਬ ਨੂੰ ਸਭਿਆਚਾਰਕ ਅਤੇ ਆਰਥਿਕ ਤੌਰ ’ਤੇ ਕਮਜ਼ੋਰ ਕਰਨ ਵਾਲੀਆਂ ਅੰਦਰਲੀਆਂ ਅਤੇ ਬਾਹਰਲੀਆਂ ਸ਼ਕਤੀਆਂ ਪੂਰੀ ਤਰ੍ਹਾਂ ਸਰਗਰਮ ਹਨ। ਪੰਜਾਬ ਦੇ ਬਹੁ-ਪਰਤੀ ਸੰਕਟ ਨੂੰ ਸਮਝਣ ਲਈ ਸਾਨੂੰ ਦੇਸ਼ ਦੀ ਹਾਕਮ ਜਮਾਤ ਦੀ ਰਾਜਨੀਤਿਕ ਸਭਿਆਚਾਰ ਅਤੇ ਵਿਚਾਰਧਾਰਾ ਨੂੰ ਸਮਝਣਾ ਅਤਿ-ਜ਼ਰੂਰੀ ਹੈ।



ਰਾਜਨੀਤੀ ਸਾਸ਼ਤਰ ਦੇ ਦ੍ਰਿਸ਼ਟੀਕੋਣ ਤੇ ਵੇਖਦਿਆਂ ਭਾਰਤ ਬਹੁਕੌਮੀ ਅਤੇ ਬਹੁਭਾਸ਼ਾਈ ਉੱਪ ਮਹਾਂਦੀਪ ਹੈ। ਦੇਸ਼ ਦੀ ਹਾਕਮ ਜਮਾਤ ਸਾਹਮਣੇ ਇਸਦੀ ਸਭਿਆਚਾਰਕ ਵਿਭਿੰਨਤਾ ਨੂੰ ਹੌਲੀ-ਹੌਲੀ ਖਤਮ ਕਰਕੇ ਇੱਕ ਮਜ਼ਬੂਤ ਰਾਸ਼ਟਰ ਦੀ ਉਸਾਰੀ ਮੁੱਖ ਰਾਜਸੀ ਨਿਸ਼ਾਨਾ ਹੈ। ਭਾਰਤ ਦੀ ਹਾਕਮ ਜਮਾਤ ਸੂਬਿਆਂ ਨੂੰ ਵੱਖ-ਵੱਖ ਸਭਿਆਚਾਰਕ ਕੌਮਾਂ ਦੇ ਘਰ ਵਜੋਂ ਨਹੀਂ ਸਗੋਂ ਪ੍ਰਬੰਧਕੀ ਇਕਾਈਆਂ ਹੀ ਸਮਝਦੀ ਹੈ। ਇਸ ਕਰਕੇ ਕਸ਼ਮੀਰ, ਉੱਤਰ-ਪੂਰਬੀ ਅਤੇ ਦੱਖਣੀ ਸੂਬਿਆਂ ਤੋਂ ਇਲਾਵਾ ਪੰਜਾਬ ਦੀ ਦੇਸ਼ ਪ੍ਰਤੀ ਵਫ਼ਾਦਾਰੀ ਨੂੰ ਸ਼ੱਕ ਦੀ ਨਜ਼ਰ ਨਾਲ ਵੇਖਿਆ ਜਾਂਦਾ ਹੈ। ਇਸ ਲਈ ਸੂਬਿਆਂ ਦੀ ਸਭਿਆਚਾਰਕ ਤੇ ਆਰਥਿਕ ਤਰੱਕੀ ਤੋਂ ਕੇਂਦਰੀ ਹਾਕਮ ਜਮਾਤ ਤ੍ਰਭਕਦੀ ਹੈ। ਪੰਜਾਬ ਦੇ ਮੌਜੂਦਾ ਸੰਕਟ ਨੂੰ ਪੰਜਾਬ ਪ੍ਰਤੀ ਹਾਕਮ ਜਮਾਤ ਦੇ ਰੱਵਈਏ ਦੀ ਨਿਸ਼ਾਨਦੇਹੀ ਬਗੈਰ ਨਹੀਂ ਸਮਝਿਆ ਜਾ ਸਕਦਾ।

ਆਜ਼ਾਦੀ ਤੋਂ ਬਾਅਦ ਪੰਜਾਬੀ-ਹਿੰਦੀ ਦਾ ਬਖੇੜਾ ਖੜ੍ਹਾ ਕਰਕੇ ਪੰਜਾਬੀ ਹਿੰਦੂਆਂ ਨੂੰ ਮਾਂ-ਬੋਲੀ ਨਾਲੋਂ ਅੱਡ ਕਰਨ ਦੀ ਕੋਸ਼ਿਸ਼, ਰਾਜਸਥਾਨ ਨੂੰ ਪੰਜਾਬ ਦਾ ਅੱਧਾ ਪਾਣੀ ਮੁਫ਼ਤ ਦੇਣਾ, ਸਿੱਖਾਂ ਦੀ ਧਾਰਮਿਕ ਇਕਮੁੱਠਤਾ ਨੂੰ ਖਤਮ ਕਰਨਾ ਅਤੇ ਸਿੱਖ ਫ਼ਲਸਫ਼ੇ ਦੇ ਇਨਕਲਾਬੀ ਤੱਤ ਨੂੰ ਪੇਤਲਾ ਕਰਨ ਅਤੇ ਸਿੱਖਾਂ ਦੇ ਅਧਿਆਤਮਿਕ ਊਰਜਾ ਸਰੋਤਾਂ ਨੂੰ ਕਮਜ਼ੋਰ ਤੇ ਖੇਰੂੰ-ਖੇਰੂੰ ਕਰਨ ਵਾਸਤੇ ਧਾਰਮਿਕ ਡੇਰਿਆਂ ਨੂੰ ਪ੍ਰਫੁੱਲਤ ਕਰਨਾ ਅਤੇ ਅੰਗਰੇਜ਼ੀ ਸਕੂਲਾਂ ਰਾਹੀਂ ਪੰਜਾਬੀ ਬੋਲੀ ਦੀ ਸ਼ਕਤੀ ਅਤੇ ਪਛਾਣ ਨੂੰ ਖਤਮ ਕਰਨਾ ਦੇਸ਼ ਦੀ ਕੇਂਦਰੀ ਜਾਂ ‘ਰਾਸ਼ਟਰੀ ਨੀਤੀ’ ਦੀ ਯੋਜਨਾਬੰਦੀ ਦਾ ਨਤੀਜਾ ਸੀ।

ਦੇਸ਼ ਦੀ ਵੰਡ ਤੋਂ ਬਾਅਦ ਚੰਡੀਗੜ੍ਹ ਨੂੰ ਪੰਜਾਬ ਦੀ ਆਧੁਨਿਕ ਰਾਜਧਾਨੀ ਵਜੋਂ ਉਸਾਰਿਆ ਗਿਆ ਸੀ। ਇਸ ਸ਼ਹਿਰ ਨੇ ਪੰਜਾਬ ਦੇ ਸਭਿਆਚਾਰਕ ਅਤੇ ਆਰਥਿਕ ਵਿਕਾਸ ਵਿੱਚ ਲਾਹੌਰ ਸ਼ਹਿਰ ਦਾ ਵਾਰਿਸ ਬਣਨਾ ਸੀ। ਪੰਜਾਬ ਦੀ ਜਵਾਨੀ ਨੂੰ ਉਚੇਰੀ ਵਿੱਦਿਆ ਅਤੇ ਟੈਕਨਾਲੋਜੀ ਰਾਹੀਂ ਇਸ ਸ਼ਹਿਰ ਨੇ ਉਹ ਸਪੇਸ ਪ੍ਰਦਾਨ ਕਰਨੀ ਸੀ ਜਿਸ ਨੇ ਪੰਜਾਬ ਨੂੰ ਨਵੀਂ ਰੌਸ਼ਨੀ ਰਾਹੀਂ ਅੱਗੇ ਵਧਣ ਲਈ ਸਭਿਆਚਾਰਕ ਊਰਜਾ ਪ੍ਰਦਾਨ ਕਰਨੀ ਸੀ। ਪਰ ਇਹ ਭਾਰਤ ਦੀ ‘ਰਾਸ਼ਟਰੀ ਨੀਤੀ’ ਦੇ ਅਨੁਕੂਲ ਨਹੀਂ ਸੀ ਅਤੇ ਪੰਜਾਬ ਦੀ ਰਾਜਸੀ ਜਮਾਤ ਇਸ ਅਹਿਮੀਅਤ ਤੋਂ ਅਣਜਾਣ ਸੀ। ਇਸੇ ਨੀਤੀ ਤਹਿਤ ਚੰਡੀਗੜ੍ਹ ਨੂੰ ਪੰਜਾਬ ਤੋਂ ਖੋਹਿਆ ਗਿਆ।

ਪੰਜਾਬ ਦਾ ਅੱਜ ਅਜਿਹਾ ਬੁਰਾ ਹਾਲ ਕਦਾਚਿੱਤ ਨਾ ਹੁੰਦਾ ਜੇ ਪੰਜਾਬ ਦੀ ਕੋਈ ਰਾਜਸੀ ਜਾਂ ਸਭਿਆਚਾਰਕ ਧਿਰ ਕੇਂਦਰੀ ਹਾਕਮ ਜਮਾਤ ਦੀਆਂ ਪੰਜਾਬ ਵਿਰੋਧੀ ਨੀਤੀਆਂ ਨੂੰ ਸ਼ਿੱਦਤ ਨਾਲ ਸਮਝਦੀ ਅਤੇ ਇਨ੍ਹਾਂ ਦਾ ਵਿਰੋਧ ਕਰਦੀ। ਦੁੱਖ ਦੀ ਗੱਲ ਇਹ ਹੈ ਕਿ ਪੰਜਾਬ ਵਿਰੋਧੀ ਸਾਜ਼ਿਸ਼ਾਂ ਨੂੰ ਸਮਝ ਕੇ ਪੰਜਾਬ ਦੀ ਜਿਹੜੀ ਰਾਜਸੀ ਧਿਰ ਨੇ ਇਸ ਨੀਤੀ ਦਾ ਵਿਰੋਧ ਕਰਨਾ ਸੀ, ਉਹ ਰਾਜ-ਭਾਗ ਦੇ ਵਕਤੀ ਲਾਲਚਾਂ ਵਿੱਚ ਇਨ੍ਹਾਂ ਪੰਜਾਬ ਦੁਸ਼ਮਣ ਤਾਕਤਾਂ ਦੀ ਭਾਈਵਾਲ ਬਣ ਗਈ। ਪੰਜਾਬੀ ਸੂਬਾ ਬਣਨ ਤੋਂ ਬਾਅਦ ਪੰਜਾਬ ਦੀਆਂ ਰਾਜਨੀਤਿਕ ਆਸ਼ਾਵਾਂ ਦੀ ਤਰਜਮਾਨੀ ਕਰਨ ਵਾਲੀ ਪਾਰਟੀ ਸ਼੍ਰੋਮਣੀ ਅਕਾਲੀ ਦਲ ਨੇ ਪੰਜਾਬ ਉੱਪਰ ਰਾਜ ਕਰਨ ਦੀ ਆਪਣੀ ਭੁੱਖ ਨੂੰ ਪੂਰਾ ਕਰਨ ਲਈ ਪੰਜਾਬ ਨੂੰ ਮਾਰਨ ਵਾਲੀਆਂ ਇਨ੍ਹਾਂ ਨੀਤੀਆਂ ਨੂੰ ਪਰਵਾਨ ਚੜ੍ਹਾਇਆ।

ਬਦਕਿਸਮਤੀ ਨਾਲ ਅਕਾਲੀ ਦਲ ਨੇ ਪਿਛਲੇ ਤਿੰਨ ਦਹਾਕਿਆਂ ਵਿੱਚ ਅਜਿਹਾ ਇੱਕ ਵੀ ਲੀਡਰ ਉੱਭਰਨ ਨਹੀਂ ਦਿੱਤਾ, ਜਿਸ ਨੂੰ ਪੰਜਾਬੀਅਤ ਜਾਂ ਸਿੱਖ ਵਿਚਾਰਧਾਰਾ ਨਾਲ ਬੇਪਨਾਹ ਮੁਹੱਬਤ ਹੋਵੇ। ਪੰਜਾਬੀ ਸੂਬੇ ਦੇ ਬਣਨ ਤੋਂ ਬਾਅਦ ਅਕਾਲੀ ਦਲ ਵਿਚ ਅਮੀਰ ਜਾਗੀਰਦਾਰਾਂ ਦੀ ਤੂਤੀ ਬੋਲਣ ਲੱਗੀ। ਜਥੇਦਾਰ ਗੁਰਚਰਨ ਸਿੰਘ ਟੌਹੜਾ ਅਕਾਲੀ ਦਲ ਅੰਦਰ ਸਿੱਖ ਵਲਵਲੇ ਵਾਲੀ ਛੋਟੀ ਕਿਸਾਨੀ ਦਾ ਆਖ਼ਰੀ ਚਿਰਾਗ਼ ਸੀ। ਪਰ ਉਹ ਵੀ ਅਕਾਲੀ ਦਲ ਵਿਚ ਅਮੀਰ ਜਾਗੀਰਦਾਰਾਂ ਦੇ ਰਾਜਸੀ ਏਕਾਧਿਕਾਰ ਨੂੰ ਅਸਰਦਾਰ ਚੁਣੌਤੀ ਨਹੀਂ ਦੇ ਸਕਿਆ। ਇਸ ਦੇ ਸਿੱਟੇ ਵਜੋਂ ਹੁਣ ਤਕ ਪਹੁੰਚਦਿਆਂ ਅਕਾਲੀ ਦਲ ਵਰਗੀ ਊਰਜਾ ਭਰਪੂਰ ਜੁਝਾਰੂ ਪਾਰਟੀ ਇੱਕ ਪਰਿਵਾਰ ਦੀ ਨਿੱਜੀ ਜਾਗੀਰ ਬਣ ਗਈ ਅਤੇ ਇਸ ਪਰਿਵਾਰ ਤੋਂ ਬਾਹਰਲੇ ਛੋਟੇ-ਵੱਡੇ ਸਾਰੇ ਆਗੂ ਅਤੇ ਕਾਰਕੁਨ ਸੱਤਾ ਦਾ ਭੂਰ ਚੂਰ ਖਾ ਕੇ ਗੁਜ਼ਾਰਾ ਕਰਨ ਖਾਤਰ ਇਸ ਪਰਿਵਾਰ ਦੇ ਮਹਿਜ਼ ਗੋਲੇ ਬਣ ਗਏ। ਦੂਜੇ ਲਫ਼ਜ਼ਾਂ ਵਿੱਚ ਅਕਾਲੀ ਦਲ ਸਿੱਖ ਸਭਿਆਚਾਰ ਨਾਲ ਓਤਪੋਤ ਜਾਂ ਪੰਜਾਬੀ ਰੜਕ ਤੇ ਮੜ੍ਹਕ ਵਾਲੀ ਪਾਰਟੀ ਨਾ ਰਹਿ ਕੇ ਇੱਕ ਪਰਿਵਾਰ ਦੇ ਗ਼ਲਬੇ ਵਾਲੀ ਪ੍ਰਾਈਵੇਟ ਲਿਮਟਿਡ ਕੰਪਨੀ ਬਣ ਗਿਆ। ਇਸ ਪਰਿਵਾਰਕ ਕੰਪਨੀ ਨੇ ਸੱਤਾ ਦੇ ਵਪਾਰਕ ਨਜ਼ਰੀਏ ਤੋਂ ਪੰਜਾਬੀਆਂ ਅਤੇ ਸਿੱਖੀ ਦੇ ਹਰ ਸਰੋਤ ਨੂੰ ਖ਼ਤਮ ਕਰਨ ਦੀ ਨੀਤੀ ਅਪਣਾਈ ਜਿਹੜਾ ਸਮੇਂ ਦੇ ਕਿਸੇ ਵੀ ਮੋੜ ’ਤੇ ਇਸ ਦੀ ਰਾਜਨੀਤਕ ਇਜ਼ਾਰੇਦਾਰੀ ਨੂੰ ਚੈਲਿੰਜ ਕਰ ਸਕੇ। ਇਸ ਕੰਪਨੀ ਨੇ ਡੇਰੇਦਾਰਾਂ ਦੇ ਪ੍ਰਭਾਵ ਥੱਲੇ ਸਿੱਖ ਸੰਸਥਾਵਾਂ ਨੂੰ ਆਪਣੇ ਰਾਜਸੀ ਹਿੱਤਾਂ ਵਾਸਤੇ ਵਰਤਿਆ। ਇਸ ਦੇ ਨਤੀਜੇ ਵਜੋਂ ਸਾਧਾਰਨ ਸਿੱਖਾਂ ਦੇ ਮਨਾਂ ਵਿਚੋਂ ਇਨ੍ਹਾਂ ਧਾਰਮਿਕ ਸੰਸਥਾਵਾਂ ਤੋਂ ਕਿਸੇ ਸਰਬ ਸਾਂਝੀ ਉਪਯੋਗਤਾ ਦੀ ਆਸ ਜਾਂਦੀ ਰਹੀ। ਦੂਸਰਾ, ਸਾਡੀ ਨੌਜਵਾਨ ਪੀੜ੍ਹੀ ਆਪਣੀ ਧਾਰਮਿਕ ਪਹਿਚਾਣ ਦੇ ਮਹੱਤਵ ਨੂੰ ਗ਼ੈਰ-ਜ਼ਰੂਰੀ ਸਮਝਦੀ ਹੋਈ ਇਸ ਤੋਂ ਬੇਮੁੱਖ ਹੋਣ ਲੱਗੀ ਅਤੇ ਪੂਰਾ ਪੰਜਾਬ ਪਤਿਤਪੁਣੇ ਦੀ ਲਹਿਰ ਵਿੱਚ ਡੁੱਬ ਗਿਆ। ਆਪਣੀ ਸਭਿਆਚਾਰਕ ਅਤੇ ਧਾਰਮਿਕ ਪਹਿਚਾਣ ਤੋਂ ਬੇਮੁੱਖ ਜਾਂ ਮੁਨਕਰ ਹੋਣਾ ਕੋਈ ਮਾਮੂਲੀ ਸਮਾਜਿਕ ਵਰਤਾਰਾ ਨਹੀਂ ਸਗੋਂ ਇੱਕ ਸਭਿਆਚਾਰਕ ਖੁਦਕੁਸ਼ੀ ਹੈ। ਲੱਚਰਤਾ, ਨਸ਼ਾਖੋਰੀ, ਪਲਾਇਨ ਪ੍ਰਵਿਰਤੀ, ਦੇਹ ਵਪਾਰ ਅਤੇ ਬਦਮਾਸ਼ ਗਰੋਹਾਂ ਦਾ ਪੈਦਾ ਹੋਣਾ ਇਸ ਵਰਤਾਰੇ ਦਾ ਅਗਲਾ ਪੜਾਅ ਹੈ।

ਮਿਹਨਤ ਦੀ ਕਮਾਈ ਨਾਲ ਜ਼ਿੰਦਗੀ ਜਿਊਣ ਵਾਲੇ ਵਿਅਕਤੀਆਂ ਦੇ ਪਰਿਵਾਰਾਂ ਲਈ ਪੰਜਾਬ ਦਾ ਮਾਹੌਲ ਬਹੁਤ ਬੇਰਹਿਮ ਬਣ ਚੁੱਕਿਆ ਹੈ। ਇਸ ਕਰਕੇ ਹਰ ਆਮ ਆਦਮੀ ਇੱਥੋਂ ਭੱਜ ਜਾਣਾ ਚਾਹੁੰਦਾ ਹੈ। ਹਰ ਵਰਗ ਦਾ ਵਿਦਿਆਥੀ, ਨੌਜਵਾਨ ਅਤੇ ਕਿਰਤੀ ਹਰ ਹਰਬਾ ਵਰਤ ਕੇ ਵਿਦੇਸ਼ ਚਲਾ ਜਾਣਾ ਚਾਹੁੰਦਾ ਹੈ। ਜੋ ਇੱਥੋਂ ਖਹਿੜਾ ਛੁਡਾ ਕੇ ਜਾ ਨਹੀਂ ਸਕਦੇ ਉਹ ਜਾਂ ਤਾਂ ਖ਼ੁਦਕਸ਼ੀ ਕਰ ਲੈਂਦੇ ਹਨ ਜਾਂ ਨਸ਼ਿਆਂ ਦੇ ਸਹਾਰੇ ਆਪਣਾ ਸੁਪਨ ਦੇਸ਼ ਸਿਰਜ ਕੇ ਉਸ ਵਿੱਚ ਵਸਣਾ ਚਾਹੁੰਦੇ ਹਨ। ਕੁੜੀਆਂ ਦੇ ਤਾਂ ਜੰਮਣ ਲਈ ਹੀ ਇਹ ਥਾਂ ਢੁੱਕਵੀਂ ਨਹੀਂ ਰਹੀ, ਉਹ ਜੰਮਣੋਂ ਪਹਿਲਾਂ ਹੀ ਆਪਣੇ ਮਾਪਿਆਂ ਦੀ ਸਹਾਇਤਾ ਨਾਲ ਖੁਦਕੁਸ਼ੀਆਂ ਕਰ ਰਹੀਆਂ ਹਨ। ਇਸ ਤਰ੍ਹਾਂ ਖੁਦਕੁਸ਼ੀ ਪੰਜਾਬ ਦਾ ਚਿੰਨ੍ਹ ਬਣਦੀ ਜਾ ਰਹੀ ਹੈ। ਅੱਜ ਪੰਜਾਬ ਨੂੰ ਸਭਿਆਚਾਰਕ, ਆਰਥਿਕ ਅਤੇ ਵਿੱਦਿਅਕ ਪੁਨਰ-ਸਰਜੀਤੀ ਦੀ ਸਖ਼ਤ ਲੋੜ ਹੈ ਅਤੇ ਇਹ ਪੁਨਰ-ਸੁਰਜੀਤੀ ਸਾਜ਼ਗਰ ਰਾਜਨੀਤਿਕ ਵਿਵਸਥਾ ਤੋਂ ਬਿਨਾਂ ਪਨਪ ਅਤੇ ਵਿਕਸਿਤ ਨਹੀਂ ਹੋ ਸਕਦੀ।

ਪੰਜਾਬ ਅੰਦਰਲੀਆਂ ਮੌਜੂਦਾ ਸਾਰੀਆਂ ਸਰਗਰਮ ਰਾਜਸੀ ਧਿਰਾਂ ਨੂੰ ਪੰਜਾਬ ਦੇ ਲੋਕਾਂ ਨੇ ਲੰਬੇ ਸਮੇਂ ਤੋਂ ਦੇਖਿਆ, ਪਰਖਿਆ ਅਤੇ ਹੰਢਾਇਆ ਹੋਇਆ ਹੈ। ਇਨ੍ਹਾਂ ਸਾਰੀਆਂ ਧਿਰਾਂ ਪ੍ਰਤੀ ਪੰਜਾਬ ਦੇ ਲੋਕਾਂ ਅੰਦਰ ਬਰਾਬਰ

ਬਾਕੀ ਸਫ਼ਾ 32 ’ਤੇ

# ਪੰਜਾਬ, ਪੰਜਾਬੀ ਸੂਬਾ ਤੇ ਪੰਜਾਹਵੀਂ ਵਰ੍ਹੇਗੰਢ

**ਬਿਨਾਂ ਸ਼ੱਕ ਵਰ੍ਹੇਗੰਢਾਂ ਮਨਾਈਆਂ ਜਾਣੀਆਂ ਚਾਹੀਦੀਆਂ ਹਨ, ਪ੍ਰਾਪਤੀਆਂ ਦੇ ਗੁਣ ਗਾਉਣ ਵਿੱਚ ਵੀ ਕੋਈ ਹਰਜ ਨਹੀਂ, ਪਰ ਜਾਣ ਬੁੱਝ ਕੇ ਗੁਆਈਆਂ ਜਾਣ ਵਾਲੀਆਂ ਚੀਜ਼ਾਂ ਦੇ ਜ਼ਿੰਮੇਵਾਰ ਵੀ ਤਾਂ ਉਨ੍ਹਾਂ ਲੋਕਾਂ ਨੂੰ ਠਹਿਰਾਉਣ ਦੀ ਲੋੜ ਹੈ, ਜਿਨ੍ਹਾਂ ਨੇ ਆਪਣੇ ਸਵਾਰਥਾਂ ਦੀ ਖ਼ਾਤਰ ਇਸ ਖਿੱਤੇ ਦਾ ਸਮੇਂ-ਸਮੇਂ ਅਮਨ ਭੰਗ ਕੀਤਾ, ਨੁਕਸਾਨ ਕੀਤਾ; ਜਾਨੀ ਵੀ ਤੇ ਮਾਲੀ ਵੀ; ਪੰਜਾਬੀਆਂ ਨੂੰ ਬਲਦੀ ਦੇ ਬੁਥੇ 'ਚ ਝੋਕਿਆ; ਜਿਨ੍ਹਾਂ ਨੇ ਲੋਕ ਤਰਜੀਹਾਂ ਛੱਡ ਕੇ ਸਿਰਫ਼ ਆਪਣੇ ਹਿੱਤ ਹੀ ਪਾਲੇ !**



**ਗੁਰਮੀਤ ਸਿੰਘ ਪਲਾਹੀ**

ਪੰਜਾਬੀ ਸੂਬਾ ਬਣੇ ਨੂੰ 50 ਵਰ੍ਹੇ ਹੋ ਗਏ ਹਨ। ਸਾਲ 1966 'ਚ ਪੰਜਾਬ ਤੇ ਹਰਿਆਣਾ ਅੱਡੋ-ਅੱਡ ਹੋ ਗਏ ਸਨ। ਭਾਸ਼ਾ 'ਤੇ ਆਧਾਰਤ ਪੰਜਾਬੀ ਸੂਬੇ ਦੀ ਸਥਾਪਨਾ ਹੋ ਗਈ। ਪੰਜਾਬ ਬਣ ਗਿਆ ਪੰਜਾਬੀ ਸੂਬਾ। ਤ੍ਰੈ-ਭਾਸ਼ੀ ਸੂਬੇ ਪੰਜਾਬ ਵਿੱਚ 'ਪੰਜਾਬੀ ਬੋਲੀ' ਰਾਜ ਭਾਸ਼ਾ ਵਜੋਂ ਬਿਰਾਜਮਾਨ ਹੋ ਗਈ। 50 ਵਰ੍ਹਿਆਂ ਬਾਅਦ ਇੰਜ ਜਾਪਦਾ ਹੈ ਕਿ ਕੀ ਪੰਜਾਬੀ ਪੰਜਾਬ ਦੀ ਰਾਜ ਭਾਸ਼ਾ ਹੈ?

ਭਾਸ਼ਾ ਆਧਾਰਤ ਪੰਜਾਬੀ ਸੂਬਾ ਬਣਾਉਣ ਲਈ ਵੱਡੀ ਜੱਦੋ-ਜਹਿਦ ਹੋਈ।ਸੂਬੇ ਦੀਆਂ ਕੁਝ ਰਾਜਨੀਤਕ ਪਾਰਟੀਆਂ, ਧਿਰਾਂ ਦੇ ਆਗੂਆਂ ਨੇ ਪੰਜਾਬੀ ਸੂਬਾ ਬਣਾਉਣ ਦਾ ਵਿਰੋਧ ਕੀਤਾ। ਸ਼੍ਰੋਮਣੀ ਅਕਾਲੀ ਦਲ ਵੱਲੋਂ ਲਗਾਏ ਮੋਰਚੇ ਦੀ ਸਫ਼ਲਤਾ ਉਪਰੰਤ ਬਣੇ ਸੂਬੇ ਨੂੰ ਲੰਗੜਿਆਂ ਕਰ ਕੇ ਚੰਡੀਗੜ੍ਹ ਅਤੇ ਪੰਜਾਬੀ ਬੋਲਦੇ ਕੁਝ ਇਲਾਕੇ ਪੰਜਾਬੋਂ ਬਾਹਰ ਰਹਿਣ ਦਿੱਤੇ ਗਏ। ਭਾਖੜਾ ਤੇ ਪੌਂਗ ਡੈਮ ਦੀ ਮੈਨੇਜਮੈਂਟ ਬਣਾ ਕੇ ਕਬਜ਼ਾ ਉਸੇ ਤਰ੍ਹਾਂ ਕੇਂਦਰੀ ਸਰਕਾਰ ਦਾ ਰਹਿਣ ਦਿੱਤਾ ਗਿਆ, ਜਿਵੇਂ 50 ਵਰ੍ਹੇ ਬੀਤਣ ਬਾਅਦ ਵੀ ਚੰਡੀਗੜ੍ਹ ਕੇਂਦਰੀ ਸ਼ਾਸਤ ਪ੍ਰਦੇਸ਼ ਹੈ।

ਇਸ ਸਮੇਂ ਸੂਬੇ ਦੀ ਸਥਾਪਨਾ ਦੀ 50ਵੀਂ ਵਰ੍ਹੇਗੰਢ ਉੱਤੇ ਮੌਜੂਦਾ ਸਰਕਾਰ ਵੱਲੋਂ ਜਸ਼ਨ ਮਨਾ ਰਹੀ ਹੈ। ਕੀ ਇਹ ਆਉਂਦੀਆਂ ਵਿਧਾਨ ਸਭਾ ਚੋਣਾਂ ਵਿਚ ਸਿਆਸੀ ਲਾਭ ਲੈਣ ਲਈ ਤਾਂ ਨਹੀਂ? ਕੁਝ ਲੋਕਾਂ ਵੱਲੋਂ 50ਵੀਂ ਵਰ੍ਹੇਗੰਢ ਮਨਾਉਣ ਦੇ ਜਸ਼ਨਾਂ ਦਾ ਵਿਰੋਧ ਹੋਣ ਲੱਗਾ ਹੈ। ਕੀ ਇਹ ਵਿਰੋਧ ਖ਼ਾਤਰ ਹੀ ਵਿਰੋਧ ਤਾਂ ਨਹੀਂ? ਇੰਜ, ਸਵਾਲ ਉੱਠਦਾ ਹੈ ਕਿ 50 ਵਰ੍ਹਿਆਂ 'ਚ ਇਸ ਸੂਬੇ ਵਿਚ ਬਣੀਆਂ ਸਰਕਾਰਾਂ ਨੇ ਐਡੀਆਂ ਕਿਹੜੀਆਂ ਪ੍ਰਾਪਤੀਆਂ ਕੀਤੀਆਂ ਹਨ, ਜਿਨ੍ਹਾਂ ਉੱਤੇ ਮਾਣ ਕੀਤਾ ਜਾ ਸਕੇ ਅਤੇ ਜਸ਼ਨ ਮਨਾਏ ਜਾ ਸਕਣ?

ਪੰਜਾਬੀ ਸੂਬੇ 'ਚ ਪੰਜਾਬੀ ਦੀ ਸਥਿਤੀ :

ਪੰਜਾਬੀ ਬੋਲੀ ਦਾ ਜਿੰਨਾ ਮੰਦਾ ਹਾਲ ਪੰਜਾਬ ਸੂਬੇ 'ਚ ਹੈ, ਸ਼ਾਇਦ ਹਿੰਦੋਸਤਾਨ ਦੇ ਕਿਸੇ ਵੀ ਰਾਜ ਵਿੱਚ ਉਥੋਂ ਦੀ ਮਾਤ ਭਾਸ਼ਾ ਜਾਂ ਰਾਜ ਭਾਸ਼ਾ ਦਾ ਨਹੀਂ ਹੋਣਾ। ਪੰਜਾਬ ਦੇ ਦਫ਼ਤਰਾਂ ਵਿੱਚ ਪੰਜਾਬੀ ਦੀ ਦੁਰਗਤ ਹੈ। ਸੂਬੇ ਦੀਆਂ ਅਦਾਲਤਾਂ 'ਚ ਪੰਜਾਬੀ ਲਾਗੂ ਨਹੀਂ ਹੋ ਸਕੀ, ਜਦੋਂ ਕਿ ਉੱਚ ਅਦਾਲਤਾਂ ਵੱਲੋਂ ਅਦਾਲਤੀ ਕੰਮ ਮਾਤ ਭਾਸ਼ਾ, ਰਾਜ ਭਾਸ਼ਾ ਵਿੱਚ ਕੀਤੇ ਜਾਣਾ ਤੈਅ ਹੋ ਚੁੱਕਾ ਹੈ। 50 ਵਰ੍ਹਿਆਂ 'ਚ ਸੂਬਾ ਸਰਕਾਰਾਂ ਪੰਜਾਬ ਵਿੱਚ ਰਾਜ ਭਾਸ਼ਾ ਨੂੰ ਕਾਰੋਬਾਰੀ ਭਾਸ਼ਾ ਨਹੀਂ ਬਣਾ ਸਕੀਆਂ। ਪੰਜਾਬ ਦੇ ਪ੍ਰਾਈਵੇਟ ਸਕੂਲਾਂ, ਕਾਲਜਾਂ, ਯੂਨੀਵਰਸਿਟੀਆਂ 'ਚ ਪੰਜਾਬੀ ਨਾਲ ਮਤਰੇਈ ਮਾਂ ਵਰਗਾ ਸਲੂਕ ਹੋ ਰਿਹਾ ਹੈ। ਪ੍ਰਾਈਵੇਟ ਸਕੂਲਾਂ 'ਚ ਪੜ੍ਹਨ ਵਾਲੇ ਬੱਚਿਆਂ ਨੂੰ ਪੰਜਾਬੀ ਬੋਲਣ 'ਤੇ ਜੁਰਮਾਨੇ ਹੋ ਰਹੇ ਹਨ ਅਤੇ ਪੰਜਾਬੀ ਪੜ੍ਹਨ-ਲਿਖਣ ਤੋਂ ਉਨ੍ਹਾਂ ਨੂੰ ਦੂਰ ਰੱਖਿਆ ਜਾ ਰਿਹਾ ਹੈ। ਇੰਜ, ਪੰਜਾਬ ਦੇ ਕਾਲਜਾਂ, ਯੂਨੀਵਰਸਿਟੀਆਂ 'ਚ ਐੱਮ. ਏ. ਪੰਜਾਬੀ 'ਚ ਕੁੱਲ ਮਨਜ਼ੂਰ ਸੀਟਾਂ ਵਿਚੋਂ 75 ਫ਼ੀਸਦੀ ਹਰ ਵਰ੍ਹੇ ਖ਼ਾਲੀ ਰਹਿ ਜਾਂਦੀਆਂ ਹਨ, ਕਿਉਂਕਿ ਪੰਜਾਬੀ ਭਾਸ਼ਾ 'ਚ ਨੌਜਵਾਨਾਂ ਦੀ ਰੁਚੀ ਘੱਟ ਗਈ ਹੈ।

ਪੰਜਾਬੀ ਭਾਸ਼ਾ ਦੇ ਵਿਕਾਸ ਲਈ ਬਣਿਆ ਭਾਸ਼ਾ ਵਿਭਾਗ ਸਰਕਾਰੀ ਬੇਰੁਖ਼ੀ ਦਾ ਸ਼ਿਕਾਰ ਹੋ ਚੁੱਕਾ ਹੈ। ਵਿਭਾਗ ਨੂੰ ਬੱਜਟ ਦੀ ਘਾਟ ਕਾਰਨ ਸੇਵਾਮੁਕਤ ਹੋ ਰਹੇ ਮੁਲਾਜ਼ਮਾਂ ਦੀ ਥਾਂ ਉੱਤੇ ਨਵੇਂ ਮੁਲਾਜ਼ਮ ਨਹੀਂ ਰੱਖੇ ਜਾ ਰਹੇ। ਭਾਸ਼ਾ ਵਿਭਾਗ, ਪਟਿਆਲਾ ਦੇ ਦਫ਼ਤਰ 'ਚ ਕੰਮ ਕਰਨ ਵਾਲਿਆਂ ਦੀ ਗਿਣਤੀ ਅੱਧੀ ਰਹਿ ਗਈ ਹੈ। ਜ਼ਿਲ੍ਹਾ ਭਾਸ਼ਾ ਦਫ਼ਤਰਾਂ ਦੀ ਹਾਲਤ ਤਾਂ ਅਸਲੋਂ ਹੀ ਦਰਦਨਾਕ ਸਥਿਤੀ ਤੱਕ ਪੁੱਜ ਚੁੱਕੀ ਹੈ। ਪੰਜਾਬ 'ਚ ਜ਼ਿਲ੍ਹਾ ਪਬਲਿਕ ਕਾਲਜਾਂ ਦੀਆਂ ਲਾਇਬ੍ਰੇਰੀਆਂ ਵਿੱਚ 96 ਪੋਸਟਾਂ ਲਾਇਬਰੇਰੀਅਨਾਂ ਦੀਆਂ ਹਨ। ਇਨ੍ਹਾਂ ਵਿਚੋਂ 73 ਖਾਲੀ ਹਨ। ਲਾਇਬ੍ਰੇਰੀਆਂ ਦੇ ਰਿਸਟੋਰਰਾਂ ਦੀਆਂ 72 ਆਸਾਮੀਆਂ ਵਿਚੋਂ 47 ਖ਼ਾਲੀ ਹਨ। ਸਰਕਾਰੀ ਕਾਲਜਾਂ ਦੀਆਂ ਲਾਇਬ੍ਰੇਰੀਆਂ 'ਚ ਸਿਰਫ਼ 14 ਲਾਇਬ੍ਰੇਰੀਅਨ ਹਨ, ਜਦੋਂ ਕਿ 34 ਲਾਇਬ੍ਰੇਰੀਆਂ ਲਾਇਬ੍ਰੇਰੀਅਨਾਂ ਤੋਂ ਬਿਨਾਂ ਹਨ। ਨਵੇਂ ਖੋਲ੍ਹੇ ਜਾ ਰਹੇ ਕਾਲਜਾਂ ਵਿੱਚ ਲਾਇਬ੍ਰੇਰੀਅਨਾਂ ਦੀਆਂ ਪੋਸਟਾਂ ਹੀ ਨਹੀਂ ਰੱਖੀਆਂ ਗਈਆਂ।

ਸਰਕਾਰੀ ਸਕੂਲਾਂ ਵਿੱਚ ਪੰਜਾਬੀ ਅਧਿਆਪਕਾਂ ਦੀਆਂ ਵਧੇਰੇ ਆਸਾਮੀਆਂ ਖ਼ਾਲੀ ਹਨ ਅਤੇ ਪ੍ਰਾਈਵੇਟ ਏਡਿਡ ਸਕੂਲਾਂ ਦੇ ਬਹੁ-ਗਿਣਤੀ ਪੰਜਾਬੀ ਅਧਿਆਪਕ ਸੇਵਾਮੁਕਤ ਹੋ ਚੁੱਕੇ ਹਨ। ਉਨ੍ਹਾਂ ਦੀ ਥਾਂ ਨਵੇਂ ਭਰਤੀ ਹੀ ਨਹੀਂ ਕੀਤੇ ਗਏ। ਸਰਕਾਰੀ ਕਾਲਜਾਂ 'ਚ ਠੇਕੇ 'ਤੇ ਕੁਝ ਮਹੀਨਿਆਂ ਲਈ ਨਿਗੂਣੀ ਜਿਹੀ ਤਨਖ਼ਾਹ ਉੱਪਰ ਬਾਕੀ ਲੈਕਚਰਾਰਾਂ ਵਾਂਗ ਪੰਜਾਬੀ ਦੇ ਲੈਕਚਰਾਰ ਭਰਤੀ ਕੀਤੇ ਜਾਂਦੇ ਹਨ। ਨਿੱਜੀ ਪ੍ਰਾਈਵੇਟ ਸਕੂਲਾਂ 'ਚ ਤਾਂ ਪੰਜਾਬੀ ਭਾਸ਼ਾ ਲਈ ਜਾਂ ਤਾਂ ਚੰਗੇ ਟੀਚਰ ਭਰਤੀ ਹੀ ਨਹੀਂ ਕੀਤੇ ਜਾਂਦੇ ਜਾਂ ਫਿਰ ਉਨ੍ਹਾਂ ਨੂੰ ਬਾਕੀ ਟੀਚਰਾਂ ਦੇ ਮੁਕਾਬਲੇ ਘੱਟ ਤਨਖ਼ਾਹ ਮਿਲਦੀ ਹੈ। ਇੰਜ, ਪੰਜਾਬ ਦੇ ਸਕੂਲਾਂ, ਕਾਲਜਾਂ, ਦਫ਼ਤਰਾਂ, ਕਚਹਿਰੀਆਂ, ਕਾਰੋਬਾਰੀ ਅਦਾਰਿਆਂ, ਕਾਰਪੋਰੇਸ਼ਨਾਂ, ਬੋਰਡਾਂ 'ਚ ਪੰਜਾਬੀ ਨੂੰ ਦੁਰਕਾਰਿਆ ਜਾ ਰਿਹਾ ਹੈ।

ਪੰਜਾਬ 'ਚ ਨਿੱਤ ਖੁੱਲ੍ਹ ਰਹੀਆਂ ਕਾਰੋਬਾਰੀ ਪ੍ਰੋਫ਼ੈਸ਼ਨਲ ਯੂਨੀਵਰਸਿਟੀਆਂ ਵਿੱਚ ਤਾਂ ਪੰਜਾਬੀ ਬੋਲੀ ਨੂੰ ਖੰਘਣ ਵੀ ਨਹੀਂ ਦਿੱਤਾ ਜਾ ਰਿਹਾ। ਪੰਜਾਬ ਦੀਆਂ ਸਰਕਾਰੀ ਯੂਨੀਵਰਸਿਟੀਆਂ; ਗੁਰੂ ਨਾਨਕ ਦੇਵ ਯੂਨੀਵਰਸਿਟੀ, ਅੰਮ੍ਰਿਤਸਰ; ਪੰਜਾਬੀ ਯੂਨੀਵਰਸਿਟੀ, ਪਟਿਆਲਾ; ਪੰਜਾਬ ਯੂਨੀਵਰਸਿਟੀ, ਚੰਡੀਗੜ੍ਹ ਵੱਲੋਂ ਜਾਂ ਪੰਜਾਬ ਦੇ ਕਾਲਜਾਂ ਵਿੱਚ ਜਾਂ ਪ੍ਰੋਫ਼ੈਸ਼ਨਲ ਕਾਲਜਾਂ ਵਿੱਚ ਇੰਜਨੀਅਰਿੰਗ, ਡਾਕਟਰੀ, ਸਾਇੰਸ ਦੀ ਪੰਜਾਬੀ ਮਾਧਿਅਮ 'ਚ ਪੜ੍ਹਾਈ ਕਰਾਉਣ ਲਈ ਪੰਜਾਹ ਵਰ੍ਹਿਆਂ 'ਚ ਗੋਹੜੇ ਵਿਚੋਂ ਪੂਣੀ ਤੱਕ ਨਹੀਂ ਕੱਤੀ ਗਈ। ਪੰਜਾਬ ਟੈਕਸਟ ਬੁੱਕ ਬੋਰਡ ਦਾ ਕੰਮ ਲਗਭਗ ਬੰਦ ਹੈ। ਪੰਜਾਬ ਆਰਟਸ ਕੌਂਸਲ ਵਰਗੇ ਅਦਾਰਿਆਂ, ਜੋ ਪੰਜਾਬੀ ਬੋਲੀ, ਕਲਾ, ਸਾਹਿਤ ਦੀ ਪ੍ਰਫੁੱਲਤਾ ਨਾਲ ਸੰਬੰਧਤ ਹਨ, ਉੱਤੇ ਸਿਆਸੀ ਲੋਕਾਂ ਜਾਂ ਗ਼ੈਰ-ਸਾਹਿਤਕ ਲੋਕਾਂ ਨੂੰ ਬਿਠਾਇਆ ਜਾ ਰਿਹਾ ਹੈ। ਪੰਜਾਬੀ ਦੀ ਇਹੋ ਜਿਹੀ ਤਰਸਯੋਗ ਹਾਲਤ ਦੇ ਚੱਲਦਿਆਂ ਜੇਕਰ ਪੰਜਾਬੀ ਦੇ ਲੇਖਕਾਂ, ਲੇਖਕ ਜਥੇਬੰਦੀਆਂ ਵੱਲੋਂ ਪੰਜਾਬੀ ਭਾਸ਼ਾ ਨੂੰ ਸਖ਼ਤੀ ਨਾਲ ਦਫ਼ਤਰਾਂ, ਸਕੂਲਾਂ 'ਚ ਲਾਗੂ ਕਰਨ ਦੀ ਗੱਲ ਕੀਤੀ ਜਾਂਦੀ ਹੈ ਤਾਂ ਉਨ੍ਹਾਂ ਦੀ ਆਵਾਜ਼ ਸੁਣਨ ਦੀ ਸਰਕਾਰ ਕੋਲ ਵਿਹਲ ਹੀ ਨਹੀਂ।

**ਪੰਜਾਬੀ ਸੂਬੇ ਦੀਆਂ ਪ੍ਰਾਪਤੀਆਂ :**

ਪੰਜਾਬ ਦੀ ਆਬਾਦੀ ਹੁਣ ਲਗਭਗ ਪੌਣੇ ਤਿੰਨ ਕਰੋੜ ਹੈ। ਖੇਤੀ ਪ੍ਰਧਾਨ ਸੂਬਾ ਹੋਣ ਕਾਰਨ ਇਥੋਂ ਦੇ ਲੋਕਾਂ ਦਾ ਮੁੱਖ ਕਿੱਤਾ ਖੇਤੀ ਹੈ। ਸਮੇਂ-ਸਮੇਂ ਸਰਕਾਰਾਂ ਵੱਲੋਂ ਖੇਤੀ ਉਤਪਾਦਨ ਵਧਾਉਣ ਦੇ ਨਾਮ ਉੱਤੇ ਰਵਾਇਤੀ ਫ਼ਸਲੀ ਚੱਕਰ ਛੱਡ ਕੇ ਦੇਸ਼ ਦੀਆਂ ਲੋੜਾਂ ਦੀ ਪੂਰਤੀ ਲਈ ਝੋਨੇ ਤੇ ਕਣਕ ਦੀ ਪੈਦਾਵਾਰ ਇਸ ਕਦਰ ਵਧਾਉਣ ਉੱਤੇ ਜ਼ੋਰ ਲਗਵਾ ਦਿੱਤਾ ਗਿਆ ਕਿ ਪੰਜਾਬ ਦੀ ਧਰਤੀ ਹੇਠਲਾ ਪਾਣੀ ਚਿੰਤਾਜਨਕ ਹਾਲਤ ਵਿੱਚ ਪੁੱਜ ਚੁੱਕਾ ਹੈ। ਫ਼ਸਲਾਂ ਦੇ ਝਾੜ 'ਚ ਵਾਧੇ ਦੀ ਦੌੜ 'ਚ ਕੀਟਨਾਸ਼ਕ ਦਵਾਈਆਂ ਤੇ ਖ਼ਾਦਾਂ ਦੀ ਵਰਤੋਂ ਨੇ ਪੰਜਾਬ ਦੀ ਧਰਤੀ ਜ਼ਹਿਰੀਲੀ ਬਣਾ ਦਿੱਤੀ ਹੈ। ਖੇਤੀ ਉਦਯੋਗ, ਜਿਸ ਦੀ ਸੂਬੇ 'ਚ ਜ਼ਰੂਰਤ ਸੀ, ਨਾਂਹ ਦੇ ਬਰਾਬਰ ਹੈ। ਪੰਜਾਬ ਵਰਗਾ ਖ਼ੁਸ਼ਹਾਲ ਸੂਬਾ ਪਿਛਲੇ ਪੰਜਾਹ ਸਾਲਾਂ ਦੇ ਮੁਕਾਬਲੇ ਆਰਥਿਕ ਪੱਖੋਂ ਖੋਖਲਾ ਹੋਇਆ ਹੈ। ਨਿੱਜੀ ਔਸਤ ਆਮਦਨ ਦੇ ਮਾਮਲੇ ਵਿੱਚ ਦੇਸ਼ 'ਚ ਵਧੇਰੇ ਆਮਦਨ ਦਾ ਸਰਕਾਰਾਂ ਭਾਵੇਂ ਢਿੰਡੋਰਾ ਪਿੱਟਣ, ਪਰ ਸੂਬੇ ਦੇ ਆਮ ਨਾਗਰਿਕ ਦੀ ਪਹੁੰਚ ਸਿਹਤ, ਸਿੱਖਿਆ ਸਹੂਲਤਾਂ ਦੀ ਪ੍ਰਾਪਤੀ 'ਚ ਪਹਿਲਾਂ ਨਾਲੋਂ ਔਖੀ ਹੋਈ ਹੈ। ਪੰਜਾਬ ਦੇ ਬਾਸ਼ਿੰਦਿਆਂ ਦੇ ਜੀਵਨ ਪੱਧਰ 'ਚ ਕੋਈ ਵਰਨਣਯੋਗ ਵਾਧਾ ਨਹੀਂ ਹੋਇਆ, ਜਿਸ ਦੀ ਤਵੱਕੋ ਘੱਟ ਆਬਾਦੀ ਵਾਲੇ ਛੋਟੇ ਸੂਬੇ ਦੇ ਵਿਕਾਸ 'ਚ ਪੁਲਾਂਘਾਂ ਪੁੱਟਣ ਬਾਰੇ ਕੀਤੀ ਜਾਂਦੀ ਸੀ। ਗ਼ਰੀਬ ਹੋਰ ਗ਼ਰੀਬ ਹੋਇਆ ਹੈ ਅਤੇ ਉਸ ਦੀਆਂ ਨਿੱਤ-ਪ੍ਰਤੀ ਦੀਆਂ ਲੋੜਾਂ ਦੀ ਅਪੂਰਤੀ ਉਸ ਨੂੰ ਆਪਣੀ ਜੀਵਨ ਲੀਲਾ ਦੇ ਖ਼ਾਤਮੇ ਵੱਲ ਤੋਰ ਰਹੀ ਹੈ।

ਕੀ ਇਹੋ ਜਿਹੀ ਸਥਿਤੀ 'ਚ ਸੂਬੇ ਦੀ ਪੰਜਾਹਵੀਂ ਵਰ੍ਹੇਗੰਢ ਧੂਮ-ਧੜੱਕਿਆਂ ਨਾਲ ਮਨਾਈ ਜਾਣੀ ਬਣਦੀ ਹੈ? ਬੇਸ਼ੱਕ ਨਿੱਤ ਇਸ਼ਤਿਹਾਰਾਂ ਰਾਹੀਂ ਪਿੰਡਾਂ-ਸ਼ਹਿਰਾਂ ਦੀ ਤਰੱਕੀ ਦੇ ਸਰਕਾਰਾਂ ਕਸੀਦੇ ਕੱਢਣ, ਬੁਨਿਆਦੀ ਢਾਂਚੇ ਦੇ ਵਿਕਾਸ ਦੇ ਦਮਗਜੇ ਮਾਰਨ, ਪਰ ਪਿੰਡਾਂ ਦੇ ਸਕੂਲਾਂ, ਹਸਪਤਾਲਾਂ, ਸੜਕਾਂ ਦੀ ਮੰਦੀ ਹਾਲਤ ਨੂੰ ਲੁਕਾਇਆ ਨਹੀਂ ਜਾ ਸਕਦਾ। ਡਿਜੀਟਲ ਪੰਜਾਬ, ਨਵੀਂਆਂ ਕੰਪਿਊਟੀਕਰਨ ਸੁਵਿਧਾਵਾਂ ਬਾਰੇ ਲੋਕਾਂ ਨੂੰ ਸਰਕਾਰਾਂ ਵੱਲੋਂ ਲੱਖ ਭੁਲੇਖੇ ਪਾਏ ਜਾਣ, ਪਰ ਸਰਕਾਰੀ ਪੱਧਰ 'ਤੇ ਦਫ਼ਤਰਾਂ 'ਚ ਫੈਲੇ ਭ੍ਰਿਸ਼ਟਾਚਾਰ, ਪਿੰਡਾਂ-ਸ਼ਹਿਰਾਂ 'ਚ ਨਸ਼ਿਆਂ ਦੇ ਪਾਸਾਰ, ਮਿਲਾਵਟਖੋਰੀ, ਭਾਈ-ਭਤੀਜਾਵਾਦ, ਧੱਕੇਸ਼ਾਹੀ ਜਿਹੀਆਂ ਅਲਾਮਤਾਂ ਨੇ ਪੰਜਾਬੀਆਂ ਨੂੰ ਜਿਵੇਂ ਪਿੰਜ ਸੁੱਟਿਆ ਹੈ। ਕੀ ਇਸ ਦਾ ਸਰਕਾਰਾਂ ਕੋਲ ਕੋਈ ਜਵਾਬ ਹੈ?

ਪੰਜਾਬ ਦੇ ਲੋਕ ਇਨ੍ਹਾਂ ਵਰ੍ਹਿਆਂ ਵਿੱਚ ਨਿਤਾਣੇ-ਨਿਮਾਣੇ ਹੋਏ ਮਹਿਸੂਸ ਕਰਦੇ ਹਨ ਅਤੇ ਨੇਤਾ ਲੋਕ ਵਧੇਰੇ ਤਾਕਤਵਰ ਅਤੇ ਬਾਹੂਬਲੀ ਹੋਏ ਹਨ, ਜਿਹੜੇ ਲੋਕ ਦਰਦ ਨਹੀਂ, ਆਪਣੀ ਕੁਰਸੀ ਪ੍ਰਾਪਤੀ ਨੂੰ ਤਰਜੀਹ ਦਿੰਦੇ ਹਨ। ਇਹੋ ਜਿਹੇ ਹਾਲਾਤ 'ਚ ਕਿਸ ਪ੍ਰਾਪਤੀ ਉੱਤੇ ਮਾਣ ਕਰੇ ਪੰਜਾਬੀ ਸੂਬਾ? ਕਿਸ ਪ੍ਰਾਪਤੀ ਦੀ ਗੱਲ ਕਰਨ ਪੰਜਾਬੀ ਤੇ ਉਹ ਪੰਜਾਬੀ ਵੀ, ਜਿਨ੍ਹਾਂ ਨੂੰ ਰੋਟੀ ਦੀ ਖ਼ਾਤਰ ਪੰਜਾਬ ਤੋਂ ਵਿਦੇਸ਼ਾਂ ਅਤੇ ਦੂਜੇ ਸੂਬਿਆਂ ਨੂੰ ਭੱਜਣਾ ਪਿਆ, ਖ਼ਾਸ ਤੌਰ 'ਤੇ ਪਿਛਲੇ ਪੰਜਾਹਾਂ ਵਰ੍ਹਿਆਂ 'ਚ? ਉਹ ਪੰਜਾਬ ਨਾਲ ਹਿਰਖ ਨਾ ਕਰਨ ਤਾਂ ਕੀ ਕਰਨ?

ਬਿਨਾਂ ਸ਼ੱਕ ਵਰ੍ਹੇਗੰਢਾਂ ਮਨਾਈਆਂ ਜਾਣੀਆਂ ਚਾਹੀਦੀਆਂ ਹਨ, ਪ੍ਰਾਪਤੀਆਂ ਦੇ ਗੁਣ ਗਾਉਣ ਵਿੱਚ ਵੀ ਕੋਈ ਹਰਜ ਨਹੀਂ, ਪਰ ਜਾਣ ਬੁੱਝ ਕੇ ਗੁਆਈਆਂ ਜਾਣ ਵਾਲੀਆਂ ਚੀਜ਼ਾਂ ਦੇ ਜ਼ਿੰਮੇਵਾਰ ਵੀ ਤਾਂ ਉਨ੍ਹਾਂ ਲੋਕਾਂ ਨੂੰ ਠਹਿਰਾਉਣ ਦੀ ਲੋੜ ਹੈ, ਜਿਨ੍ਹਾਂ ਨੇ ਆਪਣੇ ਸਵਾਰਥਾਂ ਦੀ ਖ਼ਾਤਰ ਇਸ ਖਿੱਤੇ ਦਾ ਸਮੇਂ-ਸਮੇਂ ਅਮਨ ਭੰਗ ਕੀਤਾ, ਨੁਕਸਾਨ ਕੀਤਾ; ਜਾਨੀ ਵੀ ਤੇ ਮਾਲੀ ਵੀ; ਪੰਜਾਬੀਆਂ ਨੂੰ ਬਲਦੀ ਦੇ ਬੁਥੇ 'ਚ ਝੋਕਿਆ; ਜਿਨ੍ਹਾਂ ਨੇ ਲੋਕ ਤਰਜੀਹਾਂ ਛੱਡ ਕੇ ਸਿਰਫ਼ ਆਪਣੇ ਹਿੱਤ ਹੀ ਪਾਲੇ!

## 'ਆਪ' ਨੇ ਮਨਾਇਆ ਜਥੇਦਾਰ ਟੌਹੜਾ ਦਾ ਜਨਮ ਦਿਨ

**ਪਟਿਆਲਾ/ਬਿਊਰੋ ਨਿਊਜ਼:** ਆਮ ਆਦਮੀ ਪਾਰਟੀ ਅਤੇ ਟੌਹੜਾ ਪਰਿਵਾਰ ਨੇ ਪਿੰਡ ਟੌਹੜਾ ਵਿੱਚ ਪੰਥ ਰਤਨ ਜਥੇਦਾਰ ਗੁਰਚਰਨ ਸਿੰਘ ਟੌਹੜਾ ਦਾ ਜਨਮ ਦਿਨ ਮਨਾਇਆ। ਇਹ ਪਹਿਲੀ ਵਾਰ ਹੋਇਆ ਕਿ ਪਿੰਡ ਟੌਹੜਾ ਵਿੱਚ ਪੰਥ ਰਤਨ ਜਥੇਦਾਰ ਟੌਹੜਾ ਦਾ ਜਨਮ ਦਿਨ ਗ਼ੈਰ ਅਕਾਲੀ ਪਾਰਟੀ ਵੱਲੋਂ ਮਨਾਇਆ ਗਿਆ ਹੋਵੇ। ਇਸ ਗੱਲ ਨੂੰ ਹੋਰ ਸਪਸ਼ਟ ਕਰਦਿਆਂ ਹਰਮੇਲ ਸਿੰਘ ਟੌਹੜਾ ਨੇ ਕਿਹਾ ਕਿ ਉਨ੍ਹਾਂ ਦਾ ਸਾਰਾ ਪਰਿਵਾਰ ਹੁਣ ਆਮ ਆਦਮੀ ਪਾਰਟੀ ਵਿੱਚ ਹੈ। ਇਸ ਕਰਕੇ ਅੱਜ ਜਥੇਦਾਰ ਟੌਹੜਾ ਦਾ ਜਨਮ ਦਿਨ ਆਮ ਆਦਮੀ ਪਾਰਟੀ ਵੱਲੋਂ ਹੀ ਮਨਾਇਆ ਗਿਆ ਹੈ।

ਇਸ ਮੌਕੇ ਸੁਖਮਨੀ ਸਾਹਿਬ ਦੇ ਪਾਠ ਦੀ ਅਰਦਾਸ ਉਪਰੰਤ ਸੰਗਤ ਨੂੰ ਸੰਬੋਧਨ ਕਰਦਿਆਂ ਜਥੇਦਾਰ ਟੌਹੜਾ ਦੇ ਜਵਾਈ ਸਾਬਕਾ ਮੰਤਰੀ ਹਰਮੇਲ ਸਿੰਘ ਟੌਹੜਾ ਨੇ ਇੱਥੇ ਸ਼੍ਰੋਮਣੀ ਅਕਾਲੀ ਦਲ ਦੇ ਪ੍ਰਧਾਨ ਸੁਖਬੀਰ ਸਿੰਘ ਬਾਦਲ ਵਿਰੁੱਧ ਭੜਾਸ ਕੱਢੀ ਤੇ ਸੰਗਤ ਦਾ ਧੰਨਵਾਦ ਕਰਦਿਆਂ ਆਖਿਆ ਕਿ ਜਥੇਦਾਰ ਟੌਹੜਾ ਨੇ ਸਾਰੀ ਜ਼ਿੰਦਗੀ ਸਿਧਾਂਤਾਂ ਦੀ ਰਾਜਨੀਤੀ ਕੀਤੀ, ਜਿਸ ਕਰਕੇ ਉਨ੍ਹਾਂ ਨੂੰ ਕਦੀ ਵੀ ਚੋਣਾ ਜਿੱਤਣ ਲਈ ਪੈਸੇ ਦੀ ਜ਼ਰੂਰਤ ਨਹੀਂ ਪਈ ਪਰ ਅੱਜ ਆਪਣੇ ਆਪ ਨੂੰ ਪੰਥਕ ਕਹਾਉਣ ਵਾਲੇ ਸ਼੍ਰੋਮਣੀ ਅਕਾਲੀ ਦਲ 'ਤੇ ਧਨਾਢਾਂ ਦਾ ਕਬਜ਼ਾ ਹੋ ਚੁੱਕਾ ਹੈ ਅਤੇ ਪਾਰਟੀ ਵਿੱਚੋਂ ਪੰਥਕ ਸਿਧਾਂਤ ਖਤਮ ਹੋ ਗਏ ਹਨ। ਉਨ੍ਹਾਂ ਦੋਸ਼ ਲਾਇਆ ਕਿ ਹੁਕਮਰਾਨ ਧਿਰਾਂ ਵਿੱਚ ਸੱਤਾ ਦੀ ਲਾਲਸਾ ਏਨੀ ਵਧ ਗਈ ਹੈ ਕਿ ਧਾਰਮਿਕ ਗ੍ਰੰਥਾਂ ਦੀ ਬੇਅਦਬੀ ਨੂੰ ਰੋਕਣ ਦੀ ਬਜਾਏ ਇਸ ਨੂੰ ਸਿਆਸੀ ਮੁਫਾਦਾਂ ਲਈ ਵਰਤਿਆ ਜਾ ਰਿਹਾ ਹੈ। ਉਨ੍ਹਾਂ ਦੱਸਿਆ ਕਿ ਆਮ ਆਦਮੀ ਪਾਰਟੀ ਦੇ ਮੁਖੀ ਅਰਵਿੰਦ ਕੇਜਰੀਵਾਲ ਵੀ ਜਥੇਦਾਰ ਟੌਹੜਾ ਤੋਂ ਬਹੁਤ ਪ੍ਰਭਾਵਿਤ ਹਨ ਅਤੇ ਉਹ ਵੀ ਅੱਜ ਦੇ ਸਮਾਗਮ ਵਿੱਚ ਸ਼ਾਮਲ ਹੋਣਾ ਚਾਹੁੰਦੇ ਸਨ ਪਰ ਉਨ੍ਹਾਂ ਦੀ ਸਿਹਤ ਠੀਕ ਨਾ ਹੋਣ ਕਾਰਨ ਇਹ ਸੰਭਵ ਨਹੀਂ ਹੋ ਸਕਿਆ। ਇਸ ਤੋਂ ਪਹਿਲਾਂ ਜਥੇਦਾਰ ਟੌਹੜਾ ਦੇ ਸਾਥੀ ਰਹੇ ਕਾਂਗਰਸੀ ਆਗੂ ਰਜਿੰਦਰ ਸਿੰਘ ਟੌਹੜਾ ਨੇ ਜਥੇਦਾਰ ਟੌਹੜਾ ਦੀ ਸ਼ਖ਼ਸੀਅਤ ਅਤੇ ਜੀਵਨ ਦੇ ਕੁਝ ਪਹਿਲੂਆਂ ਬਾਰੇ ਦੱਸਿਆ। ਇਸ ਮੌਕੇ ਹੋਰਨਾਂ ਤੋਂ ਇਲਾਵਾ ਆਮ ਆਦਮੀ ਪਾਰਟੀ ਦੇ ਪਟਿਆਲਾ ਦਿਹਾਤੀ ਤੋਂ ਉਮੀਦਵਾਰ ਕਰਨਵੀਰ ਸਿੰਘ ਟਿਵਾਣਾ, ਹਰਿੰਦਰਪਾਲ ਸਿੰਘ ਟੌਹੜਾ, ਬੀਬੀ ਕੁਲਦੀਪ ਕੌਰ ਟੌਹੜਾ ਤੇ ਨਾਭਾ ਤੋਂ 'ਆਪ' ਦੇ ਉਮੀਦਵਾਰ ਦੇਵ ਮਾਨ ਹਾਜ਼ਰ ਸਨ।

## ਕਸ਼ਮੀਰ ਦੇ ਨਾਲ ਬਿਹਾਰ ਵੀ ਲਏ ਪਾਕਿਸਤਾਨ : ਕਾਟਜੂ

### ਸੋਸ਼ਲ ਮੀਡੀਆ 'ਤੇ ਹੁੰਦੀ ਰਹੀ ਚਰਚਾ

**ਨਵੀਂ ਦਿੱਲੀ/ਬਿਊਰੋ ਨਿਊਜ਼ :** ਵਿਵਾਦਤ ਬੋਲਾਂ ਲਈ ਜਾਣੇ ਜਾਂਦੇ ਸੁਪਰੀਮ ਕੋਰਟ ਦੇ ਸਾਬਕਾ ਜੱਜ ਮਾਰਕੰਡੇ ਕਾਟਜੂ ਨੇ ਇਸ ਵਾਰ ਬਿਹਾਰ ਅਤੇ ਉਥੋਂ ਦੇ ਲੋਕਾਂ ਨੂੰ ਨਿਸ਼ਾਨਾ ਬਣਾਉਂਦਿਆਂ ਉਨ੍ਹਾਂ ਦਾ ਮਜ਼ਾਕ ਬਣਾਇਆ। ਲੜੀਵਾਰ ਟਵੀਟਾਂ ਰਾਹੀਂ ਟਿੱਪਣੀਆਂ ਕਰਦਿਆਂ ਉਨ੍ਹਾਂ ਕਿਹਾ ਕਿ ਪਾਕਿਸਤਾਨ ਨੂੰ ਸਿਰਫ਼ ਇਕ ਸ਼ਰਤ 'ਤੇ ਕਸ਼ਮੀਰ ਦੇ ਸਕਦੇ ਹਾਂ, ਉਨ੍ਹਾਂ ਨੂੰ ਕਸ਼ਮੀਰ ਦੇ ਨਾਲ-ਨਾਲ ਬਿਹਾਰ ਵੀ ਲੈਣਾ ਹੋਵੇਗਾ। ਕਾਟਜੂ ਵੱਲੋਂ ਕੀਤੀਆਂ ਟਿੱਪਣੀਆਂ 'ਤੇ ਸੋਸ਼ਲ ਮੀਡੀਆ 'ਤੇ ਤਿੱਖਾ ਪ੍ਰਤੀਕਰਮ ਮਿਲਣ 'ਤੇ ਉਨ੍ਹਾਂ ਸਪਸ਼ਟੀਕਰਨ ਦਿੰਦਿਆਂ ਕਿਹਾ ਕਿ ਉਹ ਮਜ਼ਾਕ ਕਰ ਰਹੇ ਸਨ। ਬਿਹਾਰ ਦੇ ਸੱਤਾਧਾਰੀ ਜਨਤਾ ਦਲ (ਯੂ) ਨੇ ਕਾਟਜੂ ਖਿਲਾਫ਼ ਰਾਜ ਧਰੋਹ ਦਾ ਕੇਸ ਦਰਜ ਕਰਨ ਦੀ ਮੰਗ ਕੀਤੀ। ਬਿਹਾਰ ਦੇ ਉਪ ਮੁੱਖ ਮੰਤਰੀ ਤੇਜਸਵੀ ਯਾਦਵ ਨੇ ਕਿਹਾ ਕਿ ਬਿਹਾਰ ਨੇ ਚੰਗੇ-ਮਾੜੇ ਸਮੇਂ ਵਿਚ ਦੇਸ਼ ਨੂੰ ਰਸਤਾ ਵਿਖਾਇਆ ਹੈ। ਇਸ ਤੋਂ ਪਹਿਲਾਂ ਕਾਟਜੂ ਨੇ ਲਗਾਤਾਰ ਟਿੱਪਣੀਆਂ ਕਰਦਿਆਂ ਕਿਹਾ ਕਿ ਇਲਾਹਾਬਾਦ ਵਿਚ ਉਨ੍ਹਾਂ ਦੇ ਅਧਿਆਪਕ ਫਿਰਾਕ ਗੋਰਖਪੁਰੀ ਨੇ ਕਿਹਾ ਸੀ ਕਿ ਹਿੰਦੁਸਤਾਨ ਨੂੰ ਪਾਕਿਸਤਾਨ ਤੋਂ ਨਹੀਂ, ਸਗੋਂ ਬਿਹਾਰ ਤੋਂ ਖ਼ਤਰਾ ਹੈ। ਕਾਟਜੂ ਨੇ ਕਸ਼ਮੀਰ ਦੇ ਨਾਲ ਬਿਹਾਰ ਲੈਣ ਨੂੰ ਪੈਕੇਜ ਡੀਲ ਦੱਸਦਿਆਂ ਕਿਹਾ ਕਿ ਅਟਲ ਬਿਹਾਰੀ ਵਾਜਪਾਈ ਨੇ ਆਗਰਾ ਸਿਖਰ ਸੰਮੇਲਨ ਦੌਰਾਨ ਪ੍ਰਵੇਜ਼ ਮੁਸ਼ੱਰਫ਼ ਨੂੰ ਇਹ ਆਫ਼ਰ ਦਿੱਤੀ ਸੀ, ਪਰ ਮੁਸ਼ੱਰਫ਼ ਨੇ ਆਪਣੀ ਬੇਵਕੂਫ਼ੀ ਕਾਰਨ ਇਹ ਆਫ਼ਰ ਰੱਦ ਕਰ ਦਿੱਤੀ ਸੀ।

# ਦੇਸ਼ ਤਾਂ ਬਦਲ ਰਿਹਾ ਏ, ਪਰ ਸੋਚ ਨਹੀਂ ਬਦਲ ਰਹੀ

**ਸਾਡਾ ਸਮਾਜ ਅੱਜ ਵੀ ਮਰਦ ਦੇ ਪੰਜੇ ਵਿਚ ਹੀ ਜਕੜਿਆ ਹੋਇਆ ਹੈ। ਜਿਸ ਸਮਾਜਕ ਵਿਵਸਥਾ ਦਾ ਹਿੱਸਾ ਅੱਜ ਦਾ ਪੁਰਸ਼ਵਾਦ ਹੈ, ਉਸ ਵਿਚ ਕਈ ਮਘੋਰੇ ਵੀ ਹਨ। ਉਸੇ ਦਾ ਹੀ ਨਤੀਜਾ ਹੈ ਕਿ ਅਸੀਂ ਚੁਸਤ-ਦਰੁਸਤ ਵਿਵਸਥਾ ਬਣਾਉਣ ਵਿਚ ਅਸਫਲ ਰਹੇ ਹਾਂ। ਅਸੀਂ ਅਜੇ ਵੀ ਅਜਿਹਾ ਸਮਾਜਿਕ ਵਾਤਾਵਰਣ ਨਹੀਂ ਸਿਰਜ ਸਕੇ, ਜਿਸ ਵਿਚ ਅਜਿਹੀਆਂ ਪ੍ਰਤਿਭਾਵਾਂ ਨੂੰ ਵਧਣ-ਫੁਲਣ ਅਤੇ ਨਿਖਰਨ ਦੇ ਮੌਕੇ ਮਿਲ ਸਕਣ।**



**ਜਸਵੰਤ ਸਿੰਘ 'ਅਜੀਤ'**
(ਮੋਬਾਈਲ: + 91 95 82 71 98 90)

ਦਿੱਲੀ ਦੀ ਆਮ ਆਦਮੀ ਪਾਰਟੀ ਸਰਕਾਰ ਦੇ ਇੱਕ ਮੰਤਰੀ ਦਾ ਅਖੌਤੀ ਸੈਕਸ ਬੀਤੇ ਦਿਨੀਂ ਟੇਪ ਸੋਸ਼ਲ ਮੀਡੀਆ 'ਤੇ ਵਾਇਰਲ ਹੋਇਆ, ਜਿਸ ਨੂੰ ਲੈ ਕੇ ਦਿੱਲੀ ਦੀ ਰਾਜਨੀਤੀ



ਵਿਚ ਇਤਨਾ ਜ਼ੋਰਦਾਰ ਹੰਗਾਮਾ ਹੋਇਆ ਕਿ ਉਸ ਮੰਤਰੀ ਨੂੰ ਨਾ ਕੇਵਲ ਆਪਣੇ ਅਹੁਦੇ ਤੋਂ ਅਸਤੀਫ਼ਾ ਦੇਣ ਪਿਆ, ਸਗੋਂ ਉਸ ਵਿਰੁੱਧ ਮੁਕੱਦਮਾ ਦਰਜ ਕਰ ਗ੍ਰਿਫ਼ਤਾਰ ਵੀ ਕਰ ਲਿਆ ਗਿਆ। ਇਸ ਟੇਪ ਨੂੰ ਲੈ ਕੇ ਸੋਸ਼ਲ ਮੀਡੀਆ ਵਿਚ ਜੋ ਚਰਚਾ ਚੱਲ ਰਹੀ ਹੈ, ਉਸ ਨੂੰ ਵੇਖਦਿਆਂ ਇਉਂ ਜਾਪਦਾ ਹੈ ਜਿਵੇਂ ਕਿ ਇਸ ਚਰਚਾ ਵਿਚ ਹਿੱਸਾ ਲੈ ਰਹੇ ਵਿਅਕਤੀਆਂ ਦੀ ਨਜ਼ਰ ਵਿਚ ਇਹ ਚਰਚਾ ਬਹੁਤ ਹੀ ਬਚਕਾਨਾ ਹੈ। ਇਸ ਦਾ ਕਾਰਨ ਉਹ ਦੱਸਦੇ ਹਨ ਕਿ ਇਹ ਮਾਮਲਾ ਦੋ ਵਿਅਕਤੀਆਂ ਵਿਚ ਬਹੁਤ ਹੀ ਨਿੱਜੀ ਅਤੇ ਗੁਪਤ ਹੈ। ਉਨ੍ਹਾਂ ਅਨੁਸਾਰ ਪਰ-ਇਸਤਰੀ ਜਾਂ ਪਰ-ਪੁਰਸ਼ ਗਮਨ ਅਪਰਾਧ ਤਾਂ ਹੈ, ਪਰ ਇਸ ਦੀ ਸ਼ਿਕਾਇਤ ਸਿਰਫ਼ ਤੇ ਸਿਰਫ਼ ਇਸ ਨਾਲ ਸੰਬੰਧਤ ਵਿਅਕਤੀਆਂ ਦੇ ਪਤੀ ਜਾਂ ਪਤਨੀ ਵਲੋਂ ਹੀ ਕੀਤੀ ਜਾ ਸਕਦੀ ਹੈ, ਦੇਸ਼ ਦਾ ਕਾਨੂੰਨ ਕਿਸੇ ਤੀਸਰੇ ਬੰਦੇ ਨੂੰ ਇਸ ਦੀ ਸ਼ਿਕਾਇਤ ਕਰਨ ਦਾ ਅਧਿਕਾਰ ਨਹੀਂ ਦਿੰਦਾ।

ਕਿਹਾ ਜਾਂਦਾ ਹੈ ਕਿ ਜੋ ਲੋਕੀ ਮਿਰਚ-ਮਸਾਲਾ ਲਾ ਕੇ ਨਿਊਜ਼ ਚੈਨਲਾਂ ਅਤੇ ਸੋਸ਼ਲ ਮੀਡੀਆ 'ਤੇ ਇਹ ਵੀਡੀਉ ਵਿਖਾਉਂਦੇ ਰਹੇ, ਉਹ ਕਾਨੂੰਨਨ ਅਪਰਾਧੀ ਹਨ। ਚਰਚਾ ਅਨੁਸਾਰ ਆਮ ਲੋਕਾਂ ਨੂੰ ਇਹ ਅਧਿਕਾਰ ਤਾਂ ਹੈ ਕਿ ਉਹ ਕਿਸੇ ਸੰਸਦ ਮੈਂਬਰ, ਵਿਧਾਇਕ, ਕੌਂਸਲਰ ਤੇ ਮੰਤਰੀ ਪਾਸੋਂ ਉਨ੍ਹਾਂ ਦੇ ਕੰਮ-ਕਾਜ ਦਾ ਹਿਸਾਬ ਮੰਗ ਸਕਣ, ਪਰ ਉਨ੍ਹਾਂ ਦੇ ਬੈੱਡਰੂਮ ਵਿਚ ਝਾਕਣ ਦਾ ਉਨ੍ਹਾਂ ਵਿਚੋਂ ਕਿਸੇ ਨੂੰ ਵੀ ਕੋਈ ਅਧਿਕਾਰ ਨਹੀਂ। ਕਿਹਾ ਜਾਂਦਾ ਹੈ ਕਿ ਜੋ ਲੋਕੀ ਇਸ ਮੁੱਦੇ ਨੂੰ ਲੈ ਕੇ ਰਾਜਨੀਤੀ ਕਰ ਰਹੇ ਹਨ, ਉਨ੍ਹਾਂ ਨੂੰ ਡਾਕਟਰ ਰਾਮ ਮਨੋਹਰ ਲੋਹੀਆ ਦੇ ਉਨ੍ਹਾਂ ਸ਼ਬਦਾਂ ਨੂੰ ਯਾਦ ਰੱਖਣਾ ਚਾਹੀਦਾ ਹੈ ਕਿ 'ਬਲਾਤਕਾਰ ਅਤੇ ਵਾਅਦਾ-ਖ਼ਿਲਾਫ਼ੀ ਤੋਂ ਇਲਾਵਾ ਇਸਤਰੀ-ਪੁਰਸ਼ ਵਿਚ ਹਰ ਸੰਬੰਧ ਜਾਇਜ਼ ਹੈ'। ਇਹੀ ਕਾਰਨ ਹੈ ਕਿ ਆਮ ਲੋਕੀ ਮੰਨਦੇ ਹਨ ਕਿ ਜਿਹੜੇ ਵਿਅਕਤੀ ਇਸ ਟੇਪ ਨੂੰ ਲੈ ਕੇ ਰਾਜਨੀਤੀ ਕਰ ਰਹੇ ਹਨ, ਉਹ ਪਖੰਡ ਕਰ ਰਹੇ ਹਨ। ਉਨ੍ਹਾਂ ਅਨੁਸਾਰ ਦੋ ਬਾਲਗ ਇਸਤ੍ਰੀ-ਪੁਰਸ਼ ਬੰਦ ਕਮਰੇ ਵਿਚ ਇੱਕ-ਦੂਸਰੇ ਨੂੰ ਪਿਆਰ ਕਰਦੇ ਹਨ ਜਾਂ ਆਪਸੀ ਸਹਿਮਤੀ ਨਾਲ ਸਰੀਰਕ ਸੰਬੰਧ ਵੀ ਕਾਇਮ ਕਰਦੇ ਹਨ ਤਾਂ ਇਹ ਅਪਰਾਧ ਨਹੀਂ ਮੰਨਿਆ ਜਾਂਦਾ। ਅਪਰਾਧ ਲਈ ਲਾਲਚ ਜਾਂ ਜ਼ਬਰਦਸਤੀ ਦੇ ਤੱਤਾਂ ਦਾ ਹੋਣਾ ਜ਼ਰੂਰੀ ਹੈ। ਅਜਿਹੇ ਸੰਬੰਧਾਂ ਨੂੰ ਲੈ ਕੇ ਇਹ ਤਾਂ ਕਿਹਾ ਜਾ ਸਕਦਾ ਹੈ ਕਿ ਇਹ ਗਲ ਨੈਤਿਕਤਾ ਦੀਆਂ ਨਜ਼ਰਾਂ ਵਿਚ ਗ਼ਲਤ ਹੈ। ਅਜਿਹਾ ਮੰਨਣ ਵਾਲਿਆਂ ਦਾ ਇਹ ਵੀ ਕਹਿਣਾ ਹੈ ਕਿ ਨੈਤਿਕਤਾ ਦੀ ਪਰਿਭਾਸ਼ਾ ਵੀ ਸਮੇਂ, ਕਾਲ ਅਤੇ ਹਾਲਾਤ ਅਨੁਸਾਰ ਬਦਲਦੀ ਰਹਿੰਦੀ ਹੈ। ਉਨ੍ਹਾਂ ਦਾ ਇਹ ਵੀ ਕਹਿਣਾ ਹੈ ਕਿ ਜੇ ਨੈਤਿਕਤਾ ਦੀ ਪਰਿਭਾਸ਼ਾ ਦੇ ਬਦਲਦੇ ਆ ਰਹੇ ਸਰੂਪਾਂ ਦੀ ਤਲਾਸ਼ ਵਿਚ ਪੁਰਾਣਾਂ, ਗ੍ਰੰਥਾਂ ਦੀ ਘੋਖ ਕੀਤੀ ਜਾਏ ਤਾਂ ਅੱਜ ਦੀ ਨੈਤਿਕਤਾ ਦੇ ਆਧਾਰ 'ਤੇ ਅਜਿਹੇ ਕਈ ਪੁਰਾਤਨ ਗ੍ਰੰਥਾਂ ਨੂੰ ਅਨੈਤਿਕ ਮੰਨਿਆ ਜਾਣ ਲੱਗੇਗਾ। ਇਨ੍ਹਾਂ ਚਰਚਾਵਾਂ ਵਿਚ ਹਿੱਸਾ ਲੈਣ ਵਾਲੇ ਬੁੱਧੀਜੀਵੀਆਂ ਅਨੁਸਾਰ ਜਿਸ ਦੇਸ਼ ਵਿਚ ਲਿਵ-ਇਨ-ਰਿਲੇਸ਼ਨ' ਨੂੰ ਕਾਨੂੰਨੀ ਮਾਨਤਾ ਦੇ ਦਿੱਤੀ ਗਈ ਹੋਵੇ, ਉਸ ਦੇਸ਼ ਵਿਚ ਦਿੱਲੀ ਸਰਕਾਰ ਦੇ ਇੱਕ ਮੰਤਰੀ ਦੇ ਅਖੌਤੀ ਸੈਕਸ ਟੇਪ 'ਤੇ ਹੰਗਾਮਾ ਖੜ੍ਹਾ ਕਰਨਾ ਕੀ ਅਰਥ ਰੱਖਦਾ ਹੈ ?

**ਅੱਜ ਦਾ ਸਮਾਜ ਬਨਾਮ ਮੁਟਿਆਰਾਂ :** ਲਗਭਗ ਡੇਢ ਦਹਾਕੇ ਪਹਿਲਾਂ ਇੱਕ ਮੁਟਿਆਰ, ਕਰਨਮ ਮਲੇਸ਼ਵਰੀ ਨੇ ਸਿਡਨੀ ਵਿਚ ਹੋਏ ਓਲੰਪਿਕ ਵਿਚ ਭਾਰ-ਤੋਲਣ ਮੁਕਾਬਲੇ ਵਿਚ ਤਾਂਬੇ ਦਾ ਤਗਮਾ ਜਿੱਤਿਆ ਸੀ। ਉਸ ਸਮੇਂ ਦੇਸ਼ਵਾਸੀਆਂ ਨੂੰ ਇਉਂ ਜਾਪਣ ਲਗਾ ਜਿਵੇਂ ਦੇਸ਼ ਦੀ ਤਸਵੀਰ ਬਦਲ ਰਹੀ ਹੈ। ਸਾਡੇ ਦੇਸ਼ ਦੀਆਂ ਮੁਟਿਆਰਾਂ ਬਦਲ ਰਹੀਆਂ ਹਨ। ਉਨ੍ਹਾਂ ਦਿਨਾਂ ਵਿਚ ਓਲੰਪਿਕ ਵਿਚ ਹੀ ਨਹੀਂ, ਸਗੋਂ ਜੀਵਨ ਅਤੇ ਸਮਾਜ ਦੇ ਦੂਸਰੇ ਖੇਤਰਾਂ ਵਿਚ ਵੀ ਇਸਤਰੀਆਂ ਦੀ ਹਿੱਸੇਦਾਰੀ ਵੱਧ ਰਹੀ ਸੀ। ਉਹ ਪਹਿਲਾਂ ਨਾਲੋਂ ਵਧੇਰੇ ਬਾਹਰ ਨਿਕਲਣ ਲੱਗੀਆਂ ਹਨ, ਨੌਕਰੀਆਂ ਵੀ ਕਰਨ ਲੱਗ ਪਈਆਂ ਹਨ। ਇੱਥੋਂ ਤਕ ਕਿ ਖ਼ਤਰੇ ਭਰੇ ਖੇਤਰਾਂ ਵਿਚ ਵੀ ਜਾਣ ਲੱਗੀਆਂ ਹਨ। ਹਾਲਾਂਕਿ ਉਹ ਆਪਣੇ ਔਰਤ ਹੋਣ ਦਾ ਦਾਅਵਾ ਵੀ ਪੇਸ਼ ਕਰਦੀਆਂ ਹਨ, ਮਾਰਾਂ ਵੀ ਖਾਂਦੀਆਂ ਹਨ, ਬਦਸਲੂਕੀ, ਤਾਅਨੇ, ਸ਼ੋਸ਼ਣ ਤੇ ਬਲਾਤਕਾਰ ਦਾ ਸ਼ਿਕਾਰ ਹੋਣ ਦੇ ਨਾਲ ਹੀ ਉਸ ਦਾ ਵਿਰੋਧ ਵੀ ਕਰਦੀਆਂ ਹਨ, ਪਰ ਆਪਣੀ ਆਜ਼ਾਦੀ ਲਈ ਵੀ ਡਟੀਆਂ ਹੋਈਆਂ ਹਨ। ਤਗਮਾ ਜਿੱਤਣ ਵਾਲੀਆਂ ਸਿੰਧੂ ਅਤੇ ਸਾਕਸ਼ੀ ਦੇ ਪਿੱਛੇ ਹਜ਼ਾਰਾਂ ਨਹੀਂ, ਲੱਖਾਂ ਹੀ ਬਹੁਤ ਕੁਝ ਹਾਰ ਚੁੱਕੀਆਂ ਮੁਟਿਆਰਾਂ ਹਨ। ਇਸ ਰਸਤੇ ਨੂੰ ਬਣਾਉਣ ਵਿਚ ਜਿਨ੍ਹਾਂ ਦੀ ਭੂਮਿਕਾ ਕਿਸੇ ਵੀ ਤਰ੍ਹਾਂ ਘੱਟ ਨਹੀਂ ਹੈ। ਮੁਸ਼ਕਲ ਇਹ ਹੈ ਕਿ ਜਿਸ ਤਰ੍ਹਾਂ ਮੁਟਿਆਰਾਂ ਬਦਲ ਰਹੀਆਂ ਹਨ, ਉਸੇ ਤਰ੍ਹਾਂ ਸਾਡਾ ਸਮਾਜ ਬਿਲਕੁਲ ਨਹੀਂ ਬਦਲ ਰਿਹਾ। ਸਾਡਾ ਸਮਾਜ ਅੱਜ ਵੀ ਮਰਦ ਦੇ ਪੰਜੇ ਵਿਚ ਹੀ ਜਕੜਿਆ ਹੋਇਆ ਹੈ। ਜਿਸ ਸਮਾਜਕ ਵਿਵਸਥਾ ਦਾ ਹਿੱਸਾ ਅੱਜ ਦਾ ਪੁਰਸ਼ਵਾਦ ਹੈ, ਉਸ ਵਿਚ ਕਈ ਮਘੋਰੇ ਵੀ ਹਨ। ਉਸੇ ਦਾ ਹੀ ਨਤੀਜਾ ਹੈ ਕਿ ਅਸੀਂ ਚੁਸਤ-ਦਰੁਸਤ ਵਿਵਸਥਾ ਬਣਾਉਣ ਵਿਚ ਅਸਫਲ ਰਹੇ ਹਾਂ। ਅਸੀਂ ਅਜੇ ਵੀ ਅਜਿਹਾ ਸਮਾਜਿਕ ਵਾਤਾਵਰਣ ਨਹੀਂ ਸਿਰਜ ਸਕੇ, ਜਿਸ ਵਿਚ ਅਜਿਹੀਆਂ ਪ੍ਰਤਿਭਾਵਾਂ ਨੂੰ ਵਧਣ-ਫੁਲਣ ਅਤੇ ਨਿਖਰਨ ਦੇ ਮੌਕੇ ਮਿਲ ਸਕਣ। ਸਿਹਤ, ਸਿੱਖਿਆ ਅਤੇ ਖੇਡਾਂ ਜਿਹੇ ਬੁਨਿਆਦੀ ਖੇਤਰਾਂ ਵਿਚਲਾ ਸਾਡਾ ਢਾਂਚਾ ਬਿਲਕੁਲ ਹੀ ਜਰਜ਼ਰਾ ਗਿਆ ਹੋਇਆ ਹੈ। ਮਾਹਰਾਂ ਅਨੁਸਾਰ ਸਿੱਖਿਆ ਅਤੇ ਸਿਹਤ ਦੇ ਖੇਤਰ ਤਾਂ ਨਿੱਜੀ ਖੇਤਰ ਨੂੰ ਸੌਂਪ ਹੀ ਦਿੱਤੇ ਹਨ। ਖੇਡਾਂ ਦੇ ਖੇਤਰ ਨਾਲ ਵੀ ਅਜਿਹਾ ਹੀ ਕੁਝ ਹੁੰਦਾ ਨਜ਼ਰ ਆ ਰਿਹਾ ਹੈ।

**ਦੇਸ਼ ਪ੍ਰੇਮ ਅਸਲੀ ਜਾਂ ਦਿਖਾਵਾ :** ਦੇਸ਼ ਦੇ ਕਾਨੂੰਨੀ ਮਾਹਰ ਦੱਸਦੇ ਹਨ ਕਿ ਇਸ ਸਮੇਂ ਦੇਸ਼ ਦੀਆਂ ਵੱਖ-ਵੱਖ ਅਦਾਲਤਾਂ ਵਿਚ ਜੇ ਵੱਧ ਨਹੀਂ ਤਾਂ ਘੱਟੋ-ਘੱਟ ਤਿੰਨ ਕਰੋੜ ਮੁਕੱਦਮੇ ਤਾਂ ਲਟਕਦੇ ਚੱਲੇ ਹੀ ਆ ਰਹੇ ਹਨ। ਐਨ.ਡੀ.ਟੀ.ਵੀ. ਦੀ ਇੱਕ ਖ਼ਬਰ ਅਨੁਸਾਰ ਫ਼ਿਲਮਾਂ ਤੋਂ ਸਿਆਸਤ ਵਿਚ ਆਈ ਅਦਾਕਾਰ ਰਮਿਆ ਵਿਰੁੱਧ ਕਰਨਾਟਕ ਦੀ ਇੱਕ ਅਦਾਲਤ ਵਿਚ ਦੇਸ਼-ਧ੍ਰੋਹ ਦਾ ਮਾਮਲਾ ਸੁਣਵਾਈ ਅਧੀਨ ਹੈ। ਹਾਲਾਂਕਿ ਕਾਨੂੰਨੀ ਮਾਹਰਾਂ ਅਨੁਸਾਰ ਅਜਿਹੇ ਮਾਮਲੇ ਆਮ ਤੌਰ 'ਤੇ ਰੱਦ ਹੋ ਜਾਂਦੇ ਹਨ। ਦੱਸਿਆ ਗਿਆ ਹੈ ਕਿ ਕੁਝ ਹੀ ਸਮਾਂ ਪਹਿਲਾਂ ਇੱਕ ਪੱਤ੍ਰਿਕਾ ਦੇ ਮੁੱਖ ਪੰਨੇ 'ਤੇ ਇੱਕ ਫ਼ੋਟੋ, ਜਿਸ ਵਿਚ ਕ੍ਰਿਕਟ-ਖਿਡਾਰੀ ਐਮ.ਐਸ. ਧੋਨੀ ਨੂੰ ਵਿਸ਼ਨੂੰ ਭਗਵਾਨ ਦੇ ਰੂਪ ਵਿਚ ਦਰਸਾਇਆ ਗਿਆ ਸੀ, ਛਾਪਣ ਤੇ ਧਾਰਮਿਕ ਭਾਵਨਾਵਾਂ ਨੂੰ ਠੇਸ ਲੱਗਣ ਦੇ ਇੱਕ ਮੁਕੱਦਮੇ ਨੂੰ ਸੁਪਰੀਮ ਕੋਰਟ ਨੇ ਰੱਦ ਕਰ ਦਿੱਤਾ ਸੀ। ਹੁਣੇ ਜਿਹੇ ਹੀ 'ਮੋਹਨਜੋ ਦਾੜੋ' ਫ਼ਿਲਮ ਨੂੰ ਪ੍ਰਦਰਸ਼ਤ ਹੋਣ ਤੋਂ ਰੋਕਣ ਲਈ, ਕੀਤੇ ਗਏ ਇੱਕ ਮੁਕੱਦਮੇ ਨੂੰ ਮੁੰਬਈ ਹਾਈਕੋਰਟ ਨੇ ਰੱਦ ਕਰਦਿਆਂ ਅਪੀਲ ਕਰਤਾ 'ਤੇ ਡੇਢ ਲੱਖ ਰੁਪਏ ਦਾ ਜੁਰਮਾਨਾ ਵੀ ਠੋਕ ਦਿੱਤਾ। ਇਸੇ ਤਰ੍ਹਾਂ ਉੱਤਰ ਪ੍ਰਦੇਸ਼ ਦੇ ਇੱਕ ਜੱਜ ਨੇ ਕੇਂਦਰੀ ਮੰਤਰੀ ਅਰੁਣ ਜੇਤਲੀ ਵਲੋਂ ਅਦਾਲਤ ਦੀ ਆਲੋਚਨਾ ਕੀਤੇ ਜਾਣ 'ਤੇ ਉਨ੍ਹਾਂ ਵਿਰੁੱਧ ਦੇਸ਼-ਧ੍ਰੋਹ ਦਾ ਮੁਕੱਦਮਾ ਦਰਜ ਕਰਨ ਦਾ ਹੁਕਮ ਦਿੱਤਾ ਸੀ, ਜਿਸ ਨੂੰ ਰੱਦ ਕਰਦਿਆਂ ਇਲਾਹਾਬਾਦ ਹਾਈਕੋਰਟ ਦੇ ਵਿਦਵਾਨ ਜੱਜ ਨੇ ਉਸ ਜੱਜ ਵਿਰੁੱਧ ਸਖ਼ਤ ਕਾਰਵਾਈ ਕੀਤੀ। ਇਸ ਤਰ੍ਹਾਂ ਦੇ ਫ਼ਜ਼ੂਲ ਮਾਮਲਿਆਂ ਨੂੰ ਸੁਣਵਾਈ ਲਈ ਸਵੀਕਾਰ ਕਰ ਲੈਣ ਨਾਲ ਨਾ ਕੇਵਲ ਨਿਆਂਪਾਲਿਕਾ ਦਾ ਮਜ਼ਾਕ ਬਣਦਾ ਹੈ, ਸਗੋਂ ਆਮ ਲੋਕਾਂ ਨੂੰ ਵੀ ਪ੍ਰੇਸ਼ਾਨੀ ਦਾ ਸਾਹਮਣਾ ਕਰਨਾ ਪੈਂਦਾ ਹੈ। ਕਾਨੂੰਨੀ ਮਾਹਰਾਂ ਦੀ ਰਾਇ ਹੈ ਕਿ ਬਿਨਾਂ ਕਾਰਨ ਦੇ ਕੀਤੇ ਜਾਣ ਵਾਲੇ ਮੁਕੱਦਮਿਆਂ ਨੂੰ ਦੇਸ਼-ਧ੍ਰੋਹ ਦੀ ਸ਼੍ਰੇਣੀ ਵਿਚ ਰੱਖਦਿਆਂ, ਅਜਿਹਾ ਕਰਨ ਵਾਲਿਆਂ ਨੂੰ ਸਖ਼ਤ ਸਜ਼ਾ ਦਿੱਤੇ ਜਾਣ ਦੀ ਵਿਵਸਥਾ ਹੋਣੀ ਚਾਹੀਦੀ ਹੈ। ਇਨ੍ਹਾਂ ਮਾਹਰਾਂ ਅਨੁਸਾਰ ਦੇਸ਼ ਵਿਚ ਇਨਸਾਫ਼ ਦੀ ਗੁਣਵੱਤਾ ਸੁਧਾਰਨ ਦੀ ਬਹੁਤ ਜ਼ਿਆਦਾ ਲੋੜ ਹੈ।

**ਸਵੱਛ ਭਾਰਤ ਮੁਹਿੰਮ ਬਨਾਮ ਭਾਜਪਾ ਸੱਤਾ ਵਾਲੇ ਨਿਗਮ :** ਸੈਂਟਰ ਫ਼ਾਰ ਸਿਵਲ ਸੁਸਾਇਟੀ ਵਲੋਂ ਤਿਆਰ 2016 ਦੀ ਰਿਪੋਰਟ ਅਨੁਸਾਰ ਐਸ.ਬੀ.ਐਮ. ਤਹਿਤ ਦਿੱਲੀ ਦੀ ਐਨ.ਡੀ.ਐਮ.ਸੀ. ਨੂੰ 2015-2016 ਵਿਚ 46.28 ਕਰੋੜ ਰੁਪਏ ਦਿੱਤੇ ਗਏ ਪਰ ਇਸ ਨਿਗਮ ਨੇ ਇਸ ਵਿਚੋਂ ਇੱਕ ਵੀ ਪੈਸਾ ਖ਼ਰਚ ਨਹੀਂ ਕੀਤਾ, ਪੂਰੀ ਦੀ ਪੂਰੀ ਰਕਮ ਬਿਨਾਂ ਵਰਤਿਆਂ ਪਈ ਹੈ। ਇਸੇ ਤਰ੍ਹਾਂ ਦੱਖਣੀ ਦਿੱਲੀ ਨਗਰ ਨਿਗਮ ਨੂੰ 31.63 ਕਰੋੜ ਰੁਪਏ ਦਿੱਤੇ ਗਏ ਸਨ, ਉਸ ਨੇ ਇਸ ਰਕਮ ਦਾ ਮਾਤਰ 0.25 ਪ੍ਰਤੀਸ਼ਤ, ਅਰਥਾਤ 7.93 ਲੱਖ ਰੁਪਏ ਹੀ ਖ਼ਰਚ ਕੀਤੇ ਹਨ।

**ਅਤੇ ਅੰਤ ਵਿਚ :** ਇਨ੍ਹਾਂ ਦਿਨਾਂ ਵਿਚ ਇੰਡੀਅਨ ਐਕਸਪ੍ਰੈੱਸ ਵਿਚ ਛਪੀ ਇੱਕ ਰਿਪੋਰਟ ਅਨੁਸਾਰ, ਭਾਰਤ ਸਰਕਾਰ ਅਤੇ ਭਾਜਪਾ ਨੇਤਾ ਜਿਸ ਜਨ ਧਨ ਯੋਜਨਾ ਦੀ 'ਸਫਲਤਾ' ਦਾ ਗੁਣਗਾਨ ਕਰਦੇ ਨਹੀਂ ਥੱਕਦੇ, ਉਸ ਯੋਜਨਾ ਅਧੀਨ ਖੁੱਲ੍ਹੇ ਕਰੋੜਾਂ ਖਾਤਿਆਂ ਵਿਚ ਬੈਂਕ ਆਪ ਪੈਸਾ ਜਮ੍ਹਾ ਕਰਵਾ ਰਹੇ ਹਨ। ਇੰਡੀਅਨ ਐਕਸਪ੍ਰੈੱਸ ਦੀ ਰਿਪੋਰਟ ਅਨੁਸਾਰ ਬੈਂਕ ਜ਼ੀਰੋ ਬੈਲੈਂਸ ਅਕਾਊਂਟਸ ਦੀ ਗਿਣਤੀ ਘਟਾਉਣ ਲਈ ਹੀ ਜਨ ਧਨ ਯੋਜਨਾ ਅਧੀਨ ਖੁੱਲ੍ਹੇ ਖਾਤਿਆਂ ਵਿਚ ਇੱਕ-ਇੱਕ ਰੁਪਿਆ ਆਪਣੇ ਪਾਸੋਂ ਜਮ੍ਹਾ ਕਰਵਾ ਰਹੇ ਹਨ। ਆਰ.ਟੀ.ਆਈ. ਅਧੀਨ ਮਿਲੀ ਜਾਣਕਾਰੀ ਅਨੁਸਾਰ 18 ਸਰਕਾਰੀ ਬੈਂਕਾਂ ਅਤੇ ਉਨ੍ਹਾਂ ਦੀਆਂ 16 ਇਲਾਕਾਈ ਬਰਾਂਚਾਂ ਵਿਚ ਅਜਿਹੇ 1.05 ਕਰੋੜ ਖਾਤੇ ਹਨ, ਜਿਨ੍ਹਾਂ ਵਿਚ ਕੇਵਲ ਇੱਕ-ਇੱਕ ਰੁਪਿਆ ਜਮ੍ਹਾ ਹੈ। ਇਨ੍ਹਾਂ ਤੋਂ ਇਲਾਵਾ ਕੁਝ ਖਾਤੇ ਅਜਿਹੇ ਵੀ ਹਨ, ਜਿਨ੍ਹਾਂ ਵਿਚ ਦੋ, ਪੰਜ ਜਾਂ ਦਸ ਰੁਪਏ ਹੀ ਜਮ੍ਹਾ ਹਨ। 20 ਬੈਂਕਾਂ ਦੇ ਬਰਾਂਚ ਮੈਨੇਜਰਾਂ ਨੇ ਸਵੀਕਾਰ ਕੀਤਾ ਹੈ ਕਿ ਉਨ੍ਹਾਂ 'ਤੇ ਜਨ ਧਨ ਯੋਜਨਾ ਅਧੀਨ ਖੁੱਲ੍ਹੇ ਜ਼ੀਰੋ ਬੈਲੈਂਸ ਖਾਤਿਆਂ ਦੀ ਗਿਣਤੀ (ਅੰਕੜਾ) ਘਟਾਉਣ ਲਈ ਦਬਾਅ ਹੈ। ਉਧਰ ਵਿਰੋਧੀਆਂ ਵਲੋਂ ਜਨ ਧਨ ਯੋਜਨਾ ਦੇ ਅਸਫਲ ਹੋਣ ਦੇ ਲਾਏ ਜਾ ਰਹੇ ਦੋਸ਼ਾਂ ਦੇ ਜਵਾਬ ਵਿਚ ਸਰਕਾਰੀ ਅਧਿਕਾਰੀਆਂ ਨੇ ਦਾਅਵਾ ਕੀਤਾ ਹੈ ਕਿ ਜਨ ਧਨ ਯੋਜਨਾ ਅਧੀਨ ਬੈਂਕਾਂ ਵਿਚ ਜਮ੍ਹਾ ਰਕਮ 42,000 ਕਰੋੜ ਦਾ ਅੰਕੜਾ ਪਾਰ ਕਰ ਗਈ ਹੋਈ ਹੈ ਅਤੇ ਬਿਨਾਂ ਕਿਸੇ ਰਾਸ਼ੀ ਵਾਲੇ ਖਾਤਿਆਂ ਦੀ ਗਿਣਤੀ 25 ਪ੍ਰਤੀਸ਼ਤ ਤੋਂ ਵੀ ਘੱਟ ਹੋ ਗਈ ਹੈ।

## ਰਾਜਨੀਤੀ

**ਦੇਵ ਘੋਲੀਆ,**
ਫਰਿਜ਼ਨੋ (ਫੋਨ:559-232-7764)

ਜਿਹੜੀ ਜਿੱਤ ਹਾਰ ਹੁੰਦੀ ਉਹਦੇ ਕੰਮਾਕਾਰਾਂ ਨਾਲ
ਜੀਹਦੇ ਚੰਗੇ ਕੰਮ ਕੀਤੇ ਉਹਦੀ ਬਣਦੀ ਮਿਸਾਲ
ਨਹੀਂ ਤਾਂ ਚਾਰੇ ਪਾਸੇ ਪੁੱਠੇ ਸਿੱਧੇ ਉਠਦੇ ਸਵਾਲ
ਦੱਸ ਕੀ ਇਹਨੇ ਕੀਤਾ ਖੂਨ ਰੱਜ ਕੇ ਹੈ ਪੀਤਾ
ਨਾਲੇ ਪਿੰਡ ਦਾ ਵੀ ਬੱਚਾ ਬੱਚਾ ਪਿੱਛੇ ਹਟਿਆ
ਜਿਹੜਾ ਧੱਕੇ ਨਾਲ ਵੋਟਾਂ ਵਿਚ ਖੜਦਾ
ਉਹ ਪੈਸੇ ਦੇ ਕੇ ਜਿੱਤਿਆ ਤਾਂ ਕੀ ਜਿਤਿਆ

ਸੱਥਾਂ ਵਿਚ ਬੈਠੇ ਬਾਬੇ ਗੱਲਾਂ ਕਰਦੇ
ਕਿਥੋਂ ਆਉਂਦਾ ਪੈਸਾ ਲੋਕੀਂ ਕਿਵੇਂ ਖੜਦੇ
ਨਾ ਕੋਈ ਵੇਚਦੇ ਜ਼ਮੀਨ ਨਾ ਕੋਈ ਗਹਿਣੇ ਧਰਦੇ
ਕੋਈ ਕਰਦੇ ਘੁਟਾਲਾ ਫੇਰ ਹੁੰਦਾ ਬੋਲਬਾਲਾ
ਨਾ ਮੀਡੀਏ ਦੀਆਂ ਨਜਰਾਂ ਤੋਂ ਬਚ ਸਕਿਆ
ਜਿਹੜਾ ਧੱਕੇ ਨਾਲ ਵੋਟਾਂ ਵਿਚ ਖੜਦਾ
ਉਹ ਪੈਸੇ ਦੇ ਕੇ ਜਿਤਿਆ ਤਾਂ ਕੀ ਜਿਤਿਆ

ਕੇਸ ਚਲਦੇ ਕਚਿਹਰੀ ਨਾਲੇ ਘਰ ਪਟਦੇ
ਪੱਲੇ ਪੈਂਦੀ ਬਦਨਮੀ ਦੱਸ ਕੀ ਖੱਟਦੇ
ਫਿਰ ਆਉਂਦੀ ਹੈ ਕੰਗਾਲੀ ਨਿੱਤ ਰਹਿਣ ਲੜਦੇ
ਨਾ ਕੋਈ ਕਰਦੇ ਸਲਾਹ ਪਿੱਛੋਂ ਹੁੰਦੇ ਨੇ ਤਬਾਹ
ਕਾਹਿਣ ਪਾਰਟੀਬਾਜ਼ੀ ਨੇ ਸਾਨੂੰ ਮਾਰ ਸੁੱਟਿਆ
ਜਿਹੜਾ ਧੱਕੇ ਨਾਲ ਵੋਟਾਂ ਵਿਚ ਖੜਦਾ
ਉਹ ਪੈਸੇ ਦੇ ਕੇ ਜਿਤਿਆ ਤਾਂ ਕੀ ਜਿਤਿਆ

ਵੱਜੀ ਰੰਗਲੇ ਪੰਜਾਬ ਦੇ ਹੈ ਸੱਟ ਵੀ ਕਰਾਰੀ
ਇਹਦੀ ਵੰਡੀਆਂ ਤੇ ਵੋਟਾਂ ਨੇ ਤਾਂ ਮੱਤ ਪਈ ਮਾਰੀ
ਪਰ ਔਖੇ ਹੋ ਕੇ ਇਹਨੇ ਗਲ ਸਭ ਦੀ ਸਹਾਰੀ
ਇਹਦੀ ਸੁਣੇ ਨਾ ਕੋਈ 'ਵਾਜ, ਸਾਰਾ ਢਾਂਚਾ ਹੀ ਖਰਾਬ
ਦੇਵ ਘੋਲੀਏ ਦਾ ਅੱਜ ਫਿਰ ਤਾਂਹੀਓਂ ਪਿਟਿਆ
ਜਿਹੜਾ ਧੱਕੇ ਨਾਲ ਵੋਟਾਂ ਵਿਚ ਖੜਦਾ
ਉਹ ਪੈਸੇ ਦੇ ਕੇ ਜਿਤਿਆ ਤਾਂ ਕੀ ਜਿਤਿਆ

## ਸਰਪੰਚਾਂ ਨੂੰ ਵੀ ਮਿਲ ਸਕਦੀਆਂ ਨੇ ਲਾਲ ਬੱਤੀ ਵਾਲੀਆਂ ਕਾਰਾਂ ਤੇ ਗੰਨਮੈਨ

**ਬਠਿੰਡਾ/ਬਿਊਰੋ ਨਿਊਜ਼ :**
ਪੰਜਾਬ ਸਰਕਾਰ ਹੁਣ ਐਨ ਚੋਣਾਂ ਤੋਂ ਪਹਿਲਾਂ ਸਰਪੰਚਾਂ ਨੂੰ ਲਾਲ ਬੱਤੀ ਵਾਲੀ ਗੱਡੀ ਅਤੇ ਗੰਨਮੈਨ ਦੇਣ ਦੀ ਯੋਜਨਾ ਬਣਾਉਣ ਲੱਗੀ ਹੈ। ਪੇਂਡੂ ਵਿਕਾਸ ਤੇ ਪੰਚਾਇਤ ਵਿਭਾਗ ਨੇ ਇਸ ਮਾਮਲੇ ਤੇ ਵਿਭਾਗੀ ਅਫਸਰਾਂ ਤੋਂ ਮਸ਼ਵਰਾ ਮੰਗਿਆ ਹੈ। ਬਲਾਕ ਡੇਰਾ ਬੱਸੀ ਦੇ ਦਰਜਨਾਂ ਸਰਪੰਚਾਂ ਨੇ ਪੰਜਾਬ ਸਰਕਾਰ ਕੋਲ ਇਹ ਮਸਲਾ ਉਠਾਇਆ ਸੀ। ਮੁੱਖ ਮੰਤਰੀ ਪੰਜਾਬ ਨੂੰ ਵੀ ਇਨ੍ਹਾਂ ਸਰਪੰਚਾਂ ਨੇ ਪੱਤਰ ਲਿਖੇ ਸਨ ਕਿ ਕੇਰਲਾ ਪੈਟਰਨ 'ਤੇ ਸਰਪੰਚਾਂ ਨੂੰ ਲਾਲ ਬੱਤੀ ਵਾਲੀ ਗੱਡੀ ਅਤੇ ਗੰਨਮੈਨ ਦਿੱਤੇ ਜਾਣ। ਉਂਜ ਸਰਪੰਚਾਂ ਦੇ ਮਾਣ ਭੱਤੇ ਵਿੱਚ ਵਾਧੇ ਵਾਲਾ ਮਾਮਲਾ ਵੀ ਪੈਂਡਿੰਗ ਪਿਆ ਹੈ।

ਪੇਂਡੂ ਵਿਕਾਸ ਤੇ ਪੰਚਾਇਤ ਵਿਭਾਗ ਪੰਜਾਬ ਨੇ ਜਲੰਧਰ, ਪਟਿਆਲਾ ਅਤੇ ਫ਼ਿਰੋਜ਼ਪੁਰ ਦੇ ਡਿਵੀਜ਼ਨਲ ਡਿਪਟੀ ਡਾਇਰੈਕਟਰ ਨੂੰ ਪੱਤਰ ਭੇਜੇ ਹਨ, ਜਿਸ ਵਿੱਚ ਪਿੰਡਾਂ ਦੇ ਸਰਪੰਚਾਂ ਨੂੰ ਲਾਲ ਬੱਤੀ ਵਾਲੀ ਗੱਡੀ ਤੇ ਗੰਨਮੈਨ ਦੇਣ ਦੇ ਮਾਮਲੇ 'ਤੇ ਇੱਕ ਹਫ਼ਤੇ ਵਿੱਚ ਸੁਝਾਅ ਮੰਗੇ ਗਏ ਹਨ। ਡਿਵੀਜ਼ਨਲ ਡਿਪਟੀ ਡਾਇਰੈਕਟਰਾਂ ਨੇ ਇਸ ਮਸਲੇ 'ਤੇ ਅੱਗਿਓਂ ਜ਼ਿਲ੍ਹਾ ਵਿਕਾਸ ਤੇ ਪੰਚਾਇਤ ਅਫਸਰਾਂ ਤੋਂ ਸੁਝਾਅ ਮੰਗ ਲਏ ਹਨ। ਫੀਲਡ ਅਫਸਰਾਂ ਵੱਲੋਂ ਅੱਗਿਓਂ ਪਿੰਡਾਂ ਦੇ ਸਰਪੰਚਾਂ ਤੋਂ ਮਸ਼ਵਰਾ ਲਿਆ ਜਾਵੇਗਾ।

ਤਹਿਸੀਲ ਡੇਰਾ ਬੱਸੀ ਦੇ ਪਿੰਡ ਜਿਊਲੀ ਦੇ ਸਰਪੰਚ ਨਰਿੰਦਰ ਸਿੰਘ ਨੇ ਇਸ ਮਾਮਲੇ ਵਿੱਚ ਪਹਿਲ ਕੀਤੀ ਹੈ। ਉਨ੍ਹਾਂ ਨੇ ਹੋਰ ਦਰਜਨਾਂ ਸਰਪੰਚਾਂ ਸਮੇਤ ਲਾਲ ਬੱਤੀ ਵਾਲੀ ਗੱਡੀ ਅਤੇ

ਬਾਕੀ ਸਫ਼ਾ 32 'ਤੇ

# ਕਿਉਂ ਹੋ ਰਹੀ ਹੈ ਯੁੱਧ ਦੀ ਗੱਲ, ਆਖ਼ਰ ਕਿਉਂ... ?

**ਮੇਰਾ ਮੰਨਣਾ ਹੈ ਕਿ ਯੁੱਧ ਲਈ ਉਤਾਵਲੇ ਲੋਕਾਂ ਨੂੰ ਦੁਨੀਆ ਦੇ ਵੱਖ ਵੱਖ ਹਿੱਸਿਆਂ ਵਿਚ ਬਣੇ ਸ਼ਰਨਾਰਥੀ ਕੈਂਪਾਂ ਵਿਚ ਰਹਿਣ ਵਾਲੇ ਲੋਕਾਂ ਦੀਆਂ ਗੱਲਾਂ ਸੁਣਨੀਆਂ ਚਾਹੀਦੀਆਂ ਹਨ। ਇਲੈਕਟ੍ਰਾਨਿਕ ਮੀਡੀਆ ਇਹ ਕੰਮ ਕਰ ਸਕਦਾ ਹੈ। ਤੁਸੀਂ ਕਿਸੇ ਸ਼ਰਨਾਰਥੀ ਤੋਂ ਪੁਛੋ ਕਿ ਯੁੱਧ ਕੀ ਹੁੰਦਾ ਹੈ? ਵੈਸੇ ਇਹ ਸੱਚ ਹੈ ਕਿ ਵੱਡੇ ਪੱਧਰ 'ਤੇ ਸ਼ਰਨਾਰਥੀ ਸੰਕਟ ਦੇ ਪਿਛੇ ਦਾ ਅਹਿਮ ਕਾਰਨ ਅੱਤਵਾਦ ਹੈ। ਇਨ੍ਹੀਂ ਦਿਨੀਂ ਜੋ ਲੋਕ ਪਾਕਿਸਤਾਨ ਨਾਲ ਆਰ-ਪਾਰ ਦੀ ਲੜਾਈ ਦੀ ਗੱਲ ਕਰ ਰਹੇ ਹਨ, ਉਹ ਇਸ ਭਰਮ ਵਿਚ ਹਨ ਕਿ ਯੁੱਧ ਨਾਲ ਪਾਕਿਸਤਾਨ ਬਰਬਾਦ ਹੋ ਜਾਵੇਗਾ, ਪਰ ਅਫ਼ਸੋਸ ਉਹ ਲੋਕ ਇਹ ਨਹੀਂ ਸਮਝਦੇ ਕਿ ਯੁੱਧ ਕਿਸੇ ਵੀ ਮਸਲੇ ਦਾ ਹੱਲ ਹੈ ਹੀ ਨਹੀਂ।**




**ਗਿਰੇਂਦਰ ਨਾਥ ਝਾਅ**

ਆਪਣੇ ਪਿੰਡ ਚਨਕਾ (ਗੁਜਰਾਤ) ਤੋਂ ਸ਼ਹਿਰ ਪੂਰਨੀਆ ਪਰਤਦੇ ਸਮੇਂ ਇਕ ਛੋਟਾ ਜਿਹਾ ਬਾਜ਼ਾਰ ਆਉਂਦਾ ਹੈ-ਜਗੈਲੀ। ਪਿਛਲੇ ਤਿੰਨ ਦਿਨ ਤੋਂ ਇਸ ਬਾਜ਼ਾਰ ਦੇ ਰਾਮਨਰੇਸ਼ ਚਾਚਾ ਦੀ ਚਾਹ ਦੀ ਦੁਕਾਨ 'ਤੇ ਕੌਮਾਂਤਰੀ ਮਸਲਿਆਂ 'ਤੇ ਗੱਲ ਹੋਣ ਲੱਗੀ ਹੈ, ਜਿਸ ਵਿਚ ਵਾਰ ਵਾਰ 'ਮਾਰ-ਗਿਰਾਉਣ', 'ਤਬਾਹ ਕਰ ਦੇਣ' ਵਰਗੇ ਸ਼ਬਦਾਂ ਦੀ ਵਰਤੋਂ ਹੁੰਦੀ ਹੈ। ਦਰਅਸਲ, ਉੜੀ ਵਿਚ ਦਹਿਸ਼ਤੀ ਹਮਲੇ ਮਗਰੋਂ ਲੋਕਾਂ ਵਿਚ ਜੋ ਉਬਾਲ ਆਇਆ ਹੈ, ਉਸ ਕਾਰਨ ਲੋਕਾਂ ਦੀ ਜ਼ੁਬਾਨ 'ਤੇ 'ਯੁੱਧ' ਨਾਂ ਦਾ ਭਿਆਨਕ ਸ਼ਬਦ ਆਪਣੇ ਆਪ ਹੀ ਨਿਕਲਣ ਲੱਗਾ ਹੈ ਪਰ ਗੱਲਬਾਤ ਦੌਰਾਨ ਰਾਮਨਰੇਸ਼ ਚਾਚਾ ਬੜੇ ਸਹਿਜ ਢੰਗ ਨਾਲ ਕਹਿੰਦੇ ਹਨ-"ਤੁਸੀਂ ਲੋਕ ਇਥੇ ਚਾਹ ਪੀਂਦੇ ਹੋ, ਜੋ ਲੜਨ-ਮਾਰਨ ਦੀ ਗੱਲ ਕਰਦੇ ਹੋ, ਕੀ ਤੁਹਾਨੂੰ ਪਤਾ ਹੈ ਕਿ ਇਸ ਦਾ ਸਿੱਟਾ ਕੀ ਹੋਵੇਗਾ? ਗੱਲਬਾਤ ਵਿਚ ਏਨੀ ਵੱਡੀ ਗੱਲ ਕਹਿ ਦੇਣਾ ਆਸਾਨ ਹੈ, ਪਰ ਦੋ ਮੁਲਕਾਂ ਦੀ ਲੜਾਈ ਵਿਚ ਕੀ ਕੀ ਭੋਗਣਾ ਪੈਂਦਾ ਹੈ, ਇਸ ਮਸਲੇ 'ਤੇ ਵੀ ਤਾਂ ਗੱਲ ਕਰੋ...।"

ਰਾਮਨਰੇਸ਼ ਚਾਚਾ ਦੀ ਗੱਲ ਸੁਣ ਕੇ ਮੈਂ ਸੋਚਣ ਲੱਗਾ ਕਿ 'ਲੜਾਈ' ਤੇ 'ਯੁੱਧ' ਸ਼ਬਦ ਵਿਚਾਲੇ ਕਿੰਨਾ ਵੱਡਾ ਫ਼ਾਸਲਾ ਹੈ, ਕਿੰਨੀਆਂ ਗੁੱਥੀਆਂ ਹਨ, ਕਿੰਨਾ ਅੰਤਰ ਹੈ, ਇਸ ਨੂੰ ਲੈ ਕੇ ਹਾਲੇ ਵੀ ਲੋਕ ਅਣਜਾਣ ਹਨ। ਯੁੱਧ ਦੀਆਂ ਗੱਲਾਂ ਕਰਦੇ ਹੋਏ ਕੀ ਅਸੀਂ ਉਸ ਦੇ ਸਿੱਟੇ ਬਾਰੇ ਸੋਚਦੇ ਹਾਂ? ਤੁਸੀਂ ਸੋਚ ਰਹੇ ਹੋਵੋਗੇ ਕਿ ਇਹ ਸਭ ਲਿਖਣ ਵਾਲਾ ਇਕ ਡਰਪੋਕ ਇਨਸਾਨ ਹੋਵੇਗਾ, ਜਿਸ ਨੂੰ ਖ਼ੂਨਖ਼ਰਾਬੇ ਤੋਂ, ਜੰਗ ਤੋਂ ਡਰ ਲਗਦਾ ਹੋਵੇਗਾ। ਪਰ ਮੇਰਾ ਬੱਸ ਏਨਾ ਹੀ ਕਹਿਣਾ ਹੈ ਕਿ ਜੰਗ ਸਿਰਫ਼ ਤੇ ਸਿਰਫ਼ ਅੰਤਿਮ ਉਪਾਅ ਹੈ ਤੇ ਇਹ ਵੀ ਜਾਣ ਲਓ, 'ਅੰਤਿਮ' ਕੁਝ ਵੀ ਨਹੀਂ ਹੁੰਦਾ। ਗੰਭੀਰ ਗੱਲਬਾਤ ਨਾਲ ਹਰ ਮਸਲਾ ਹੱਲ ਹੋ ਸਕਦਾ ਹੈ, ਬੱਸ ਵਿਚ ਸਿਆਸਤ ਨਾ ਆਵੇ।

ਉਂਜ ਇਥੇ ਇਹ ਗੱਲ ਲਿਖ ਦੇਣਾ ਜ਼ਰੂਰੀ ਹੈ ਕਿ ਯੁੱਧ ਵਰਗੇ ਗੰਭੀਰ ਮਸਲੇ 'ਤੇ ਆਪਣੀ ਗੱਲ ਰੱਖਣ ਵਾਲਾ ਇਹ ਇਨਸਾਨ ਕੌਮਾਂਤਰੀ ਮਾਮਲਿਆਂ ਦਾ ਜਾਣਕਾਰ ਨਹੀਂ ਹੈ ਤੇ ਨਾ ਹੀ ਰੱਖਿਆ ਮਾਮਲਿਆਂ ਦਾ ਮਾਹਰ। ਇਨ੍ਹੀਂ ਦਿਨੀਂ ਇਕ ਆਮ ਨਾਗਰਿਕ ਜੋ ਕੁਝ ਮਹਿਸੂਸ ਕਰ ਰਿਹਾ ਹੈ, ਮੈਂ ਉਹੀ ਗੱਲ ਕਰਨਾ ਚਾਹੁੰਦਾ ਹਾਂ। ਮੇਰਾ ਮੰਨਣਾ ਹੈ ਕਿ ਯੁੱਧ ਲਈ ਉਤਾਵਲੇ ਲੋਕਾਂ ਨੂੰ ਦੁਨੀਆ ਦੇ ਵੱਖ ਵੱਖ ਹਿੱਸਿਆਂ ਵਿਚ ਬਣੇ ਸ਼ਰਨਾਰਥੀ ਕੈਂਪਾਂ ਵਿਚ ਰਹਿਣ ਵਾਲੇ ਲੋਕਾਂ ਦੀਆਂ ਗੱਲਾਂ ਸੁਣਨੀਆਂ ਚਾਹੀਦੀਆਂ ਹਨ। ਇਲੈਕਟ੍ਰਾਨਿਕ ਮੀਡੀਆ ਇਹ ਕੰਮ ਕਰ ਸਕਦਾ ਹੈ। ਤੁਸੀਂ ਕਿਸੇ ਸ਼ਰਨਾਰਥੀ ਤੋਂ ਪੁਛੋ ਕਿ ਯੁੱਧ ਕੀ ਹੁੰਦਾ ਹੈ? ਵੈਸੇ ਇਹ ਸੱਚ ਹੈ ਕਿ ਵੱਡੇ ਪੱਧਰ 'ਤੇ ਸ਼ਰਨਾਰਥੀ ਸੰਕਟ ਦੇ ਪਿਛੇ ਦਾ ਅਹਿਮ ਕਾਰਨ ਅੱਤਵਾਦ ਹੈ। ਇਨ੍ਹੀਂ ਦਿਨੀਂ ਜੋ ਲੋਕ ਪਾਕਿਸਤਾਨ ਨਾਲ ਆਰ-ਪਾਰ ਦੀ ਲੜਾਈ ਦੀ ਗੱਲ ਕਰ ਰਹੇ ਹਨ, ਉਹ ਇਸ ਭਰਮ ਵਿਚ ਹਨ ਕਿ ਯੁੱਧ ਨਾਲ ਪਾਕਿਸਤਾਨ ਬਰਬਾਦ ਹੋ ਜਾਵੇਗਾ, ਪਰ ਅਫ਼ਸੋਸ ਉਹ ਲੋਕ ਇਹ ਨਹੀਂ ਸਮਝਦੇ ਕਿ ਯੁੱਧ ਕਿਸੇ ਵੀ ਮਸਲੇ ਦਾ ਹੱਲ ਹੈ ਹੀ ਨਹੀਂ।

ਉੜੀ ਹਮਲੇ ਕਾਰਨ ਗੱਲਬਾਤ ਵਿਚ ਕੁਝ ਲੋਕ 'ਲਿਮਟਿਡ ਵਾਰ' ਦੀ ਵੀ ਗੱਲ ਕਰ ਰਹੇ ਹਨ ਪਰ ਜਾਣਨਾ ਜ਼ਰੂਰੀ ਹੈ ਕਿ ਪਾਕਿਸਤਾਨ ਜਿਸ ਤਰ੍ਹਾਂ ਗ਼ਲਤ ਤਰੀਕਿਆਂ ਨਾਲ ਵਾਰ ਕਰਦਾ ਹੈ, ਉਸ ਵਿਚ ਇਸ ਗੱਲ ਦੀ ਸੰਭਾਵਨਾ ਬਹੁਤ ਘੱਟ ਹੈ ਕਿ ਪਾਕਿਸਤਾਨੀ ਫ਼ੌਜ ਯੁੱਧ 'ਤੇ ਉਤਰ ਆਏ। ਦਰਅਸਲ, ਪਾਕਿ ਫੌਜ ਦਾ ਸਰੂਪ ਜਿਹਾਦੀਆਂ ਵਰਗਾ ਹੈ। ਅਸੀਂ-ਤੁਸੀਂ ਜਿਸ ਆਸਾਨੀ ਨਾਲ ਯੁੱਧ ਦੀ ਗੱਲ ਕਰਨ ਲੱਗੇ ਹਾਂ, ਅਜਿਹੇ ਵਿਚ ਇਹ ਜਾਣਨਾ ਜ਼ਰੂਰੀ ਹੈ ਕਿ ਯੁੱਧ ਦੇ ਸਿੱਟੇ ਕੀ ਹੋਣਗੇ। ਯੁੱਧ ਦੀ ਪੀੜਾ ਭੋਗਣ ਵਾਲਿਆਂ ਬਾਰੇ ਵੀ ਜ਼ਰਾ ਸੋਚੋ।

ਜ਼ਿਕਰਯੋਗ ਹੈ ਕਿ ਜਦੋਂ ਦੋ ਮੁਲਕਾਂ ਵਿਚਾਲੇ ਜੰਗ ਸ਼ੁਰੂ ਹੁੰਦੀ ਹੈ, ਤਾਂ ਤੀਸਰਾ ਹਮੇਸ਼ਾ ਚਾਹੇਗਾ ਕਿ ਲੜਾਈ ਲੰਬੀ ਚੱਲੇ। ਯਾਦ ਕਰੋ, ਅਮਰੀਕਾ ਨੇ ਇਰਾਨ-ਇਰਾਕ ਯੁੱਧ ਵਿਚ ਕੀ ਕੀਤਾ ਸੀ। ਅਮਰੀਕਾ ਕਦੇ ਇਰਾਨ ਨੂੰ, ਕਦੇ ਇਰਾਕ ਨੂੰ ਹਥਿਆਰ ਭੇਜਦਾ ਰਿਹਾ ਤੇ ਦੋਵੇਂ ਮੁਲਕ ਆਪਸ ਵਿਚ 8 ਸਾਲ ਤੱਕ ਲੜਦੇ ਰਹੇ। ਯੁੱਧ ਸਾਨੂੰ ਪਿਛੇ ਧੱਕ ਦਿੰਦਾ ਹੈ ਤੇ ਯੁੱਧ ਦਾ ਵਾਤਾਵਰਣ ਸਾਨੂੰ ਡਰਾਉਂਦਾ ਹੈ। ਅਜਿਹੇ ਵਿਚ ਮੁਲਕ ਦੇ ਹੁਕਮਰਾਨਾਂ ਨੂੰ ਯੁੱਧ ਦੇ ਨਾਲ ਨਾਲ ਵੱਖ ਵੱਖ ਮੁੱਦਿਆਂ 'ਤੇ ਵੀ ਵਿਚਾਰ ਕਰਨਾ ਚਾਹੀਦਾ ਹੈ। ਯੁੱਧ ਰਾਹੀਂ ਜਾਂ ਸ਼ਕਤੀ ਪ੍ਰਦਰਸ਼ਨ ਨਾਲ ਨਾ ਅਮਰੀਕਾ ਵਰਗਾ ਦੇਸ਼ ਇਰਾਕ, ਅਫ਼ਗਾਨਿਸਤਾਨ, ਸੀਰੀਆ 'ਤੇ ਪੂਰਾ ਕੰਟਰੋਲ ਕਰ ਸਕਿਆ ਹੈ, ਨਾ ਇਜ਼ਰਾਈਲ ਕਦੇ ਫਿਲਸਤੀਨ ਨੂੰ ਪੂਰੀ ਤਰ੍ਹਾਂ ਤਬਾਹ ਕਰ ਸਕਿਆ ਹੈ। ਇਹ ਸਭ ਅਸੀਂ ਦੇਖਦੇ ਆਏ ਹਾਂ। ਅਜਿਹੇ ਵਿਚ ਆਮ ਲੋਕਾਂ ਨੂੰ ਵੀ ਯੁੱਧ ਦੀਆਂ ਗੱਲਾਂ ਕਰਨ ਤੋਂ ਪਹਿਲਾਂ ਗੰਭੀਰਤਾ ਨਾਲ ਵਿਚਾਰ ਕਰਨਾ ਚਾਹੀਦਾ ਹੈ।

ਅੱਜ ਯੁੱਧ ਵਰਗੇ ਗੰਭੀਰ ਮਸਲੇ 'ਤੇ ਬੇਹੱਦ ਸਤਹੀ ਤਰੀਕੇ ਨਾਲ ਇਹ ਸਭ ਲਿਖਦੇ ਹੋਏ ਕਬੀਰ ਦੀ ਇਹ ਬਾਣੀ ਯਾਦ ਆ ਰਹੀ ਹੈ-'ਕਹਾਂ ਸੇ ਆਏ ਹੋ, ਕਹਾਂ ਜਾਓਗੇ, ਮੋਲ ਕਰੋ ਅਪਨੇ ਤਨ ਕੀ...' ਦਰਅਸਲ ਅਸੀਂ ਜਿਸ ਤੇਜ਼ੀ ਨਾਲ ਖ਼ੁਦ ਦਾ ਵਿਸਤਾਰ ਕਰ ਰਹੇ ਹਾਂ, ਅਜਿਹੇ ਵਿਚ ਅਸੀਂ ਇਹ ਭੁੱਲਣ ਲੱਗੇ ਹਾਂ ਕਿ ਭੀੜ ਵਿਚ ਅਸੀਂ ਜਾ ਕਿੱਥੇ ਰਹੇ ਹਾਂ। ਸਭ ਕੁਝ ਜਿੱਤ ਲੈਣ ਦੀ ਖ਼ਵਾਹਿਸ਼ ਕਦੇ ਕਦੇ ਤਬਾਹੀ ਦੀ ਰਾਹ 'ਤੇ ਵੀ ਲੈ ਜਾਂਦੀ ਹੈ, ਇਹ ਜਾਣ ਲਓ। ਜਿੱਥੋਂ ਤਕ ਆਪਣੇ ਦੇਸ਼ ਦੀ ਗੱਲ ਹੈ, ਅਸੀਂ ਪਿਛਲੇ 70 ਸਾਲ ਵਿਚ ਹਰ ਚੁਣੌਤੀ ਦਾ ਸਫਲਤਾ ਨਾਲ ਮੁਕਾਬਲਾ ਕੀਤਾ ਹੈ। ਇਨ੍ਹਾਂ 70 ਵਰ੍ਹਿਆਂ ਵਿਚ ਅਸੀਂ ਬਿਖਰੇ ਨਹੀਂ, ਇਕਜੁਟਤਾ ਨਾਲ ਅੱਗੇ ਹੀ ਵਧੇ ਹਾਂ। ਦੁਨੀਆ ਦੇ ਵੱਖ ਵੱਖ ਹਿੱਸਿਆਂ ਵਿਚ ਜੰਗ ਦੀ ਗੱਲ ਜਦੋਂ ਵੀ ਹੁੰਦੀ ਹੈ, ਮਨ ਬੇਚੈਨ ਹੋ ਜਾਂਦਾ ਹੈ। ਕਿੱਥੇ ਅਸੀਂ 'ਗਲੋਬਲ' ਹੋਣ ਜਾਣ ਦੀ ਗੱਲ ਕਰ ਰਹੇ ਹਾਂ, ਬਾਜ਼ਾਰ ਦਾ ਵਿਸਤਾਰ ਕਰ ਰਹੇ ਹਾਂ, ਇਕ ਦੇਸ਼ ਦੇ ਹੋਣਹਾਰ ਬੱਚੇ ਦੂਸਰੇ ਮੁਲਕ ਦੀਆਂ ਉੱਘੀਆਂ ਯੂਨੀਵਰਸਿਟੀਆਂ ਵਿਚ ਤਾਲੀਮ ਹਾਸਲ ਕਰ ਰਹੇ ਹਨ, ਕਲਾਕਾਰ ਆਪਣੀ ਕਲਾ ਦਾ ਵਿਸ਼ਵ ਪੱਧਰ 'ਤੇ ਪ੍ਰਦਰਸ਼ਨ ਕਰ ਰਹੇ ਹਨ...ਅਜਿਹੇ ਸਮੇਂ ਸੱਚ ਪੁਛੋ, ਯੁੱਧ ਵਰਗੇ ਸ਼ਬਦ ਤੋਂ ਚਿੜ ਹੁੰਦੀ ਹੈ। ਨਾ ਕਰੋ ਯੁੱਧ ਦੀ ਗੱਲ, ਮਿਲ-ਬੈਠ ਕੇ ਗੱਲ ਕਰੋ। ਗੱਲਬਾਤ ਨਾਲ ਹਰ ਮਸਲੇ ਦਾ ਹੱਲ ਨਿਕਲ ਸਕਦਾ ਹੈ, ਬਸ਼ਰਤੇ ਗੱਲਬਾਤ ਗੰਭੀਰ ਹੋਵੇ।

# ਯੁੱਧ ਨਾਲ ਬਣਿਆ ਰਹਿੰਦਾ ਹੈ ਯੁੱਧਾਂ ਦਾ ਸਿਲਸਿਲਾ...

**ਅਮਰੀਕਾ ਵਿਚ ਇਰਾਕ 'ਤੇ ਹਮਲੇ ਨੂੰ ਜਾਰਜ ਬੁੱਸ਼ ਦੀ ਭਾਰੀ ਗ਼ਲਤੀ ਮੰਨਿਆ ਜਾ ਰਿਹਾ ਹੈ। ਉਨ੍ਹਾਂ ਦੀ ਰਿਪਬਲਿਕਨ ਪਾਰਟੀ ਦੇ ਰਾਸ਼ਟਰਪਤੀ ਅਹੁਦੇ ਦੇ ਮੌਜੂਦਾ ਉਮੀਦਵਾਰ ਡੋਨਾਲਡ ਟਰੰਪ ਵੀ ਬੁੱਸ਼ ਨੂੰ ਵੱਡਾ ਦੋਸ਼ੀ ਮੰਨ ਰਹੇ ਹਨ। ਬਰਤਾਨੀਆ ਵਿਚ ਤਾਂ ਇਰਾਕ ਯੁੱਧ 'ਤੇ ਚਿਲਕਟ ਰਿਪੋਰਟ ਮਗਰੋਂ ਸਾਬਕਾ ਪ੍ਰਧਾਨ ਮੰਤਰੀ ਟੋਨੀ ਬਲੇਅਰ ਨੂੰ ਯੁੱਧ ਅਪਰਾਧੀ ਤਕ ਦੱਸਿਆ ਜਾ ਰਿਹਾ ਹੈ। ਉਨ੍ਹਾਂ 'ਤੇ ਮੁਕੱਦਮਾ ਚਲਾਉਣ ਦੀ ਤਿਆਰੀ ਦੀਆਂ ਗੱਲਾਂ ਵੀ ਚੱਲ ਰਹੀਆਂ ਹਨ। ਅਮਰੀਕਾ ਵਿਚ ਮੰਨਿਆ ਜਾ ਰਿਹਾ ਹੈ ਕਿ ਅਫ਼ਗਾਨਿਸਤਾਨ ਅਤੇ ਇਰਾਕ ਯੁੱਧ ਵਿਚ ਜੋ ਖ਼ਰਬਾਂ ਡਾਲਰ ਖ਼ਰਚ ਹੋਏ, ਉਸ ਤੋਂ ਉਥੇ ਸਬ-ਪ੍ਰਾਈਮ ਸੰਕਟ ਖੜ੍ਹਾ ਹੋਇਆ। 2008 ਦੀ ਵਿਸ਼ਵਵਿਆਪੀ ਮੰਦੀ ਵਿਚ ਵੀ ਉਸ ਦਾ ਵੱਡਾ ਯੋਗਦਾਨ ਮੰਨਿਆ ਜਾ ਰਿਹਾ ਹੈ, ਜਿਸ ਨਾਲ ਸਮੁੱਚੀ ਦੁਨੀਆ ਅੱਜ ਤਕ ਉਭਰ ਨਹੀਂ ਸਕੀ ਹੈ।**



**ਹਰਿਮੋਹਨ ਮਿਸ਼ਰ**

ਉੜੀ ਵਿਚ 18 ਜਵਾਨਾਂ ਦੀ ਮੌਤ ਨਾਲ ਭਾਰਤ ਵਿਚ ਦੁਖ ਤੇ ਨਾਰਾਜ਼ਗੀ ਸਿਖ਼ਰ 'ਤੇ ਹੈ। ਆਮ ਧਾਰਨਾ ਜਾਇਜ਼ ਹੀ ਢੁਕਵਾਂ ਜਵਾਬ ਦੇਣ ਦੇ ਪੱਖ ਵਿਚ ਹੈ, ਪਰ ਇਹ ਢੁਕਵਾਂ ਜਵਾਬ ਕੀ ਹੋਵੇ, ਇਸ ਬਾਰੇ ਸਰਕਾਰੀ ਮਹਿਕਮੇ ਵਿਚ ਵੀ ਕੋਈ ਸਾਫ਼ ਨਜ਼ਰੀਆ ਨਹੀਂ ਦਿਖਦਾ। ਪਹਿਲਾਂ ਦੇ ਅੱਤਵਾਦੀਆਂ ਹਮਲਿਆਂ ਵਾਂਗ ਇਸ ਵਾਰ ਵੀ ਕਥਿਤ ਤੌਰ 'ਤੇ ਸਰਕਾਰੀ ਤੰਤਰ ਵਿਚ ਵੀ ਪਹਿਲੀ ਪ੍ਰਤਿਕਿਰਿਆ ਪਾਕਿਸਤਾਨ ਨਾਲ ਸਿੱਧੀ ਜੰਗ ਛੇੜਨ ਦੀ ਦੱਸੀ ਜਾ ਰਹੀ ਹੈ। ਮੀਡੀਆ, ਖ਼ਾਸ ਕਰਕੇ ਟੀ.ਵੀ. ਚੈਨਲਾਂ ਵਿਚ ਅਨੇਕਾਂ ਬਿਆਨਵੀਰ ਮਾਹਰ ਯੁੱਧ ਦੇ ਹਾਲਾਤ ਨੂੰ ਹਵਾ ਦੇਣ ਵਿਚ ਆਪਣੀ ਬੁੱਧੀ ਨੂੰ ਥੋੜ੍ਹੀ ਵੀ ਮੋਹਲਤ ਦਿੰਦੇ ਦਿਖਾਈ ਨਹੀਂ ਦੇ ਰਹੇ।

ਪ੍ਰਧਾਨ ਮੰਤਰੀ ਨਰਿੰਦਰ ਮੋਦੀ ਅਤੇ ਉਨ੍ਹਾਂ ਦੀ ਪਾਰਟੀ ਪਹਿਲਾਂ ਹੀ ਸਖ਼ਤ ਰਵੱਈਏ ਦੀ ਏਨਾ ਹਮਾਇਤ ਕਰ ਚੁੱਕੀ ਹੈ ਕਿ ਉਸ ਲਈ ਉਥੋਂ ਉਤਰਨਾ ਆਸਾਨ ਨਹੀਂ ਪ੍ਰਤੀਤ ਹੁੰਦਾ। ਪਾਕਿਸਤਾਨ ਕਬਜ਼ੇ ਵਾਲੇ ਕਸ਼ਮੀਰ ਅਤੇ ਬਲੋਚਿਸਤਾਨ ਵਿਚ ਮਨੁੱਖੀ ਅਧਿਕਾਰਾਂ ਦੀ ਉਲੰਘਣਾ ਦੇ ਮਾਮਲੇ ਚੁੱਕ ਕੇ ਪ੍ਰਧਾਨ ਮੰਤਰੀ ਇਸ ਨੂੰ ਹੋਰ ਉਚਾਈ 'ਤੇ ਲੈ ਗਏ ਹਨ। ਸ਼ਾਇਦ ਇਸ ਦਾ ਮੌਜੂਦਾ ਕਾਰਨ ਕਸ਼ਮੀਰ ਵਿਚਲੇ ਬੇਕਾਬੂ ਹਾਲਾਤ 'ਤੇ ਪਰਦਾ ਪਾਉਣ ਦੀਆਂ ਕੋਸ਼ਿਸ਼ਾਂ ਹੋ ਰਹੀਆਂ ਹੋਣ ਤੇ ਸ਼ਾਇਦ ਰਾਸ਼ਟਰਵਾਦੀ ਮੁੱਦੇ ਨੂੰ ਹਵਾ ਦੇਣਾ ਉਨ੍ਹਾਂ ਨੂੰ ਚੋਣ ਸਿਆਸਤ ਲਈ ਵੀ ਢੁਕਵੀਂ ਲਗਦਾ ਹੋਵੇ। ਯਾਦ ਕਰੋ, 1999 ਵਿਚ ਪਹਿਲੀ ਵਾਰ ਕਾਰਗਿਲ ਯੁੱਧ ਦੌਰਾਨ ਹੀ ਸ਼ਹੀਦ ਜਵਾਨਾਂ ਦੀਆਂ ਮ੍ਰਿਤਕ ਦੇਹਾਂ ਨੂੰ ਉਨ੍ਹਾਂ ਦੇ ਜੱਦੀ ਸਥਾਨਾਂ 'ਤੇ ਪਹੁੰਚਾਉਣ ਦੀ ਪ੍ਰਕਿਰਿਆ ਸ਼ੁਰੂ ਕੀਤੀ ਗਈ ਸੀ। ਇਸ ਨਾਲ ਉਭਰੀਆਂ ਭਾਵਨਾਵਾਂ ਦੇ ਜਵਾਬ ਦਾ ਉਦੋਂ ਭਾਜਪਾ ਨੂੰ ਚੋਣਾਂ ਵਿਚ ਭਾਰੀ ਲਾਭ ਮਿਲਿਆ ਸੀ।

ਕਥਿਤ ਤੌਰ 'ਤੇ ਫ਼ੌਜ ਵਿਚ ਵੀ ਇਕ ਵੱਡੇ ਵਰਗ ਦੀ ਰਾਏ ਪੂਰੀ ਜੰਗ ਛੇੜ ਦੇਣ ਦੇ ਪੱਖ ਵਿਚ ਹੈ। ਕੁਝ ਦੁਵਿਧਾ ਸਿਰਫ਼ ਸਫ਼ਾਰਤੀ ਬਰਾਦਰੀ ਵਿਚ ਪ੍ਰਗਟਾਈ ਜਾ ਰਹੀ ਹੈ। ਅਸਲ ਵਿਚ ਪਾਕਿਸਤਾਨ ਦੀ ਫ਼ੌਜੀ ਤਿਆਰੀ ਸਾਡੇ ਮੁਕਾਬਲੇ ਘੱਟ ਹੈ ਜਾਂ ਨਹੀਂ, ਇਸ ਨਾਲੋਂ ਵੱਡਾ ਸਵਾਲ ਇਹ ਹੈ ਕਿ ਅੱਜ ਦੁਨੀਆ ਦੇ ਹਾਲਾਤ ਜਿਵੇਂ ਦੇ ਹਨ, ਉਸ ਵਿਚ ਸਾਡੇ ਵਰਗੇ ਮੁਲਕਾਂ ਲਈ ਯੁੱਧ ਵਿਚ ਜਾਣਾ ਕਿੰਨਾ ਮੁਫ਼ੀਦ ਹੈ? ਫਿਰ ਦੋਵੇਂ ਪਾਸੇ ਵਿਨਾਸ਼ਕਾਰੀ ਐਟਮੀ ਹਥਿਆਰਾਂ ਦਾ ਹੋਣਾ ਵੀ ਇਕ ਮਸਲਾ ਹੈ। ਕੁਝ ਕਥਿਤ ਫ਼ੌਜੀ ਮਾਹਰਾਂ ਦੀ ਰਾਏ ਹੈ ਕਿ ਸਾਡੇ ਕੋਲ ਜ਼ਿਆਦਾ ਵੱਡੀ ਐਟਮੀ ਤਾਕਤ ਹੈ। ਪਰ ਹਜ਼ੂਰ, ਛੋਟੇ ਐਟਮੀ ਹਥਿਆਰ ਵੀ ਸਾਡੇ ਸਰਹੱਦੀ ਇਲਾਕਿਆਂ ਲਈ ਭਿਆਨਕ ਸਿੱਧ ਹੋ ਸਕਦੇ ਹਨ।

ਯੁੱਧ ਦੇ ਹਾਲਾਤ ਵਿਚ ਚੀਨ, ਰੂਸ, ਅਮਰੀਕਾ ਵਰਗੇ ਤਾਕਤਵਰ ਮੁਲਕਾਂ ਦਾ ਕੀ ਰੁਖ਼ ਹੋਵੇਗਾ, ਇਹ ਵਿਚਾਰਨਯੋਗ ਹੈ। ਸੀਰੀਆ, ਇਰਾਕ ਦੇ ਹਾਲਾਤ ਅਤੇ ਦੁਨੀਆਭਰ ਵਿਚ ਆਈ.ਐਸ. ਦੀ ਦਹਿਸ਼ਤ ਦੇ ਪ੍ਰਛਾਵੇਂ ਤੋਂ ਇਲਾਵਾ ਵਿਸ਼ਵਵਿਆਪੀ ਅਰਥ ਵਿਵਸਥਾ ਮੰਦੀ ਦੀ ਲਪੇਟ ਵਿਚ ਫਸੀ ਹੋਈ ਹੈ, ਉਸ ਵਿਚ ਸ਼ਾਇਦ ਹੀ ਇਹ ਮੁਫ਼ੀਦ ਮੰਨਿਆ ਜਾਵੇਗਾ ਕਿ ਇਕ ਹੋਰ ਮੋਰਚਾ ਖੁੱਲ੍ਹ ਜਾਵੇ। ਸੰਭਵ ਹੈ, ਪਾਕਿਸਤਾਨ ਇਨ੍ਹਾਂ ਸਥਿਤੀਆਂ ਦਾ ਲਾਭ ਲੈ ਕੇ ਆਪਣੀਆਂ ਹਰਕਤਾਂ ਵਿਚ ਅੱਗੇ ਵੱਧ ਰਿਹਾ ਹੋਵੇ। ਉਸ ਨੂੰ ਚੀਨ ਨਾਲ ਆਪਣੀ ਵਧਦੀ ਦੋਸਤੀ ਦਾ ਵੀ ਘੁੰਮਡ ਹੋ ਸਕਦਾ ਹੈ।

ਇਹ ਅਜਿਹਾ ਚੱਕ ਹੈ ਕਿ ਸਿੱਧੀ ਜੰਗ ਦੇ ਬਦਲ 'ਤੇ ਠਹਿਰ ਕੇ ਵਿਚਾਰ ਕਰਨ ਦੀ ਜ਼ਰੂਰਤ ਹੈ। ਚੀਨ ਵੀ ਸ਼ਾਇਦ ਯੁੱਧ ਦੇ ਵਿਕਰਾਲ ਅਸਰ ਨੂੰ ਸਮਝ ਕੇ ਹੀ ਚੀਨ ਸਾਗਰ ਵਿਚ ਆਪਣੇ ਦਾਅਵੇ 'ਤੇ ਅੜਿਆ ਰਹਿ ਕੇ ਵੀ ਨਰਮ ਰਵੱਈਆ ਅਪਣਾਉਂਦਾ ਦਿਖਾਈ ਦੇ ਰਿਹਾ ਹੈ। ਉਤਰ ਕੋਰੀਆ ਦੀਆਂ ਤਮਾਮ ਗੈਰ-ਜ਼ਿੰਮੇਦਾਰਾਨਾ ਹਰਕਤਾਂ ਨੂੰ ਵੀ ਦੱਖਣੀ ਕੋਰੀਆ, ਅਮਰੀਕਾ ਤੇ ਕੁਝ ਹਦ ਤਕ ਚੀਨ ਵੀ ਨਜ਼ਰਅੰਦਾਜ਼ ਕਰਦੇ ਦਿਖ ਰਿਹਾ ਹੈ।

ਬਾਕੀ ਸਫ਼ਾ 32 'ਤੇ



Travel for Less Inc.
SPECIALIZED IN DISCOUNT FARES WORLDWIDE
ASIANA AIRLINES
A STAR ALLIANCE MEMBER
ਅਗਰ ਤੁਸੀਂ ਇੰਡਿਆ ਜਾਣ ਲਈ ਸਸਤੀਆਂ ਟਿਕਟਾਂ ਦੇ ਚਾਹਵਾਨ ਹੋ ਤਾਂ ਟਿਕਟ ਖਰੀਦਣ ਤੋਂ ਪਹਿਲਾਂ ਇੱਕ ਵਾਰ ਸਾਨੂੰ ਕਾਲ ਜ਼ਰੂਰ ਕਰੋ
ASIANA AIRLINES NOW FLIES NEW DELHI
5 TIMES A WEEK STARTING 1ST JULY 2016
BUY TRAVEL TICKETS ON WHOLESALE PRICES
CST NO : 2031914-40
O/B SFO - DEL MON/TUE/WED/FRI/SAT
I/B DEL - SFO MON/WED/THU/FRI/SUN
Serving the Bay Area Since 1996
39156-State Street,Fremont CA-94538
Email: info@travelforlessinc.com
www.letsflyhome.com
(510) 791-3300
(408) 791-2600




FINANCIAL FREEDOM
REDUCE YOUR DEBT BY UP TO 60%
ਕਰੈਡਿਟ ਕਾਰਡ ਪੇਮੈਂਟਾਂ ਨੇ ਪ੍ਰੇਸ਼ਾਨ ਕੀਤਾ ਹੈ?
✓ ਆਪਣੇ ਕਰਜ਼ੇ ਨੂੰ 60% ਤੱਕ ਮੁਆਫ਼ ਕਰਾਓ
✓ BANKRUPTCY ਤੋਂ ਬਚੋ ✓ COLLECTION CALLS ਨੂੰ ਰੋਕੋ
ਕੋਈ ਫੀਸ ਨਹੀਂ
ਜਦੋਂ ਤੱਕ ਤੁਹਾਡਾ ਕਰਜ਼ਾ ਮੁਆਫ਼ ਨਹੀਂ ਹੋ ਜਾਂਦਾ
WE WORK IN ALL 50 STATES & CANADA
ਅੱਜ ਹੀ ਸਾਨੂੰ ਕਾਲ ਕਰੋ!
1.888.888.9914
ooraa

ਦੇਗ ਤੇਗ ਫ਼ਤਹਿ

ਪੰਥ ਕੀ ਜੀਤ

ਸੁਲ਼ਗ ਉਠੇਗਾ ਯੇ ਮਕਤਲ ਪਿਘਲ ਜਾਏਗੀ ਯੇ ਜੰਜੀਰੇਂ,
ਅਭੀ ਵਾਕਿਫ਼ ਨਹੀਂ ਹੋ ਤੁਮ ਗਰਮੀਏਂ ਖ਼ੂਨਿ ਸ਼ਹੀਦੋਂ ਸੇ ।।

# ਗੁਰਦੁਆਰਾ ਸਾਹਿਬ ਫਰੀਮਾਂਟ, ਕੈਲੀਫੋਰਨੀਆ

300 ਗੁਰਦੁਆਰਾ ਰੋਡ ਫਰੀਮਾਂਟ ਕੈਲੀਫੋਰਨੀਆ-94536



## ਵਿਖੇ ਸ਼ਹੀਦਾਂ ਦੀ ਯਾਦ ਵਿੱਚ

# ਮਹਾਨ ਸ਼ਹੀਦੀ ਸਮਾਗਮ

## 9 ਅਕਤੂਬਰ 2016 ਦਿਨ ਐਤਵਾਰ

ਨੂੰ ਮਨਾਇਆ ਜਾ ਰਿਹਾ ਹੈ, ਜਿਸ ਵਿਚ ਆਪ ਸਭ ਨੂੰ
ਹੁੰਮ-ਹੁੰਮਾ ਕੇ ਪਹੁੰਚਣ ਦੀ ਬੇਨਤੀ ਕੀਤੀ ਜਾਂਦੀ ਹੈ।

**ਵਾਹਿਗੁਰੂ ਜੀ ਕਾ ਖਾਲਸਾ, ਵਾਹਿਗੁਰੂ ਕੀ ਕੀ ਫ਼ਤਿਹ**

ਸ੍ਰੀ ਦਰਬਾਰ ਸਾਹਿਬ ਉਤੇ ਹਮਲਾ, ਸ੍ਰੀ ਅਕਾਲ ਤਖ਼ਤ ਸਾਹਿਬ ਨੂੰ ਢਹਿ ਢੇਰੀ ਕਰਨ ਵਾਲੇ ਹਜ਼ਾਰਾਂ ਨਿਰਦੋਸ਼ ਸਿੱਖਾਂ ਦੇ ਕਤਲਾਂ ਦੇ ਜਿੰਹਿੰਦੋਸਤਾਨੀ ਫੌਜ ਦੇ ਜਨਰਲ ਅਰੁਨ ਕੁਮਾਰ ਵੈਦਿਆਂ ਨੂੰ ਸੋਧ ਕੇ ਸਿੱਖ ਕੌਮ ਸਿਰ ਚਾੜ੍ਹੀ ਦਿੱਲੀ ਦੀ ਭਾਜੀ ਨੂੰ ਮੋੜ ਕੇ, ਸਿੱਖ ਸਿਧਾਂਤਾਂ ਉੱਤੇ ਪਹਿਰਾ ਦਿੰਦਿਆਂ, ਹੱਸ ਹੱਸ ਕੇ ਫਾਂਸੀ ਦੇ ਰੱਸੇ ਚੁੰਮਣ ਵਾਲੇ ਅਣਖੀਲੇ ਸੁਰਬੀਰ ਯੋਧੇ ਭਾਈ ਹਰਜਿੰਦਰ ਸਿੰਘ ਜਿੰਦਾ ਅਤੇ ਭਾਈ ਸੁਖਦੇਵ ਸਿੰਘ ਸੁੱਖਾ 9 ਅਕਤੂਬਰ 1992 ਨੂੰ ਸ਼ਹਾਦਤ ਦਾ ਜਾਮ ਪੀ ਗਏ।ਇਨ੍ਹਾਂ ਮਹਾਨ ਸ਼ਹੀਦਾਂ ਨੂੰ ਸਿਜਦਾ ਕਰਨ ਲਈ 9 ਅਕਤੂਬਰ 2016 ਦਿਨ ਐਤਵਾਰ ਨੂੰ ਗੁਰਦੁਆਰਾ ਸਾਹਿਬ ਫ਼ਰੀਮਾਂਟ ਵਿਖੇ ਸ਼ਹੀਦੀ ਸਮਾਗਮ ਕਰਵਾਇਆ ਜਾ ਰਿਹਾ ਹੈ। ਜਿਸ ਵਿਚ ਪ੍ਰਸਿੱਧ ਕੀਰਤਨੀਏ, ਕਥਾ ਵਾਚਕ, ਢਾਡੀ ਅਤੇ ਪੰਥਕ ਬੁਲਾਰੇ ਸ਼ਹੀਦਾਂ ਨੂੰ ਸ਼ਰਧਾਂਜਲੀ ਅਰਪਿਤ ਕਰਨਗੇ।ਸਮੂਹ ਸਿੱਖ ਸੰਗਤਾਂ, ਪੰਥਕ ਜਥੇਬੰਦੀਆਂ ਨੂੰ ਬੇਨਤੀ ਹੈ ਕਿ ਇਸ ਸ਼ਹੀਦੀ ਸਮਾਗਮ ਵਿਚ ਵੱਧ ਚੜ੍ਹ ਕੇ ਹਾਜ਼ਰੀ ਭਰ ਕੇ ਇਨ੍ਹਾਂ ਸੂਰਬੀਰਾਂ ਦੀ ਸੋਚ ਤੇ ਪਹਿਰਾ ਦਿੰਦਿਆਂ ਹੋਇਆਂ, ਇਨ੍ਹਾਂ ਦੇ ਅਧੂਰੇ ਸੁਪਨਿਆਂ ਨੂੰ ਪੂਰਾ ਕਰਨ ਦਾ ਯਤਨ ਕਰੀਏ।

## ਆਰੰਭ ਸ੍ਰੀ ਅਖੰਡ ਪਾਠ ਸਾਹਿਬ

07 ਅਕਤੂਬਰ 2016 ਦਿਨ ਸ਼ੁੱਕਰਵਾਰ

## ਭੋਗ ਸ੍ਰੀ ਅਖੰਡ ਪਾਠ ਸਾਹਿਬ

09 ਅਕਤੂਬਰ 2016 ਦਿਨ ਐਤਵਾਰ

ਉਪਰੰਤ ਵਿਸ਼ੇਸ਼ ਦੀਵਾਨ ਸਜਾਏ ਜਾਣਗੇ।

ਸ੍ਰੀ ਅਖੰਡ ਪਾਠ ਦੀ ਸੇਵਾ ਜਥੇਦਾਰ ਗੁਰਦੇਵ ਸਿੰਘ ਵੱਲੋਂ ਹੋ ਰਹੀ ਹੈ।
ਉਹ ਇਹ ਸੇਵਾ ਪਿਛਲੇ 20 ਸਾਲਾਂ ਤੋਂ ਕਰ ਰਹੇ ਹਨ।



ਸ਼ਹੀਦ ਭਾਈ ਸੁਖਦੇਵ ਸਿੰਘ ਸੁੱਖਾ ਅਤੇ ਸ਼ਹੀਦ ਭਾਈ ਹਰਜਿੰਦਰ ਸਿੰਘ ਜਿੰਦਾ

ਵਧੇਰੇ ਜਾਣਕਾਰੀ ਲਈ ਸੰਪਰਕ ਕਰੋ

**ਗੁਰਦੁਆਰਾ ਸਾਹਿਬ ਫ਼ਰੀਮਾਂਟ, ਕੈਲੀਫੋਰਨੀਆ 510-790-0177**



# ਝੱਖੜ ਕਾਰਨ 81 ਫੁੱਟ ਉੱਚਾ ਖੰਡਾ ਡਿੱਗਿਆ

**ਸ੍ਰੀ ਆਨੰਦਪੁਰ ਸਾਹਿਬ/ਬਿਊਰੋ ਨਿਊਜ਼ :** ਖਾਲਸਾ ਪੰਥ ਦੇ ਜਨਮ ਅਸਥਾਨ ਸ੍ਰੀ ਆਨੰਦਪੁਰ ਸਾਹਿਬ ਦੇ 350 ਸਾਲਾ ਸਥਾਪਨਾ ਦਿਵਸ ਮੌਕੇ ਪਿਛਲੇ ਸਾਲ ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਵੱਲੋਂ ਵਿਸ਼ਵ ਭਰ ਦੀ ਸੰਗਤ ਨੂੰ ਸਮਰਪਿਤ ਕੀਤਾ ਗਿਆ 81 ਫੁੱਟ ਉੱਚਾ ਖੰਡਾ ਟੇਢਾ ਹੋਣ ਤੋਂ ਬਾਅਦ ਤੇਜ਼ ਹਨੇਰੀ ਤੇ ਝੱਖੜ ਦੀ ਮਾਰ ਨਾ ਸਹਾਰਦਿਆਂ ਡਿੱਗ ਗਿਆ। ਸਥਾਨਕ ਲੋਕਾਂ ਤੇ ਸੰਗਤਾਂ ਨੇ ਮਾਹਰਾਂ ਦੀ ਚੇਤਾਵਨੀ ਨੂੰ ਨਜ਼ਰਅੰਦਾਜ਼ ਕਰਨ ਵਾਲੇ ਪ੍ਰਬੰਧਕਾਂ ਖ਼ਿਲਾਫ਼ ਕਾਰਵਾਈ ਦੀ ਮੰਗ ਕੀਤੀ ਹੈ। ਇਸ ਘਟਨਾ ਕਾਰਨ ਸੰਗਤਾਂ ਵਿੱਚ ਰੋਸ ਹੈ। ਉਧਰ ਤਖ਼ਤ ਸ੍ਰੀ ਕੇਸਗੜ੍ਹ ਦੇ ਮੈਨੇਜਰ ਮੁਖ਼ਤਿਆਰ ਸਿੰਘ ਨੇ ਕਿਹਾ ਕਿ ਸੰਤਾਂ ਦੇ ਸਹਿਯੋਗ ਨਾਲ ਖੰਡੇ ਨੂੰ ਜਲਦੀ ਹੀ ਮੁੜ ਖੜ੍ਹਾ ਕੀਤਾ ਜਾਵੇਗਾ।

ਜਾਣਕਾਰੀ ਅਨੁਸਾਰ ਪਿਛਲੇ ਸਾਲ 17 ਜੂਨ ਨੂੰ ਇਥੋਂ ਦੇ ਪੰਜ ਪਿਆਰਾ ਪਾਰਕ ਵਿੱਚ ਕਾਰ ਸੇਵਾ ਵਾਲੇ ਸੰਤਾਂ ਦੇ ਸਹਿਯੋਗ ਨਾਲ 81 ਫੁੱਟ ਉੱਚਾ ਖੰਡਾ ਸਥਾਪਤ ਕੀਤਾ ਗਿਆ ਸੀ। ਪਰ ਸਥਾਪਤੀ ਤੋਂ ਕੁਝ ਚਿਰ ਬਾਅਦ ਹੀ ਇਸ ਖੰਡੇ ਦਾ ਸਟੇਨਲੈੱਸ ਸਟੀਲ ਦਾ ਢਾਂਚਾ ਟੇਢਾ ਹੋਣ ਕਰਕੇ ਮਹਿਜ਼ ਇੱਕ ਸਾਲ ਵਿੱਚ ਹੀ ਆਪਣੀ ਥਾਂ ਤੋਂ ਹਿੱਲਣ ਲੱਗਾ। ਮਾਹਰਾਂ ਦਾ ਮੰਨਣਾ ਸੀ ਕਿ ਜੇ ਸਮਾਂ ਰਹਿੰਦਿਆਂ ਇਸ ਢਾਂਚੇ ਨੂੰ ਸਿੱਧਾ ਨਾ ਕੀਤਾ ਗਿਆ ਜਾਂ ਇਸ ਦਾ ਕੋਈ ਢੁੱਕਵਾਂ ਹੱਲ ਨਾ ਕੱਢਿਆ ਗਿਆ ਤਾਂ ਟੇਢਾ ਹੋ ਚੁੱਕਾ ਖੰਡੇ ਦਾ ਪਿੱਲਰ ਤੇਜ਼ ਹਨੇਰੀ ਜਾਂ ਹਵਾ ਦੇ ਦਬਾਅ ਨਾਲ ਕਿਸੇ ਵੇਲੇ ਵੀ ਡਿੱਗ ਸਕਦਾ ਹੈ। ਮਾਹਰਾਂ ਨੇ ਜਾਨੀ ਜਾਂ ਮਾਲੀ ਨੁਕਸਾਨ ਹੋਣ ਦਾ ਖ਼ਦਸ਼ਾ ਵੀ ਪ੍ਰਗਟਾਇਆ ਸੀ। ਪਰ ਸਿੱਖ ਕੌਮ ਦੀ ਚੜ੍ਹਦੀਕਲਾ ਦੇ ਪ੍ਰਤੀਕ ਇਸ ਖੰਡੇ ਦੇ ਜੁਲਾਈ ਮਹੀਨੇ ਵਿੱਚ ਟੇਢਾ ਹੋਣ ਤੋਂ ਬਾਅਦ ਨਾ ਤਾਂ ਪ੍ਰਸ਼ਾਸਨ ਅਤੇ ਨਾ ਹੀ ਇਸ ਖੰਡੇ ਨੂੰ ਸਥਾਪਤ ਕਰਨ ਵਾਲੇ ਸੰਤਾਂ ਨੇ ਇਸ ਪਾਸੇ ਕੋਈ ਧਿਆਨ ਧਰਿਆ। ਹਾਲਾਂਕਿ ਜਦੋਂ ਸੰਤਾਂ ਵੱਲੋਂ ਇਹ ਖੰਡਾ ਲਗਾਇਆ ਜਾ ਰਿਹਾ ਸੀ ਉਦੋਂ ਇਹ ਸਾਰਾ ਅਮਲ ਸ਼੍ਰੋਮਣੀ ਕਮੇਟੀ ਦੇ ਅਧਿਕਾਰੀਆਂ

ਬਾਕੀ ਸਫ਼ਾ 32 'ਤੇ

# ਪੰਜਾਬ ਦੇ ਕਿਸਾਨਾਂ ਲਈ ਦੌੜ ਰਹੀ ਹੈ ਤਰਨਦੀਪ ਕੌਰ



**ਲੰਡਨ/ਬਿਊਰੋ ਨਿਊਜ਼:** ਸਿੰਗਾਪੁਰ ਵਿਚ ਜਨਮੀ ਅਤੇ ਸਪੇਨ ਵਿਚ ਉੱਚ ਸਿੱਖਿਆ ਹਾਸਿਲ ਕਰਨ ਵਾਲੀ ਇੱਕ ਸਿੱਖ ਮੁਟਿਆਰ ਪੰਜਾਬ ਦੇ ਆਰਥਿਕ ਤੌਰ 'ਤੇ ਟੁੱਟੇ ਕਿਸਾਨ ਪਰਿਵਾਰਾਂ ਦੀ ਮਦਦ ਲਈ ਫ਼ੰਡ ਇਕੱਠਾ ਕਰਨ ਲਈ ਅਪਣੇ ਹੀ ਢੰਗ ਨਾਲ ਯਤਨਸ਼ੀਲ ਹੈ। ਬਰਤਾਨੀਆ ਵਿਚ ਰਹਿਣ ਵਾਲੀ ਤਰਨਦੀਪ ਕੌਰ ਨੇ ਪੰਜਾਬ ਦੇ ਸੰਕਟਗ੍ਰਸਤ ਕਿਸਾਨਾਂ ਦੀ ਮਦਦ ਲਈ ਬਰਲਿਨ ਵਿਚ ਹੋਣ ਵਾਲੀ 42 ਕਿੱਲੋਮੀਟਰ ਮੈਰਾਥਨ ਵਿਚ ਹਿੱਸਾ ਲਿਆ। ਇਸ ਉੱਦਮੀ ਕੁੜੀ ਦਾ ਪਰਿਵਾਰਕ ਪਿਛੋਕੜ ਪੰਜਾਬ ਦੇ ਅੰਮ੍ਰਿਤਸਰ ਜਿਲ੍ਹੇ ਵਿਚ ਪੈਂਦੇ ਇੱਕ ਪਿੰਡ ਨਾਲ ਸਬੰਧਿਤ ਹੈ।

ਤਰਨਦੀਪ ਕੌਰ ਪੰਜਾਬ ਦੇ ਕਿਸਾਨਾਂ ਵੱਲੋਂ ਆਰਥਿਕ ਤੰਗੀ ਦੇ ਕਾਰਨ ਖ਼ੁਦਕੁਸ਼ੀ ਕਰਨ ਦੀਆਂ ਘਟਨਾਵਾਂ ਤੋਂ ਬੇਹੱਦ ਦੁਖੀ ਹੈ। ਉਹ ਇਸ ਦੌੜ ਦੌਰਾਨ ਇਕੱਠੇ ਹੋਏ ਫ਼ੰਡ ਨਾਲ ਕਿਸਾਨਾਂ ਦੀ ਮਦਦ ਕਰਨ ਦੀ ਇੱਛਾ ਰੱਖਦੀ ਹੈ। ਤਰਨਦੀਪ ਕੌਰ ਹੁਣ ਤੱਕ ਕਿਸਾਨਾਂ ਦੀ ਮਦਦ ਲਈ 2000 ਪੌਂਡ ਤੱਕ ਇਕੱਠਾ ਕਰ ਚੁੱਕੀ ਹੈ। ਉਸਦਾ ਦਾ ਟੀਚਾ 3000 ਪੌਂਡ ਇਕੱਠੇ ਕਰਨ ਦਾ ਹੈ।

# ਪਾਕਿਸਤਾਨੀ ਸੰਸਦ 'ਚ ਹਿੰਦੂ ਵਿਆਹ ਬਿਲ ਪਾਸ

**ਇਸਲਾਮਾਬਾਦ/ਬਿਊਰੋ ਨਿਊਜ਼ :** ਪਾਕਿਸਤਾਨ ਦੀ ਸੰਸਦ ਨੇ ਇਤਿਹਾਸਕ ਕਦਮ ਚੁਕਦਿਆਂ ਲੰਬੇ ਸਮੇਂ ਤੋਂ ਬਕਾਇਆ ਪਏ ਹਿੰਦੂ ਵਿਆਹ ਬਿਲ ਨੂੰ ਪਾਸ ਕਰ ਦਿੱਤਾ ਹੈ। ਇਸ ਨਾਲ ਘੱਟ ਗਿਣਤੀ ਹਿੰਦੂ ਭਾਈਚਾਰੇ ਦੇ ਵਿਆਹ ਹੁਣ ਰਜਿਸਟਰ ਹੋ ਸਕਣਗੇ ਅਤੇ ਉਨ੍ਹਾਂ ਨੂੰ ਕਾਨੂੰਨੀ ਮਾਨਤਾ ਮਿਲੇਗੀ। ਜ਼ਿਕਰਯੋਗ ਹੈ ਕਿ ਨੈਸ਼ਨਲ ਅਸੈਂਬਲੀ ਨੇ 10 ਮਹੀਨਿਆਂ ਦੇ ਵਕਫ਼ੇ ਮਗਰੋਂ ਬਿਲ ਨੂੰ ਪਾਸ ਕੀਤਾ ਹੈ। ਹੁਣ ਬਿਲ ਨੂੰ ਪ੍ਰਵਾਨਗੀ ਲਈ ਸੈਨੇਟ ਕੋਲ ਭੇਜਿਆ ਜਾਵੇਗਾ ਜਿਥੇ ਇਸ ਦੇ ਬਿਲਾਂ ਕਿਸੇ ਦੇਰੀ ਦੇ ਪਾਸ ਹੋਣ ਦੀ ਪੂਰੀ ਸੰਭਾਵਨਾ ਹੈ। ਮਨੁੱਖੀ ਹੱਕਾਂ ਬਾਰੇ ਮੰਤਰੀ ਕਾਮਰਾਨ ਮਾਈਕਲ ਨੇ ਸੋਮਵਾਰ ਨੂੰ ਬਿੱਲ ਨੂੰ ਨੈਸ਼ਨਲ ਅਸੈਂਬਲੀ ਵਿਚ ਪੇਸ਼ ਕੀਤਾ ਸੀ ਜਿਸ ਨੂੰ ਪਾਸ ਕਰ ਦਿੱਤਾ ਗਿਆ। 'ਦਿ ਨੇਸ਼ਨ' ਅਖ਼ਬਾਰ ਮੁਤਾਬਕ ਬਿਲ ਵਿਚ ਹਿੰਦੂਆਂ ਦੇ ਵਿਆਹ ਕਰਨ ਦੀ ਘੱਟੋ ਘੱਟ ਉਮਰ 18 ਸਾਲ ਰੱਖੀ ਗਈ ਹੈ। ਇਸ ਦੀ ਤੌਹੀਨ ਕਰਨ 'ਤੇ ਛੇ ਮਹੀਨਿਆਂ ਦੀ ਜੇਲ੍ਹ ਅਤੇ ਪੰਜ ਹਜ਼ਾਰ ਰੁਪਏ ਜੁਰਮਾਨਾ ਭੁਗਤਣਾ ਪਏਗਾ। ਵਿਧਵਾਵਾਂ ਪਤੀ ਦੀ ਮੌਤ ਦੇ ਛੇ ਮਹੀਨਿਆਂ ਬਾਅਦ ਵਿਆਹ ਕਰਵਾ ਸਕਦੀਆਂ ਹਨ। ਹਿੰਦੂਆਂ ਨੂੰ ਤਲਾਕ ਦਾ ਅਧਿਕਾਰ ਵੀ ਦਿੱਤਾ ਗਿਆ ਹੈ।



# ਇੰਡੋ-ਅਮਰੀਕਨ ਕਲਚਰਲ ਆਰਗੇਨਾਈਜੇਸ਼ਨ, ਕੈਲੀਫੋਰਨੀਆ

ਹਿੰਦ ਵਾਸੀਓ ਰੱਖਣਾ ਯਾਦ ਸਾਨੂੰ, ਕਿਤੇ ਦਿਲਾਂ ਤੋਂ ਨਾ ਭੁਲਾ ਜਾਣਾ।
ਖਾਤਰ ਵਤਨ ਦੀ ਲੱਗੇ ਹਾਂ ਚੜ੍ਹਨ ਫਾਂਸੀ, ਸਾਨੂੰ ਵੇਖ ਕੇ ਨਾ ਘਬਰਾ ਜਾਣਾ।

## ਪਹਿਲੇ ਲਾਹੌਰ ਸਾਜ਼ਿਸ਼ ਕੇਸ ਦੇ ਮਹਾਨ ਸੂਰਬੀਰ ਸ਼ਹੀਦਾਂ ਦੇ ਸ਼ਤਾਬਦੀ ਵਰ੍ਹੇ ਨੂੰ ਸਮਰਪਿਤ

# ਮੇਲਾ ਗਦਰੀ ਬਾਬਿਆਂ ਦਾ



ਰੰਗਾ ਸਿੰਘ | ਬੀਰ ਸਿੰਘ ਉਰਫ ਰੋਡਾ ਸਿੰਘ | ਉੱਤਮ ਸਿੰਘ | ਰੂੜ ਸਿੰਘ | ਈਸ਼ਰ ਸਿੰਘ | ਪ੍ਰੇਮ ਸਿੰਘ ਸੁਰਸਿੰਗ | ਇੰਦਰ ਸਿੰਘ ਪਾਧਰੀ

## ਐਤਵਾਰ, 2 ਅਕਤੂਬਰ, 2016
(ਦੁਪਹਿਰ 12 ਤੋਂ ਰਾਤ 8 ਵਜੇ ਤੱਕ)

## ਸਥਾਨ: ਐਸ.ਈ.ਐਸ. ਹਾਲ
10428 ਈਸਟ ਸਟਾਕਟਨ ਬੁਲੇਵਾਰਡ, ਐਲਕਗਰੋਵ,
ਸੈਕਰਾਮੈਂਟੋ, ਕੈਲੇਫੋਰਨੀਆ-95624

ਤੇਗੋਂ ਕੇ ਸਾਏ ਮੇਂ ਪਲ ਕਰ ਜਵਾਨ ਹੂਏ ਹੈਂ, ਇਕ ਖੇਲ ਜਾਣਤੇ ਹੈ ਫਾਂਸੀ ਪੇ ਝੂਲ ਜਾਣਾ।



ਮਾਣਕ ਈ

ਸਤਿਕਾਰਯੋਗ ਭੈਣੋ ਤੇ ਭਰਾਓ,

2016 ਦਾ ਵਰ੍ਹਾ ਗਦਰ ਪਾਰਟੀ ਦੇ ਉਨ੍ਹਾਂ ਸੂਰਮਿਆਂ ਨੂੰ ਸ਼ਰਧਾ ਦੇ ਫੁੱਲ ਭੇਟ ਕਰਨ ਦਾ ਸ਼ਤਾਬਦੀ ਵਰ੍ਹਾ ਹੈ, ਜਿਨ੍ਹਾਂ ਦੇਸ਼ ਦੀ ਆਜ਼ਾਦੀ ਲਈ ਹੱਸ ਹੱਸ ਫਾਂਸੀ ਦੇ ਰੱਸੇ ਚੁੰਮੇ, ਤਸ਼ੱਦਦ ਸਹੇ, ਕੈਦਾਂ ਕੱਟੀਆਂ ਅਤੇ ਕਾਲੇ ਪਾਣੀ ਦੇ ਕੁੰਭੀ ਨਰਕ ਭੋਗੇ, ਜਾਇਦਾਦਾਂ ਜ਼ਬਤ ਕਰਵਾਈਆਂ। ਇਨ੍ਹਾਂ ਦੀਆਂ ਕੁਰਬਾਨੀਆਂ ਨੇ ਭਾਰਤੀ ਉੱਪ ਮਹਾਂਦੀਪ ਦੇ ਲੋਕਾਂ ਦੇ ਮਨਾਂ ਵਿੱਚ ਆਜ਼ਾਦੀ ਲਈ ਤੜਪ ਪੈਦਾ ਕੀਤੀ। ਹੋਰ ਕੌਮੀ ਲਹਿਰਾਂ ਨੂੰ ਜਨਮ ਦਿੱਤਾ। ਸਾਰੀਆਂ ਭਰਾਤਰੀ ਤੇ ਸਮਾਜਿਕ ਜਥੇਬੰਦੀਆਂ ਨੂੰ ਬੇਨਤੀ ਹੈ ਕਿ ਆਓ ਸਾਰੇ ਰਲ ਕੇ ਇਨ੍ਹਾਂ ਮਹਾਨ ਸੂਰਬੀਰਾਂ ਨੂੰ ਸ਼ਰਧਾ ਦੇ ਫੁੱਲ ਭੇਟ ਕਰੀਏ।

**ਯੂਨੀਵਰਸਿਟੀ ਦੇ ਵਿਦਿਆਰਥੀਆਂ ਦੀਆਂ ਗਿੱਧੇ ਤੇ ਭੰਗੜੇ ਦੀਆਂ ਟੀਮਾਂ ਉਚੇਚੇ ਤੌਰ ਤੇ ਸ਼ਾਮਲ ਹੋਣਗੀਆਂ।**

**ਪਹੁੰਚ ਰਹੇ ਕਲਾਕਾਰ-ਮੁੱਖ ਗਾਇਕ ਮਾਣਕ ਈ**
ਪੂਨਮ ਮਲਹੋਤਰਾ, ਜੀਵਨ ਰੱਤੂ, ਪੰਮੀ ਮਾਨ,
ਗੁਰਨਾਮ ਸਿੰਘ ਭੰਡਾਲ ਦਾ ਢਾਡੀ ਜਥਾ

**ਪੁੱਜ ਰਹੀਆਂ ਸਖਸ਼ੀਅਤਾਂ**
ਕਿਰਪਾਲ ਸਿੰਘ ਸੰਧੂ, ਜਗਦੀਸ਼ ਸਿੰਘ ਖੰਗੂੜਾ,
ਦਲਵਿੰਦਰ ਸਿੰਹ ਧੂਤ, ਬੀਬੀ ਕਰਨੈਲ ਕੌਰ ਈਸੜੂ।

**ਗਦਰੀ ਸੂਰਬੀਰਾਂ ਦੀਆਂ ਤਸਵੀਰਾਂ ਦੀ ਪ੍ਰਦਰਸ਼ਨੀ ਲਾਈ ਜਾਵੇਗੀ।**
**ਖਾਣਾ, ਪਾਰਕਿੰਗ ਤੇ ਦਾਖਲਾ ਮੁਫ਼ਤ**

| | | | | | |
|---|---|---|---|---|---|
| ਪ੍ਰਧਾਨ: ਸੁਰਿੰਦਰ ਸਿੰਘ ਬਿੰਦਰਾ | ਸਕੱਤਰ: ਐਸ ਐਸ ਸਿੱਧੂ | ਖਜ਼ਾਨਚੀ: ਕਰਮਜੀਤ ਸਿੰਘ ਕੰਗ | ਸਮਿਤਰ ਸਿੰਘ ਉਪਲ | ਬਲਜਿੰਦਰ ਸਿੰਘ ਭੱਟੀ | ਬਲਵੰਤ ਬਾਂਕਾ |
| 916-420-2390 | 661-302-5611 | 661-205-5214 | 530-695-1716 | 209-480-2275 | 916-271-4216 |

**ਪ੍ਰਬੰਧਕ:** ਜਰਨੈਲ ਸਿੰਘ ਸਰਪੰਚ, ਗਿਆਨ ਸਿੰਘ ਬਿਲਗਾ, ਕਸ਼ਮੀਰ ਸਿੰਘ ਕਾਂਗਣਾ, ਜਗਜੀਤ ਸਿੰਘ ਗਿੱਲ, ਹਰਪਾਲ ਸਿੰਘ ਸੰਘਾ, ਮਲਕੀਅਤ ਬੈਂਸ, ਸੁਰਿੰਦਰ ਸਿੰਘ ਗਿੱਲ, ਅਮਰਜੀਤ ਸਿੰਘ ਰਾਏ, ਪ੍ਰਿਤਪਾਲ ਸਿੰਘ ਭੋਗਲ, ਪਰਮਜੀਤ ਸਿੰਘ ਸੰਧੂ, ਕਮਲ ਬੰਗਾ, ਬਲਵਿੰਦਰ ਸੰਧੂ ਲੈਥਰੋਪ, ਜੁਝਾਰ ਗਿੱਲ, ਅਵਤਾਰ ਸਿੰਘ ਢੇਡ, ਸਤਵਿੰਦਰ ਸਿੰਘ ਬਾਠ, ਹਰਪ੍ਰੀਤ ਢਿੱਲੋਂ, ਸੁਰਿੰਦਰ ਸਿੰਘ, ਰਾਕੇਸ਼ ਬੈਂਸ, ਸਵਿੰਦਰ ਸਿੰਘ ਭਾਰਟਾ, ਫਰੈਂਕ ਜੋਹਨਸਨ, ਜਸਵਿੰਦਰ ਸੰਧੂ, ਪਰਮਪ੍ਰੀਤ ਬਿੰਦਰਾ, ਹਰਪ੍ਰੀਤ ਗਿੱਲ।

ਡਾ. ਗੁਰਪ੍ਰੀਤ ਸਿੰਘ ਗਿੱਲ, ਡਾ. ਯਾਦਵਿੰਦਰ ਸਿੰਘ ਕੰਗ ਦੀ ਟੀਮ ਮੁਫਤ ਮੈਡੀਕਲ ਕੈਂਪ ਲਾਵੇਗੀ।

**ਸਪਾਂਸਰ:** ਗੁਰਚਰਨ ਸਿੰਘ ਰੱਕੜ, ਜਗਦੀਸ਼ ਖੰਗੂੜਾ, ਦਲਵਿੰਦਰ ਸਿੰਘ ਧੂਤ, ਮਲਕੀਅਤ ਬੋਪਾਰਾਏ, ਸਿਕੰਦਰ ਸਿੰਘ ਜੱਸੜ, ਗੁਰਚਰਨ ਸਿੰਘ ਬੈਂਸ, ਇੰਡਸ ਵੈਲੀ ਚੈਂਬਰ ਆਫ਼ ਕਾਮਰਸ ਸੈਕਰਾਮੈਂਟੋ, ਪੰਜਾਬੀ ਕਲਚਰਲ ਸੁਸਾਇਟੀ ਸੈਕਰਾਮੈਂਟੋ, ਯੂਨਾਈਟਿਡ ਸਪੋਰਟਸ ਕਲੱਬ (ਅਮੋਲਕ ਸਿੰਘ ਗਾਖਲ-ਚੇਅਰਮੈਨ, ਬਲਵੀਰ ਸਿੰਘ ਭਾਟੀਆ-ਪ੍ਰਧਾਨ), ਸ਼ਹੀਦ ਬਾਬਾ ਦੀਪ ਸਿੰਘ ਸਪੋਰਟਸ ਅਕੈਡਮੀ, ਅੰਮ੍ਰਿਤਪਾਲ ਪਠਲਾਵਾ, ਕੇਵਲ ਬੋਲੀਨਾ, ਸੁਖਚੈਨ ਸਿੰਘ, ਰਵਿੰਦਰ ਐਂਡ ਰਾਜਾ ਆਟੋ ਸ਼ਾਪ ਬੇ-ਏਰੀਆ, ਪਰਮਿੰਦਰ ਸਿੰਘ ਵਿਰਕ, ਹਰਿਆਣਾ ਅਮੈਰਿਕਨ ਐਸੋਸੀਏਸ਼ਨ-ਕੈਲੀਫਿਰਨੀਆ, ਏਂਜਲ ਲਿਮੋਜ਼ੀਨ ਕਾਸਤਰੋ ਵੈਲੀ, ਅਮਰੀਕ ਸਿੰਘ ਕਾਲਕਟ, ਗੁਰਮੁਖ ਸਿੰਘ ਸੰਧੂ, ਰਛਪਾਲ ਸਿੰਘ ਫਰਵਾਲਾ, ਜੋਗਾ ਸਿੰਘ ਅੰਜਲਾ, ਵਿਨੋਦ ਕੰਬੋਜ, ਬੰਤ ਕੰਦੋਲਾ, ਸੁਖਦੇਵ ਲੰਬੜ, ਐਸ.ਪੀ. ਸਿੰਘ, ਗੁਰਦੀਪ ਦੀਪੀ, ਇੰਦਰਜੀਤ ਸਿੰਘ, ਸੇਵਾ ਸਿੰਘ, ਪਰਮਜੀਤ ਦਿਓਲ, ਸੰਤੋਖ ਸੰਧੂ, ਜੈਕ ਅਤੇ ਪਾਲ ਰਾਮ, ਬਲਵਿੰਦਰ ਸਿੰਘ, ਜੋਗਾ ਸਿੰਘ, ਪਰਮਜੀਤ ਸਿੰਘ, ਨੋਰਕਾਲ ਸਕਿਊਰਿਟੀ-ਨਰਿੰਦਰਪਾਲ ਸਿੰਘ ਹੁੰਦਲ, ਜਸਬੀਰ ਕੂਲਾਰ, ਪਿਆਰਾ ਸਿੰਘ ਗੋਸਲ, ਮਾਈਕ ਸਿੰਘ ਯੂਬਾ ਸਿਟੀ, ਪੰਜਾਬ ਇੰਸ਼ੋਰੈਂਸ ਐਂਡ ਇਮੀਗਰੇਸ਼ਨ, ਰਾਜੂ ਭਗਵੰਤ, ਬਿੰਦਰ, ਮਨਦੀਪ ਸਿੰਘ, ਡਾ. ਉਂਕਾਰ ਸਿੰਘ ਬਿੰਦਰਾ, ਹਰਜੀਤ ਸਿੰਘ ਤੇ ਉਂਕਾਰ ਸਿੰਘ, ਓਮਨੀ ਵੀਡੀਓ, ਜਸਵਿੰਦਰ ਬੋਪਾਰਾਏ, ਸਿੰਘ ਟਾਇਰ, ਸੰਨੀ ਦਿਓਲ, ਚਰਨ ਬਡਵਾਲ, ਜਸਵੀਰ ਰੰਧਾਵਾ, ਬਗੀਚਾ ਸਿੰਘ, ਪਰਮਜੀਤ ਖੇਲਾ, ਕਾਲਕਟ ਬ੍ਰਦਰਜ਼, ਮੱਖਣ ਸਿੰਘ, ਸਰਹੱਦੀ ਫੈਮਿਲੀ, ਮਾਸਟਰ ਦਿਲਬਾਗ ਸਿੰਘ, ਪੰਜਾਬੀ ਵਿਰਸਾ ਸੰਭਾਲ ਸੁਸਾਇਟੀ, ਪੰਜਾਬੀ ਸਾਹਿਤ ਸਭਾ ਸੈਕਰਾਮੈਂਟੋ, ਅਜਮੇਰ ਸਿੰਘ ਭੋਗਲ, ਡਾ. ਯਾਦਵਿੰਦਰ ਸਿੰਘ ਕੰਗ, ਡਾ. ਸੁਖਦੀਪ ਸਿੰਘ ਸੰਧੂ ਅਤੇ ਪਰਿਵਾਰ, ਸ਼ਿੰਗਾਰਾ ਰਾਮ, ਸੰਨੀ, ਕੇਹਰ ਸਿੰਘ ਸੰਧੂ, ਪਰਗਨ ਸਿੰਘ ਬੈਂਸ, ਅਸ਼ੋਕ ਰਾਏ, ਅਵਤਾਰ ਸਿੰਘ ਦੁਸਾਂਝ, ਅਵਤਾਰ ਸਿੰਘ ਚਾਹਲ, ਅਵਤਾਰ ਸਿੰਘ ਅਟਵਾਲ, ਸਵਰਨ ਸਿੰਘ ਗਿੱਲ, ਜਸਚਰਨ ਸਿੰਘ ਗਿੱਲ, ਡਾ. ਗੁਰਦਿਆਲ ਸਿੰਘ, ਸੁਰਜੀਤ ਸਿੰਘ ਢਿੱਲੋਂ, ਬਖਸ਼ੀਸ਼ ਸਿੰਘ ਗਿੱਲ, ਜਸਬੀਰ ਸਿੰਘ, ਪਰਮਜੀਤ ਸਿੰਘ ਭੁੱਟਾ, ਸਤਵੀਰ ਸਿੰਘ ਖਪਰਾ, ਪਲਵਿੰਦਰ ਸਿੰਘ ਭੱਟੀ, ਜੱਸੀ ਸਿੰਘ ਸੰਘਾ, ਧੀਰਾ ਨਿੱਜਰ, ਗੁਲਿੰਦਰ ਗਿੱਲ (ਡੈਨੀ'ਜ਼ ਰੈਸਟੋਰੈਂਟ), ਗੋਲਡਨ ਸਟੇਟ ਇੰਕ, ਪਾਲ ਲਿੱਕਰਜ਼, ਇੰਡੀਆ ਗਾਰਡਨ, ਰਾਜ ਭਨੋਟ, ਸੰਤੋਖ ਸਿੰਘ ਜੱਜ, ਪਰਮਜੀਤ ਸਿੰਘ ਬਿੰਦ, ਭਾਖੜੀ ਲਾਅ ਫਰਮ ਤੇ ਸਾਬੀ ਸਿੰਘ ਟਰੱਕਿੰਗ, ਸੋਢੀ ਸਜਾਵਨਪੁਰ, ਵਨ ਸਟਾਪ ਆਟੋ ਰਿਪੇਅਰ, ਜਸਵੀਰ ਸਿੰਘ ਕੁਲਾਰ, ਲੀਜੈਂਟ ਟਰਾਂਸਪੋਰਟ, ਬਲਬੀਰ ਸਿੰਘ ਸੰਧੂ, ਜੇ ਜੇ ਜੀ ਐਸ ਫੂਡ ਸਰਵਿਸ ਇੰਕ, ਰਾਜ ਬਰਾੜ, ਪਰਮਜੀਤ ਸਿੰਘ ਦੁਸਾਂਝ, ਸਤਵੀਰ ਬੈਂਸ (ਰਾਇਲ ਟਰੱਕਿੰਗ), ਵੈਨਕੋ ਟਰੱਕ ਸਟਾਪ, ਸਿਟੀ ਮਾਰਕਿਟ ਬਲੌਰ ਸਟੇਸ਼ਨ, ਦਲਬੀਰ ਗਿੱਲ, ਗੋਲਡਨ ਪੈਸੇਫਿਕ ਟਰੱਕਿੰਗ, ਗੁਰਦਿਆਲ ਸਿੰਘ ਧਾਮੀ, ਅੰਜਲਾ ਟਰੱਕਿੰਗ, ਜਗਜੀਤ ਸਿੰਘ ਰੱਕੜ ਲੈਥਰੋਪ, ਮਲ੍ਹਾਗਰ ਸਿੰਘ ਖਹਿਰਾ, ਸੈਕਰਾਮੈਂਟੋ ਵੈਲੀ ਟਰੱਕ ਸਟਾਪ, ਇੰਦਰਜੀਤ ਸਿੰਘ ਬਾਂਦੀ।

ਵੀਡੀਓ ਤੇ ਫੋਟੋਗ੍ਰਾਫੀ: ਸ਼ਿਆਰਾ ਸਿੰਘ ਢੀਂਡਸਾ

ਜ਼ਿੰਦਗੀ ਨੂੰ ਸੁਹਾਵਣੀ ਬਣਾਓ
'ਦ ਕੰਪਨੀ ਯੂ ਕੀਪ'
ਦੇ ਨਾਲ !

NEW YORK LIFE
www.newyorklife.com

1845 ਤੋਂ ਅਸੀਂ ਲੋਕਾਂ ਨੂੰ ਉਨ੍ਹਾਂ ਦੇ ਔਖੇ ਸਮਿਆਂ 'ਚ ਮਨ ਦੀ ਸ਼ਾਂਤੀ ਲਿਆਉਣ ਦੇ ਸਮਰੱਥ ਰਹੇ ਹਾਂ। ਅਸੀਂ ਏਸ਼ੀਆ-ਭਾਰਤੀ ਕੌਮ ਦੀ ਸੇਵਾ ਕਰਦੇ ਮਾਣ ਮਹਿਸੂਸ ਕਰਦੇ ਹਾਂ ਅਤੇ ਜ਼ਿੰਦਗੀ ਦੇ ਹਰ ਪਹਿਲੂ 'ਤੇ ਤੁਹਾਡਾ ਸਾਥ ਨਿਭਾਉਣ ਦਾ ਵਾਅਦਾ ਕਰਦੇ ਹਾਂ।




COVERED CALIFORNIA

ਸਿਮਰਨ ਕੌਰ ਅਟਵਾਲ
ਏਜੰਟ
ਲਾਇਸੰਸ # OE17073

ਨਿਊ ਯਾਰਕ ਇੰਸ਼ੋਰੈਂਸ ਕੰਪਨੀ
3255 ਵੈਸਟ ਮਾਰਚ ਲੇਨ, # 300 ਸਟਾਕਟਨ, ਕੈਲੀਫੋਰਨੀਆ 95219
ਫੋਨ : 209-955-2418, 209-993-7978
skatwal@ft.newyorklife.com

ਆਪਣੇ ਪਰਿਵਾਰ ਦੀ ਸੁਰੱਖਿਆ ਯਕੀਨੀ ਬਣਾਉਣ ਲਈ
ਹੁਣੇ ਆਪਣੇ ਸਥਾਨਕ ਏਜੰਟ ਨਾਲ ਸੰਪਰਕ ਕਰੋ !!

ਗੁਰਬਾਣੀ
24 ਘੰਟੇ ਸੁਣਨ ਲਈ
Dial 832.551.5029 Ext. 4
www.GurbaniRadio.org

ਪੰਜਾਬੀ ਗਾਣੇ
24 ਘੰਟੇ ਸੁਣਨ ਲਈ
Dial 832.551.5029 Ext. 3
www.NonStopPunjabi.com

ਪੰਜਾਬੀ ਰੇਡੀਓ ਯੂਐਸਏ
Punjabi RADIO USA
Uniting Punjabi's All Over
www.PunjabiRadioUSA.com
408-272-5200

DIAL TO LISTEN:
US: 832-551-5029 | 605-475-6868 | 712-432-5838 (METRO PCS)
UK: +44 203-519-0455
GERMANY: +511 80-90-40-41

NEW PROGRAM: TODAY IN SIKH HISTORY | ਅੱਜ ਦਾ ਦਿਨ ਸਿੱਖ ਇਤਿਹਾਸ ਵਿੱਚ DAILY | ਰੋਜ਼ਾਨਾ 9AM | 12PM

KHALSA INSURANCE AGENCY, INC.
Khalsa Insurance Agency is among TOP 50 agencies

2014 ACE INDIVIDUAL
KHALSA INSURANCE AGENCY

» GUARANTEED COVERAGE
» NO ANNUAL LIMITS, NO DENIAL FOR PRE-EXISTING CONDITIONS
» RATES NOT BASED ON HEALTH STATUS
» AFFORDABLE COVERAGE – PUBLIC OR PRIVATE
» REQUIRED FOR INDIVIDUALS

COVERED CALIFORNIA

OBAMACARE
COVERED CALIFORNIA
AFFORDABLE CARE ACT
California Health Benefit Exchange
Your destination for affordable health care

Call Now for the
Lowest Health Insurance
Premiums available
Some Households
qualify for
FREE HEALTHCARE
408-272-2500

Please Contact Harjot S Khalsa (Certified Covered CA Agent) | License # 0803546 | 3750 McKee Rd. # A, San Jose, CA 95127
Tel. 408-272-2500 | coveredca@khalsainsurance.com



Raja SWEETS & CATERING
AUTHORIZED CATERER FOR MAJOR 5-STAR HOTELS

Follow us on:
Toll Free 1-866-FOR-RAJA
www.rajasweets.com
msbains@rajasweets.com

ਹਰ ਮੌਕੇ ਜਿਵੇਂ ਅਖੰਡ ਪਾਠ, ਜਨਮ ਦਿਨ, ਵਿਆਹ ਸ਼ਾਦੀ ਜਾਂ ਪਰਟੀ ਲਈ ਦਸ ਹਜਾਰ ਬੰਦਿਆਂ ਤੱਕ ਦੇ ਖਾਣੇ ਦਾ ਇੰਤਜ਼ਾਮ ਕਰ ਸਕਦੇ ਹਾਂ।

Fresh Sweets, Snacks & Food
Catering with Portable Tandoor
for up to 10000 guests
Lunch - Dinner - Take Out - Banquets

Raja Sweets & Indian Cuisine
31853 Alvarado Blvd. Union City CA 94587
Ph. (510) 489-9100 Fax (510) 489-9111

Raja Indian Cuisine & Bar
1275 W Winton Ave. Hayward CA 94545
Ph. (510) 264-9300 Fax (510) 264-9345

Call Makhan Bains or Ravinder Singh For Your Next Party
1-866-FOR-RAJA (367-7252)
www.RajaSweets.com

Items Serving:
- All kinds of Sweets
- Snacks & Food
- Chaat & Tikki Stall
- Pani Poori Stall
- Bhel Poori / Pav Bhaji
- Falooda Kulfi

Catering Services:
- Wedding Ceremonies
- Receptions
- Birthday Parties
- Religious Gatherings
- Corporate Events
- Picnics / Bar-b-que

Additional Services:
- Warmers
- Chaffing Dishes
- China & Silverware
- Linen Rental
- Waiters & Bartenders




ਹਰ ਮੌਕੇ ਜਿਵੇਂ ਵਿਆਹ ਸ਼ਾਦੀ, ਰਿਸੈਪਸ਼ਨ, ਜਨਮਦਿਨ, ਪਾਰਟੀ ਲਈ
200 ਤੋਂ 1000 ਬੰਦਿਆਂ ਦੇ ਬੈਠਣ ਅਤੇ ਖਾਣ ਲਈ ਹਾਲ ਦਾ ਇੰਤਜਾਮ ਹੈ।

PARADISE BALLROOMS
4100 Peralta Blvd. Fremont, CA 94536
(510) 900-6319
info@paradiseballrooms.com www.paradiseballrooms.com

SERVICES INCLUDE
- CATERING
- SILVERWARE
- CHINAWARE
- DECORATED HALL
- LINEN
- SEVERAL BAR OPTIONS
- SECURITY
- WAIT STAFF
- FULL SETUP INCLUDING TABLE CLOTH, NAPKINS, CHAIRS ETC.



ਸ਼ਹੀਦ ਬਾਬਾ ਦੀਪ ਸਿੰਘ ਜੀ।

# ਸ਼ਹੀਦ ਬਾਬਾ ਦੀਪ ਸਿੰਘ ਸਪੋਰਟਸ ਅਕੈਡਮੀ ਸੈਕਰਾਮੈਂਟੋ

## ਅਤੇ ਕੈਲੀਫੋਰਨੀਆ ਕਬੱਡੀ ਫੈਡਰੇਸ਼ਨ ਆੱਫ ਯੂ.ਐਸ.ਏ. ਵੱਲੋਂ

# ਇੰਟਰਨੈਸ਼ਨਲ ਕਬੱਡੀ ਕੱਪ 2016

## ਗੁਰਦੁਆਰਾ ਸਾਹਿਬ ਬਰਾਡਸ਼ਾਅ ਰੋਡ

**Sikh Temple, 7676 Bradshaw Road, Sacramento, 95829**

**ਦੀਆਂ ਖੇਡ ਗਰਾਊਂਡਾਂ ਵਿਚ**



# 9 ਅਕਤੂਬਰ ਦਿਨ ਐਤਵਾਰ

## ਇਨਾਮਾਂ ਦਾ ਵੇਰਵਾ ਕਬੱਡੀ ਓਪਨ

» ਪਹਿਲਾ ਇਨਾਮ $14000

**ਚੜ੍ਹਦਾ ਪੰਜਾਬ ਕਲੱਬ, ਸੈਕਰਾਮੈਂਟੋ**



» ਦੂਜਾ ਇਨਾਮ $13000




» ਤੀਜਾ ਇਨਾਮ $12000




» ਚੌਥਾ ਇਨਾਮ $11000






## ਹੋਰ ਵੇਰਵੇ ਲਈ ਸੰਪਰਕ ਕਰੋ







## ਸਹਿਯੋਗੀ ਖੇਡ ਕਲੱਬ

» ਸ਼ਹੀਦ ਭਗਤ ਸਿੰਘ ਸਪੋਰਟਸ ਕਲੱਬ ਫਰਿਜ਼ਨੋ
» ਸ਼ਹੀਦ ਊਧਮ ਸਿੰਘ ਸਪੋਰਟਸ ਕਲੱਬ ਫਰਿਜ਼ਨੋ (ਮਡੇਰਾ)
» ਬੇਅ ਏਰੀਆ ਸਪੋਰਟਸ ਕਲੱਬ » ਸੈਂਟਰਲ ਵੈਲੀ ਸਪੋਰਟਸ ਕਲੱਬ,
» ਯੂਨਾਈਟਡ ਸਪੋਰਟਸ ਕਲੱਬ, ਕੈਲੀਫੋਰਨੀਆ » ਫਤਿਹ ਸਪੋਰਟਸ ਕਲੱਬ

## ਕੁਮੈਂਟਰੀ




**ਇਕਬਾਲ ਗਿੱਲ ਕੁਮੈਂਟੇਟਰ ਦਾ ਗੋਲਡ ਮੈਡਲ ਨਾਲ ਸਨਮਾਨ ਕੀਤਾ ਜਾਵੇਗਾ।**

## ਅੰਡਰ 21 ਇਨਾਮ

| | |
|---|---|
| » ਪਹਿਲਾ ਇਨਾਮ | $ 2100 |
| » ਦੂਜਾ ਇਨਾਮ | $ 1500 |
| » ਤੀਜਾ ਇਨਾਮ | $ 1000 |
| » ਚੌਥਾ ਇਨਾਮ | $ 1000 |




ਰਾਜ ਬਰਾੜ ਵੱਲੋਂ ਲੋਕਲ ਓਪਨ ਟੀਮ ਨੂੰ 5100 ਡਾਲਰ ਦਾ ਇਨਾਮ ਦਿੱਤਾ ਜਾਵੇਗਾ।

US Truck & Trailer Repair

ਦਵਿੰਦਰ ਸਿੰਘ ਡਾਵਰ (ਯੂ.ਐੱਸ. ਟਰਾਂਸਪੋਰਟ) ਵੱਲੋਂ ਅੰਡਰ-21 ਦਾ ਪਹਿਲਾ ਇਨਾਮ ਦਿੱਤਾ ਜਾਵੇਗਾ।

CHICAGO'S PIZZA With-A-Twist
Home of the Authentic Indian Pizza

**ਇਸ ਖੇਡ ਮੇਲੇ ਦੌਰਾਨ ਗੁਰੂ ਕਾ ਲੰਗਰ ਅਤੁੱਟ ਵਰਤੇਗਾ।**

**ਬੀਬੀਆਂ ਦੇ ਬੈਠਣ ਦਾ ਪ੍ਰਬੰਧ ਅਲੱਗ ਹੋਵੇਗਾ।**

ਸਮੂਹ ਭਾਈਚਾਰੇ ਨੂੰ ਬੇਨਤੀ ਹੈ ਕਿ ਗੁਰਦੁਆਰਾ ਸਾਹਿਬ ਦੀ ਹਦੂਦ ਅੰਦਰ ਹੋ ਰਹੇ ਖੇਡ ਮੇਲੇ ਦੌਰਾਨ ਕੋਈ ਨਸ਼ਾ ਜਾਂ ਹਥਿਆਰ ਲੈ ਕੇ ਆਉਣਾ ਸਖ਼ਤ ਮਨ੍ਹਾ ਹੈ।

**ਸ਼ਰਤਾਂ ਤੇ ਨਿਯਮ :** ਕੈਲੀਫੋਰਨੀਆ ਕਬੱਡੀ ਫੈਡਰੇਸ਼ਨ ਆਫ ਯੂ.ਐਸ.ਏ. ਵੱਲੋਂ ਬਣੇ ਨਿਯਮ ਅਤੇ ਸ਼ਰਤਾਂ ਸਮੂਹ ਟੀਮਾਂ ਅਤੇ ਖਿਡਾਰੀਆਂ 'ਤੇ ਲਾਗੂ ਹੋਣਗੀਆਂ।

**» ਸਕਿਓਰਿਟੀ ਪੁਲਿਸ ਦਾ ਖਾਸ ਪ੍ਰਬੰਧ ਹੋਵੇਗਾ।**

**ਖੇਡ ਮੇਲੇ ਦੇ ਸਪਾਂਸਰ :** ਜੇ.ਪੀ. ਖੇਰਾ, ਬਲਵੰਤ ਸਿੰਘ ਵਿਰਕ, ਮਨਜੀਤ ਸਿੰਘ ਨਿੱਜਰ, ਸੁੱਖੀ ਵਿਰਕ, ਰਾਣਾ ਉੱਪਲ, ਕੁਲਵਿੰਦਰ ਸਪਰਾਏ, ਪਰਮਜੀਤ ਸਿੰਘ ਜੌਹਲ, ਸੁਰਿੰਦਰ ਸਿੰਘ ਢੱਡਾ, ਗੁਰਪਾਲ ਸਿੰਘ ਔਜਲਾ, ਪਿਆਰਾ ਸਿੰਘ ਔਜਲਾ, ਸ਼ੇਰ ਸਿੰਘ ਗਿੱਲ, ਜੱਸੀ ਸ਼ੇਰਗਿਲ, ਦੇਬੀ ਸਿਧਵਾਂ, ਬਿੱਟੂ ਰਾਏ, ਪਰਮਜੀਤ ਖੇਹਰਾ, ਮਨਜੀਤ ਸੰਧਰ, ਅੰਮ੍ਰਿਤਪਾਲ ਸਿੰਘ ਟਿਵਾਣਾ, ਬਲਜਿੰਦਰ ਕਲੇਰ, ਹਰਜਿੰਦਰ ਸਿੰਘ ਬੋਲੀਨਾ, ਜਸਵੀਰ ਸਿੰਘ ਸੋਹਲ, ਪੰਮਾ ਅਟਵਾਲ, ਬਲਵਿੰਦਰ ਸੰਧੂ, ਗੁਰਸੰਤ ਗਰੇਵਾਲ, ਹੈਰੀ ਸੰਘਾ, ਪਰਮਪ੍ਰੀਤ ਕਾਹਲੋਂ, ਬਿੱਟੂ ਰੰਧਾਵਾ, ਗੋਲਡੀ ਲਾਲੀ, ਸਰਦੂਲ ਸਿੰਘ ਢਿੱਲੋਂ, ਹਰਜੀਤ ਸਿੰਘ ਸਵੈਚ, ਡਾ. ਪ੍ਰਿਤਪਾਲ ਸਿੰਘ, ਸੁਰਿੰਦਰ ਸਿੰਘ ਅਟਵਾਲ, ਰਘਬੀਰ ਸਿੰਘ ਸ਼ੇਰਗਿਲ, ਪਾਲ ਸਹੋਤਾ, ਸੁਰਿੰਦਰ ਸਿੰਘ ਨਿੱਝਰ, ਨਾਜਰ ਸਿੰਘ ਸਹੋਤਾ, ਪ੍ਰੀਤਮ ਸਿੰਘ ਪਾਸਲਾ, ਸਤਵੰਤ ਸਿੰਘ ਸੰਘੇੜਾ, ਅਮੋਲਕ ਸਿੰਘ ਗਾਖਲ, ਬਲਵੰਤ ਸਿੰਘ ਵਿਰਕ, ਕੁਲਵੀਰ ਦੋਸਾਂਝ, ਸਾਬੀ ਸਿੰਘ ਕੇਟੀਐਲ, ਹਰਬੰਸ ਸਿੰਘ ਪੰਮਾ, ਮੰਗਲ ਢਿੱਲੋ, ਸੋਨਾ ਅਟਵਾਲ, ਜਸਵੰਤ ਸਿੰਘ ਸਰਾਣਾ, ਚਰਨ ਸਿੰਘ ਬੜਵਾਲ, ਲਾਲੀ ਬ੍ਰਦਰਜ਼, ਤਜਿੰਦਰ ਮਾਨ, ਸਨੀ (ਲੀਜੇਂਡ ਟਰਾਂਸਪੋਰਟ), ਕੇਹਰ ਸਿੰਘ ਗਿੱਲ, ਜਸਵੰਤ ਸਿੰਘ ਸੁਪਰਾਏ, ਨਰਿੰਦਰ ਥਾਂਦੀ, ਗੁਰਵਿੰਦਰ ਭਲਵਾਨ, ਪਿਆਰਾ ਸਿੰਘ ਸੰਧੂ, ਕਸ਼ਮੀਰ ਸਿੰਘ ਅਟਵਾਲ, ਬਲਵਿੰਦਰ ਸਿੰਘ ਸੰਧੂ, ਜਰਨੈਲ ਸਿੰਘ ਰੱਕੜ, ਰਣਵੀਰ ਸਿੰਘ ਨਿੱਜਰ, ਹੈਰੀ ਸਿੰਘ, ਕਰਨੈਲ ਸਿੰਘ ਰੱਕੜ, ਬੀਜੇ ਗੇਅਰ, ਜਾਹਿਦ ਉਲ ਤਾਫ, ਬਲਜੀਤ ਸਿੰਘ ਸੰਧੂ, ਜਸਮੇਲ ਸਿੰਘ ਚਿੱਟੀ, ਗੁਰਮੇਲ ਸਿੰਘ ਨਾਹਲ, ਬੋਲੀਨਾ ਲੈਂਡ ਸਕੇਪਿੰਗ, ਬਲਵਿੰਦਰ ਸਿੰਘ ਢੀਂਡਸਾ, ਪੰਮਾ ਲਿੱਧੜ, ਸੋਨੂੰ ਤੇ ਇੰਦਰ (ਮਾਊਂਟੇਨ ਮਾਈਕ ਪੀਜ਼ਾ), ਪਿੰਦੀ ਸੰਧੂ, ਸਰਬਜੀਤ ਸਿੰਘ ਹੇਅਰ, ਟੀ.ਆਰ. ਟਰਾਂਸਪੋਟੇਸ਼ਨ, ਕੰਬੋਜ ਆਇਲ ਕੰਪਨੀ, ਮਲਕੀਤ ਸਿੰਘ ਬੋਪਾਰਾਏ, ਜਸਵੀਰ ਸਿੰਘ ਸਹੋਤਾ, ਰਾਣਾ ਸੰਘਾ, ਮਨਜੀਤ ਸਿਵੀਆ, ਕਸ਼ਮੀਰ ਸਿੰਘ ਹੌਨਦਾਰ, ਜਸਵਿੰਦਰ ਬੰਗਾ, ਜਗਪਾਲ ਸਿੰਘ ਗਰੇਵਾਲ, ਪਲਵਿੰਦਰ ਭੱਟੀ, ਵਰਿੰਦਰ ਸਿੰਘ ਬੋਇਆਲ, ਪਾਲ ਸਿੰਘ ਤੱਖਰ, ਤਜਿੰਦਰ ਸਿੰਘ ਦੋਸਾਂਝ, ਹਰਨੇਕ ਸਿੰਘ ਮੁੰਡੀ, ਬੱਬੀ ਮੋਗਾ, ਮਿੰਦੀ ਮਾਨ, ਮਨਿੰਦਰ ਮੰਨਾ, ਤੀਰਥ ਸਿੰਘ ਚੀਮਾ, ਅਮਰਜੀਤ ਸਿੰਘ ਦੋਲਾਏ, ਅਵਤਾਰ ਸਿੰਘ ਸਹੋਤਾ, ਨਛੱਤਰ ਸਿੰਘ ਸਰਪੰਚ, ਕੁਲਵਿੰਦਰ ਸਿੰਘ, ਜਸਵੀਰ ਸਿੰਘ ਲੰਘੇੜੀ, ਜਸਵਿੰਦਰ ਸਿੰਘ ਸੰਧੂ, ਕਰਮਜੀਤ ਸਿੰਘ ਢਿੱਲੋਂ, ਅਮਨਦੀਪ ਔਲਖ, ਅਵਤਾਰ ਸਿੰਘ ਅਟਵਾਲ, ਮੱਖਣ ਸਿੰਘ ਗੋਬਿੰਦਪੁਰੀ, ਮੰਗਲ ਸਿੰਘ ਗੋਬਿੰਦਪੁਰੀ, ਬਲਵੰਤ ਬੰਕਾ, ਰਾਕੇਸ਼ ਬੈਂਸ, ਸਤਵੀਰ ਖਾਬੜਾ, ਬਲਜਿੰਦਰ ਸਿੰਘ ਗਰੇਵਾਲ, ਗੁਰਨਾਮ ਸਿੰਘ ਗਰੇਵਾਲ, ਚਰਨਜੀਤ ਗਿੱਲ, ਸੁਰਿੰਦਰ ਬਿੰਦਰਾ, ਜੁਝਾਰ ਗਿੱਲ, ਸੁਖਵਿੰਦਰ ਅਜੀਮਲ, ਜਸਵੰਤ ਸਿੰਘ ਦੇਸੀ ਬਾਜ਼ਾਰ, ਹਰਪਾਲ ਸਿੰਘ ਸੰਧੂ, ਦੋਸਾਂਝ ਬ੍ਰਦਰਜ਼, ਪੀਟਰ ਦੋਸਾਂਝ, ਮੁਸ਼ਿਆਣਾ ਟਰਾਂਸਪੋਰਟ, ਮੇਜਰ ਸਿੰਘ ਵਿਰਕ, ਰਛਪਾਲ ਸਿੰਘ ਹੇਅਰ, ਰੀਓ ਫੂਡ ਐਂਡ ਲੀਕਰ, ਅਮਰਪਾਲ ਸਿੰਘ, ਜਸਵਿੰਦਰ ਸਿੰਘ, ਗੁਰਪਾਲ ਸਿੰਘ ਸੰਧੂ, ਧਾਮੀ ਬ੍ਰਦਰਜ਼, ਪਰਮਜੀਤ ਸਿੰਘ ਸੰਧੂ, ਭੁਪਿੰਦਰ ਸਿੰਘ ਮੱਲ੍ਹੀ, ਅਕਾਲ ਟਰੱਕਿੰਗ, ਹਰਨੇਕ ਸਿੰਘ ਸੰਧੂ, ਕਰਨੈਲ ਸਿੰਘ ਵਿਰਕ, ਫੁੱਟਹਿੱਲ ਮਾਰਕੀਟ, ਸਟੀਵ ਪੀਜ਼ਾ, 7ਡੇ ਟਾਇਰ, ਕੁਲਦੀਪ ਸਿੰਘ ਵਿਰਕ, ਬਚਿੱਤਰ ਸਿੰਘ ਵਿਰਕ, ਭੁਪਿੰਦਰ ਸਿੰਘ ਧਾਮੀਂ, ਦੀਪਾ ਸਿੰਘ ਵਿਰਕ, ਬੱਸੀ ਟਰੱਕਿੰਗ, ਬੇਅੰਤ ਸਿੰਘ ਗਿੱਲ, ਮੱਖਣ ਸਿੰਘ ਕਾਰ ਸਟਾਪ, ਮਨਜਿੰਦਰ ਸਿੰਘ, ਚਿਤਵਨਜੀਤ ਸਿੰਘ, ਯੂਨਾਈਟਿਡ ਹੋਲ ਸੇਲ, ਸੁਰਿੰਦਰ ਸਿੰਘ ਢੱਡਾ, ਗੋਲਡਨ ਸਟਾਰ ਟਰਾਂਸ, ਬੰਬੇ ਆਰ ਐਂਡ ਗਰਿੱਲ, ਕੈਪੀਟਲ ਅਲਾਇਡ ਇੰਕ, ਮਲਾਗਰ ਸਿੰਘ ਖਹਿਰਾ, ਜੱਸੀ ਸ਼ੇਰਗਿੱਲ, ਜਸਵੀਰ ਸਿੰਘ ਥਾਂਦੀ, ਪਰਮਜੀਤ ਸਿੰਘ ਖਹਿਰਾ, ਬਿੱਟੂ ਰਾਏ, ਬੱਬਲ ਔਲਖ, ਭੱਨਾ ਖੱਖ, ਜਾਹਿਦ ਅਲਤਾਫ, ਬੂਟਾ ਸਿੰਘ ਜੌਹਲ, ਜਸਵੰਤ ਸਿੰਘ ਸੰਘਾ, ਜੌਰਾ ਪੁਰੇਵਾਲ, ਬੌਬੀ ਸੰਧੂ, ਜੇ.ਪੀ. ਕੌਲਾਰ, ਸੁੱਖਾ ਕੌਲਾਰ, ਸਜਾਦ ਅਨਵਰ, ਜਸਕਰਨ ਸਿੰਘ ਅਟਵਾਲ, ਨਿਰਮਲ ਸਿੰਘ ਗਿੱਲ, ਸਰਬੀ ਗਰੇਵਾਲ, ਮੇਜਰ ਸਿੰਘ ਨਿੱਜਰ, ਪੱਪੂ ਸਿੰਘ ਗੋਸਲ, ਅਲਵਿੰਦਰ ਸਿੰਘ ਖੰਘੂੜਾ, ਪਰਮਜੀਤ ਸਿੰਘ ਸਮਰਾ, ਪਰਮਜੀਤ ਸਿੰਘ ਹੋਠੀ, ਚਰਨਜੀਤ ਪੱਡਾ, ਗੁਲਿੰਦਰ ਗਿੱਲ (ਡੈਨੀਜ਼), ਪਰਮਜੀਤ ਲਾਡਾ, ਪੰਮਾ ਅਟਵਾਲ ਫਰਿਜ਼ਨੋ, ਗੁਰਦੁਆਰਾ ਕਮੇਟੀ ਗੁਰਦੁਆਰਾ ਸਾਹਿਬ ਬਰਾਡਸ਼ਾਹ ਰੋਡ, ਗੁਰਦੁਆਰਾ ਕਮੇਟੀ ਗੁਰਦੁਆਰਾ ਸਾਹਿਬ ਸੱਚਖੰਡ ਰੋਜ਼ਵਿਲ, ਗੁਰਦੁਆਰਾ ਕਮੇਟੀ ਗੁਰੂ ਰਵਿਦਾਸ ਗੁਰੂਘਰ ਰਿਓਲਿੰਡਾ, ਅਵਤਾਰ ਸਿੰਘ ਢਿਲੋ, ਸਤਵਿੰਦਰ ਸਿੰਘ ਢਿਲੋ (ਡਰਾਈ ਕ੍ਰੀਕ ਲੀਕਰ) ਅ੍ਰਮਿਤ ਸਿੰਘ ਪਰਹਾਰ, ਬਖਸ਼ੀਸ਼ ਸਿੰਘ, ਡਾ. ਪਰਮਜੀਤ ਪਨੇਸਰ, ਸੇਮ ਚਾਹਲ, ਜਸਪਾਲ ਸਿੰਘ, ਮੱਖਣ ਸਿੰਘ ਮਿਹਤ, ਮਨਜੀਤ ਸਿੰਘ ਮੱਲੀ, ਭਪਿੰਦਰ ਸਿੰਘ ਚਾਹਲ (ਭਿੰਦਾ), ਸ਼ੇਰੂ ਸਿੰਘ ਭਾਟੀਆ, ਕੈਨੀ ਸਿੰਘ ਵਿਰਕ, ਨਸੀਬ ਸਿੰਘ ਔਜਲਾ, ਪਾਨ ਸਿੰਘ ਧਾਮੀ, ਇਮਪੀਰੀਅਲ ਟਰੱਕ ਰਿਪੇਅਰ, ਗੁਰਦੀਪ ਸਿੰਘ ਵਿਰ, ਗੁਰਪਾਲ ਸਿੰਘ ਅਟਵਾਲ, ਕੁਲਦੀਪ ਸਿੰਘ ਵਿਰਕ, ਸਨਰਾਈਸ ਟਰਕਿੰਗ, ਪ੍ਰਦੀਪ ਰਾਣਾ (ਮੋਸ਼ਿਆਨਾ ਟਰਾਂਸਪੋਰਟ)।

Designed By : Punjab Mail USA

# ਖ਼ੁਦਕੁਸ਼ੀ ਕਰ ਗਏ ਪਰਿਵਾਰ ਦਾ ਕਾਂਗਰਸੀਆਂ, ਅਕਾਲੀਆਂ ਤੇ ਪ੍ਰਸ਼ਾਸਨ ਨੇ ਜਬਰੀ ਕਰਵਾਇਆ ਸਸਕਾਰ

ਫ਼ਰੀਦਕੋਟ/ਬਿਊਰੋ ਨਿਊਜ਼ :

ਪੁਲੀਸ ਦੀ ਕਥਿਤ ਲਾਪਰਵਾਹੀ ਅਤੇ ਅਕਾਲੀ ਆਗੂਆਂ ਦੀ ਕਥਿਤ ਧੱਕੇਸ਼ਾਹੀ ਤੋਂ ਦੁਖੀ ਹੋ ਕੇ ਖ਼ੁਦਕੁਸ਼ੀ ਕਰਨ ਵਾਲੇ ਜਗਤਾਰ ਸਿੰਘ ਸਮੇਤ ਪਰਿਵਾਰ ਦੇ ਚਾਰ ਮੈਂਬਰਾਂ ਦਾ ਕਾਂਗਰਸ ਤੇ ਅਕਾਲੀ ਦਲ ਦੇ ਕੁਝ ਆਗੂਆਂ ਨੇ ਪੁਲੀਸ ਪ੍ਰਸ਼ਾਸਨ ਨਾਲ ਮਿਲ ਕੇ ਜ਼ਬਰਦਸਤੀ ਅੰਤਿਮ ਸੰਸਕਾਰ ਕਰ ਦਿੱਤਾ। ਹਾਲਾਂਕਿ ਘਰ ਤੋਂ ਲੈ ਕੇ ਸ਼ਮਸ਼ਾਨਘਾਟ ਤੱਕ ਪੂਰਾ ਸੁਸਾਇਟੀ ਨਗਰ ਇਸ ਗੱਲ 'ਤੇ ਅੜਿਆ ਰਿਹਾ ਕਿ ਪਹਿਲਾਂ ਖੁਦਕੁਸ਼ੀ ਲਈ ਮਜਬੂਰ ਕਰਨ ਵਾਲੇ ਅਕਾਲੀ ਆਗੂਆਂ ਨੂੰ ਗ੍ਰਿਫ਼ਤਾਰ ਕੀਤਾ ਜਾਵੇ, ਉਸ ਤੋਂ ਬਾਅਦ ਅੰਤਿਮ ਸੰਸਕਾਰ ਹੋਵੇਗਾ ਪਰ ਪੁਲੀਸ ਨੇ ਮੁਹੱਲਾ ਵਾਸੀਆਂ ਦੀ ਕੋਈ ਗੱਲ ਨਹੀਂ ਸੁਣੀ। ਖੁਦਕੁਸ਼ੀ ਕਰਨ ਵਾਲੇ ਜਗਤਾਰ ਸਿੰਘ ਦੇ ਪਰਿਵਾਰ ਵਿੱਚ ਕੋਈ ਵੀ ਜ਼ਿੰਮੇਵਾਰ ਵਿਅਕਤੀ ਨਹੀਂ ਬਚਿਆ ਅਤੇ ਬਾਕੀਆਂ ਦੀ ਪੁਲੀਸ ਨੇ ਕੋਈ ਪੇਸ਼ ਨਹੀਂ ਜਾਣ ਦਿੱਤੀ। ਕਾਂਗਰਸੀ ਆਗੂ ਇੰਦਰਜੀਤ ਸਿੰਘ ਜ਼ੀਰਾ ਨੇ ਮ੍ਰਿਤਕਾਂ ਦਾ ਅੰਤਿਮ ਸੰਸਕਾਰ ਕਰਵਾਉਣ ਵਿੱਚ ਡੂੰਘੀ ਦਿਲਚਸਪੀ ਦਿਖਾਈ ਅਤੇ ਸਵੇਰੇ ਤੋਂ ਲੈ ਕੇ ਸ਼ਾਮ ਤੱਕ ਸ਼ਹਿਰ ਵਾਸੀਆਂ ਨੂੰ ਅੰਤਿਮ ਸੰਸਕਾਰ ਲਈ ਮਨਾਉਂਦੇ ਰਹੇ। ਜਦੋਂ ਲੋਕਾਂ ਨੇ ਸ੍ਰੀ ਜ਼ੀਰਾ ਦੀਆਂ ਗੱਲਾਂ 'ਤੇ ਭਰੋਸਾ ਨਹੀਂ ਕੀਤਾ ਤਾਂ ਪੁਲੀਸ ਵਾਲੇ ਮ੍ਰਿਤਕ ਜਗਤਾਰ ਸਿੰਘ ਦੀ ਲੜਕੀ ਨੂੰ ਜ਼ਬਰਦਸਤੀ ਇੰਦਰਜੀਤ ਸਿੰਘ ਜ਼ੀਰਾ ਦੀ ਕਾਰ ਵਿੱਚ ਬਿਠਾ ਕੇ ਸ਼ਮਸ਼ਾਨਘਾਟ ਲੈ ਗਏ। ਸੂਤਰਾਂ ਅਨੁਸਾਰ ਅਕਾਲੀਆਂ ਤੇ ਕਾਂਗਰਸੀਆਂ ਨੂੰ ਖਦਸ਼ਾ ਸੀ ਕਿ ਆਮ ਆਦਮੀ ਪਾਰਟੀ ਦੇ ਕੌਮੀ ਕਨਵੀਨਰ ਅਰਵਿੰਦ ਕੇਜਰੀਵਾਲ ਪੰਜਾਬ ਦੌਰੇ 'ਤੇ ਹਨ ਅਤੇ ਉਹ ਕਿਸੇ ਵੀ ਵੇਲੇ ਪੀੜਤ ਪਰਿਵਾਰ ਦੇ ਘਰ ਪਹੁੰਚ ਸਕਦੇ ਸਨ ਕਿਉਂਕਿ 'ਆਪ' ਦੇ ਸੰਸਦ ਮੈਂਬਰ ਭਗਵੰਤ ਮਾਨ ਅਤੇ ਪ੍ਰੋ. ਸਾਧੂ ਸਿੰਘ ਦੇਰ ਰਾਤ ਪੀੜਤ ਪਰਿਵਾਰ ਦੇ ਘਰ ਆਏ ਸਨ ਅਤੇ ਇਸ ਮੌਕੇ ਸ਼ਹਿਰ ਦੇ ਲੋਕਾਂ ਦਾ ਵੱਡਾ ਇਕੱਠ ਹੋ ਗਿਆ ਸੀ। ਦੋਹਾਂ ਸੰਸਦ ਮੈਂਬਰਾਂ ਨੇ ਪੀੜਤ ਪਰਿਵਾਰ ਨੂੰ ਇਨਸਾਫ਼ ਦਿਵਾਉਣ ਲਈ ਮੋਰਚਾ ਖੋਲ੍ਹਣ ਦਾ ਐਲਾਨ ਕੀਤਾ ਸੀ। ਪ੍ਰਾਪਤ ਜਾਣਕਾਰੀ ਅਨੁਸਾਰ ਜਗਤਾਰ ਸਿੰਘ ਦੀ ਇੱਕ ਲੜਕੀ ਜ਼ੀਰਾ ਵਿਧਾਨ ਸਭਾ ਹਲਕੇ ਵਿੱਚ ਵਿਆਹੀ ਹੋਈ ਹੈ ਅਤੇ ਇਸ ਲੜਕੀ ਦਾ ਸਹੁਰਾ ਪਰਿਵਾਰ ਸ੍ਰੀ ਜ਼ੀਰਾ ਦਾ ਕਰੀਬੀ ਦੱਸਿਆ ਜਾਂਦਾ ਹੈ, ਇਸੇ ਕਰਕੇ ਉਨ੍ਹਾਂ ਨੇ ਇਸ ਪੂਰੇ ਕਾਂਡ ਨੂੰ ਸਮਾਪਤ ਕਰਨ ਵਿੱਚ ਆਪਣੀ ਪੂਰੀ ਵਾਹ ਲਾ ਦਿੱਤੀ।

ਜ਼ਿਲ੍ਹਾ ਪੁਲੀਸ ਮੁਖੀ ਦਰਸ਼ਨ ਸਿੰਘ ਮਾਨ ਅਤੇ ਡਿਪਟੀ ਕਮਿਸ਼ਨਰ ਐੱਮ.ਐੱਸ. ਜੱਗੀ ਨੇ ਪੀੜਤ ਪਰਿਵਾਰ ਨੂੰ ਪੰਜਾਬ ਸਰਕਾਰ ਵੱਲੋਂ ਦਸ ਲੱਖ ਰੁਪਏ ਦੀ ਆਰਥਿਕ ਮੱਦਦ ਦੇਣ ਦਾ ਐਲਾਨ ਕੀਤਾ। ਸਮੁੱਚੇ ਘਟਨਾਕ੍ਰਮ ਵਿੱਚ ਅਕਾਲੀ ਆਗੂ ਲੋਕਾਂ ਸਾਹਮਣੇ ਨਹੀਂ ਆਏ ਜਦੋਂਕਿ ਕਾਂਗਰਸੀ ਆਗੂ ਰਾਜ਼ੀਨਾਮਾ ਕਰਾਉਣ ਅਤੇ ਲੋਕਾਂ ਨੂੰ ਅੰਤਿਮ ਸੰਸਕਾਰ ਲਈ ਸਹਿਮਤ ਕਰਨ ਲਈ ਪੂਰਾ ਦਿਨ ਮੌਕੇ 'ਤੇ ਡਟੇ ਰਹੇ। 'ਆਪ' ਦੇ ਆਗੂ ਗੁਰਦਿੱਤ ਸਿੰਘ ਸੇਖੋਂ ਨੇ ਕਾਂਗਰਸੀ ਤੇ ਅਕਾਲੀਆਂ ਦੇ ਗਠਜੋੜ ਦਾ ਵਿਰੋਧ ਕਰਦਿਆਂ ਕਿਹਾ ਕਿ ਇਨ੍ਹਾਂ ਦੀ ਆਪਸੀ ਸਾਂਝ ਕਾਰਨ ਖੁਦਕੁਸ਼ੀ ਕਰਨ ਵਾਲੇ ਪਰਿਵਾਰ ਨੂੰ ਮੌਤ ਤੋਂ ਬਾਅਦ ਵੀ ਇਨਸਾਫ਼ ਨਹੀਂ ਮਿਲਿਆ।



ਕਾਂਗਰਸੀ ਆਗੂ ਇੰਦਰਜੀਤ ਸਿੰਘ ਜ਼ੀਰਾ, ਡਿਪਟੀ ਕਮਿਸ਼ਨਰ ਅਤੇ ਐੱਸ.ਐੱਸ.ਪੀ. ਲੋਕਾਂ ਨੂੰ ਅੰਤਿਮ ਸੰਸਕਾਰ ਲਈ ਮਨਾਉਂਦੇ ਹੋਏ।

**ਅਕਾਲੀ ਆਗੂ ਮੁਲਜ਼ਮ ਵਜੋਂ ਨਾਮਜ਼ਦ :** ਐੱਸ.ਐੱਸ.ਪੀ. ਦਰਸ਼ਨ ਸਿੰਘ ਮਾਨ ਨੇ ਕਿਹਾ ਕਿ ਖੁਦਕੁਸ਼ੀ ਨੋਟ ਦੇ ਆਧਾਰ 'ਤੇ ਯੋਜਨਾ ਕਮੇਟੀ ਦੇ ਚੇਅਰਮੈਨ ਹਰਜੀਤ ਸਿੰਘ ਭੋਲੂਵਾਲਾ, ਬਲਾਕ ਸਮਿਤੀ ਮੈਂਬਰ ਜਰਨੈਲ ਸਿੰਘ ਅਤੇ ਅਕਾਲੀ ਆਗੂ ਬਲਬੀਰ ਸਿੰਘ ਟਿੰਟਾ ਨੂੰ ਖੁਦਕੁਸ਼ੀ ਲਈ ਮਜਬੂਰ ਕਰਨ ਦੇ ਦੋਸ਼ਾਂ ਵਿਚ ਦਰਜ ਹੋਏ ਕੇਸ ਵਿੱਚ ਮੁਲਜ਼ਮ ਵਜੋਂ ਨਾਮਜ਼ਦ ਕਰ ਲਿਆ ਹੈ ਅਤੇ ਇਨ੍ਹਾਂ ਦੀ ਗ੍ਰਿਫ਼ਤਾਰੀ ਲਈ ਛਾਪੇ ਮਾਰੇ ਜਾ ਰਹੇ ਹਨ। ਜ਼ਿਲ੍ਹਾ ਪੁਲੀਸ ਮੁਖੀ ਨੇ ਕਿਹਾ ਕਿ ਅੰਤਿਮ ਸੰਸਕਾਰ ਪਰਿਵਾਰ ਅਤੇ ਮੁਹੱਲਾ ਵਾਸੀਆਂ ਦੀ ਸਹਿਮਤੀ ਨਾਲ ਹੀ ਕੀਤਾ ਗਿਆ ਹੈ। ਉਨ੍ਹਾਂ ਕਿਹਾ ਕਿ ਲਾਪਰਵਾਹੀ ਵਰਤਣ ਦੇ ਦੋਸ਼ਾਂ ਵਿਚ ਸਿਟੀ ਫਰੀਦਕੋਟ ਦੇ ਐੱਸ. ਐੱਚ.ਓ. ਗੁਰਦੀਪ ਸਿੰਘ ਅਤੇ ਜਾਂਚ ਅਧਿਕਾਰੀ ਹਰਫੂਲ ਸਿੰਘ ਨੂੰ ਮੁਅੱਤਲ ਕਰ ਦਿੱਤਾ ਗਿਆ ਹੈ।

## ਗਰਭਵਤੀ ਨਰਸ ਦੀ ਕੁੱਟਮਾਰ ਕਰਨ ਵਾਲਾ ਅਕਾਲੀ ਸਰਪੰਚ ਤੇ ਉਸ ਦਾ ਪੁੱਤਰ ਗ੍ਰਿਫ਼ਤਾਰ

**ਮੋਗਾ/ਬਿਊਰੋ ਨਿਊਜ਼ :** ਬਾਘਾਪੁਰਾਣਾ ਦੀ ਮੁੱਦਕੀ ਰੋਡ ਉਤੇ ਦੋ ਦਿਨ ਪਹਿਲਾਂ ਇਕ ਪ੍ਰਾਈਵੇਟ ਹਸਪਤਾਲ ਵਿੱਚ ਗਰਭਵਤੀ ਨਰਸ ਨਾਲ ਕੁੱਟਮਾਰ ਦਾ ਮਾਮਲਾ ਭਖਣ ਉਤੇ ਡਰੀ ਬਾਘਾਪੁਰਾਣਾ ਪੁਲੀਸ ਨੇ ਪਿੰਡ ਆਲਮਵਾਲਾ ਦੇ ਸਰਪੰਚ ਪਰਮਜੀਤ ਸਿੰਘ ਤੇ ਉਸ ਦੇ ਪੁੱਤ ਗੁਰਜੀਤ ਸਿੰਘ ਨੂੰ ਗ੍ਰਿਫ਼ਤਾਰ ਕਰ ਕੇ ਥਾਣੇ ਦਾ ਗੇਟ ਬੰਦ ਕਰ ਲਿਆ। ਡੀਐਸਪੀ ਬਾਘਾਪੁਰਾਣਾ ਜਸਪਾਲ ਸਿੰਘ ਢਿੱਲੋਂ ਅਤੇ ਥਾਣਾ ਮੁਖੀ ਗੁਰਮੇਲ ਸਿੰਘ ਸੇਖੋਂ ਨੇ ਦੱਸਿਆ ਕਿ ਸਰਪੰਚ ਪਰਮਜੀਤ ਸਿੰਘ ਅਤੇ ਉਸ ਦੇ ਪੁੱਤ ਗੁਰਜੀਤ ਸਿੰਘ ਨੂੰ ਗ੍ਰਿਫ਼ਤਾਰ ਕਰ ਲਿਆ ਗਿਆ ਹੈ। ਮੁਲਜ਼ਮਾਂ ਖ਼ਿਲਾਫ਼ ਧਾਰਾ 451, 323, 506 ਤੇ 34 ਤਹਿਤ ਕੇਸ ਦਰਜ ਹੈ ਅਤੇ ਉਨ੍ਹਾਂ ਨੂੰ ਅਦਾਲਤ ਵਿੱਚ ਪੇਸ਼ ਕੀਤਾ ਜਾ ਰਿਹਾ ਹੈ। ਇਹ ਮਾਮਲਾ ਸੋਸ਼ਲ ਮੀਡੀਆ ਉੱਤੇ ਛਾਇਆ ਰਿਹਾ। ਪੰਜਾਬ ਕਾਂਗਰਸ ਪ੍ਰਧਾਨ ਕੈਪਟਨ ਅਮਰਿੰਦਰ ਸਿੰਘ ਨੇ ਇਸ ਘਟਨਾ ਦੀ ਤਿੱਖੀ ਆਲੋਚਨਾ ਕੀਤੀ। ਇਸ ਤੋਂ ਇਲਾਵਾ ਆਮ ਆਦਮੀ ਪਾਰਟੀ ਦੀ ਸੂਬਾਈ ਆਗੂ ਪ੍ਰੋ. ਬਲਜਿੰਦਰ ਕੌਰ ਨੇ ਪੀੜਤ ਨਰਸ ਨਾਲ ਮੁਲਾਕਾਤ ਕਰ ਕੇ ਮੁਲਜ਼ਮਾਂ ਦੀ ਗ੍ਰਿਫ਼ਤਾਰੀ ਦੀ ਮੰਗ ਕੀਤੀ ਸੀ। ਮਹਿਲਾ ਕਾਂਗਰਸ ਆਗੂ ਪਰਪੀਤ ਕੌਰ ਬਰਾੜ ਦੀ ਅਗਵਾਈ ਹੇਠ ਅਕਾਲੀ ਸਰਕਾਰ ਦੇ ਰਾਜ ਵਿੱਚ ਔਰਤਾਂ ਉੱਤੇ ਹੋ ਰਹੇ ਅੱਤਿਆਚਾਰ ਖ਼ਿਲਾਫ਼ ਅਰਥੀ ਫੂਕ ਕੇ ਰੋਸ ਦਾ ਪ੍ਰਗਟਾਵਾ ਕੀਤਾ ਗਿਆ। ਦੱਸਣਯੋਗ ਹੈ ਕਿ 22 ਸਤੰਬਰ ਨੂੰ ਸਰਪੰਚ ਪਰਮਜੀਤ ਸਿੰਘ ਤੇ ਉਸ ਦੇ ਪੁੱਤਰ ਗੁਰਜੀਤ ਸਿੰਘ ਦਾ ਗੁਪਤਾ ਹਸਪਤਾਲ ਵਿੱਚ ਬਿੱਲ ਬਣਾਉਣ ਵਿੱਚ ਦੇਰੀ ਕਰਨ ਅਤੇ ਸਟਾਫ਼ ਨਰਸ ਰਮਨਦੀਪ ਕੌਰ ਵੱਲੋਂ ਸਟਾਫ਼ ਰੂਮ ਵਿੱਚ ਬੈਠਣ ਦਾ ਵਿਰੋਧ ਕਰਨ ਉਤੇ ਝਗੜਾ ਹੋ ਗਿਆ ਸੀ। ਇਸ ਦੌਰਾਨ ਮੁਲਜ਼ਮ ਸਰਪੰਚ ਨੇ ਨਰਸ ਰਮਨਦੀਪ ਕੌਰ, ਜੋ ਗਰਭਵਤੀ ਹੈ, ਨੂੰ ਪਹਿਲਾਂ ਧੱਕਾ ਮਾਰ ਕੇ ਫ਼ਰਸ਼ ਉੱਤੇ ਸੁੱਟ ਦਿੱਤਾ। ਇਸ ਤੋਂ ਬਾਅਦ ਦੋਵੇਂ ਪਿਉ-ਪੁੱਤਾਂ ਨੇ ਨਰਸ ਨੂੰ ਥੱਪੜ ਮਾਰੇ ਸਨ।

# ਹਜ਼ਾਰਾਂ ਕਿਸਾਨਾਂ ਨੇ ਰੇਲ ਲਾਈਨ 'ਤੇ ਲਾਇਆ ਧਰਨਾ, ਮੰਗਾਂ ਮੰਨਣ ਦੇ ਭਰੋਸੇ ਮਗਰੋਂ ਚੁੱਕਿਆ

ਅੰਮ੍ਰਿਤਸਰ/ਬਿਊਰੋ ਨਿਊਜ਼ :

ਪਿਛਲੇ 6 ਦਿਨ ਤੋਂ ਕਿਸਾਨ-ਮਜ਼ਦੂਰਾਂ ਦੀਆਂ ਮੰਗਾਂ ਦੇ ਸਥਾਈ ਹੱਲ ਨੂੰ ਲੈ ਕੇ ਕੇਂਦਰ ਤੇ ਸੂਬਾ ਸਰਕਾਰ ਵਿਰੁੱਧ ਕਿਸਾਨ ਸੰਘਰਸ਼ ਕਮੇਟੀ ਵੱਲੋਂ ਸਥਾਨਕ ਡੀ.ਸੀ. ਦਫਤਰ ਮੂਹਰੇ ਲਾਏ ਸੂਬਾ ਪੱਧਰੀ ਪੱਕੇ ਮੋਰਚੇ ਨੂੰ 7ਵੇਂ ਦਿਨ ਹੋਰ ਤਿੱਖਾ ਕਰਦਿਆਂ ਸਥਾਨਕ ਰੇਲਵੇ ਸਟੇਸ਼ਨ ਨਜਦੀਕ ਅੰਮ੍ਰਿਤਸਰ-ਦਿੱਲੀ ਮੁੱਖ ਰੇਲ ਲਾਈਨ ਜਾਮ ਕਰਕੇ ਆਵਾਜਾਈ ਠੱਪ ਕਰ ਦਿੱਤੀ ਅਤੇ ਅਣਮਿਥੇ ਸਮੇਂ ਲਈ ਧਰਨਾ ਸ਼ੁਰੂ ਕਰ ਦਿੱਤਾ, ਜੋ ਬਾਅਦ ਵਿਚ ਅਧਿਕਾਰੀਆਂ ਵਲੋਂ ਦਿੱਤੇ ਭਰੋਸੇ ਮਗਰੋਂ ਖ਼ਤਮ ਕੀਤਾ। ਇਸ ਦੀ ਹਮਾਇਤ ਵਿਚ ਪਹੁੰਚੇ ਭਾਰਤੀ ਕਿਸਾਨ ਯੂਨੀਅਨ ਏਕਤਾ (ਉਗਰਾਹਾਂ) ਸਮੇਤ ਹਜ਼ਾਰਾਂ ਕਿਸਾਨਾਂ, ਮਜਦੂਰਾਂ ਅਤੇ ਬੀਬੀਆਂ ਨੇ ਕੇਂਦਰ ਤੇ ਸੂਬਾ ਸਰਕਾਰ ਨੂੰ ਭੰਡਦੇ ਹੋਏ ਜੰਮ ਕੇ ਨਾਅਰੇਬਾਜ਼ੀ ਕੀਤੀ। ਇਸ ਮੌਕੇ ਧਰਨਾਕਾਰੀਆਂ ਨੂੰ ਸੰਬੋਧਨ ਕਰਦਿਆਂ ਸੂਬਾ ਪ੍ਰਧਾਨ ਸਤਨਾਮ ਸਿੰਘ ਪੰਨੂੰ, ਸਵਿੰਦਰ ਸਿੰਘ ਚੁਤਾਲਾ, ਸਰਵਨ ਸਿੰਘ ਪੰਧੇਰ, ਬੀਬੀ ਜਗੀਰ ਕੌਰ ਕਲੇਰ, ਗੁਰਦੇਵ ਸਿੰਘ ਵਰਪਾਲ ਨੇ ਮੋਦੀ ਅਤੇ ਬਾਦਲ ਸਰਕਾਰ ਦੀਆਂ ਨੀਤੀਆਂ ਨੂੰ ਕਾਰਪੋਰੇਟ ਘਰਾਣਿਆਂ ਪੱਖੀ ਤੇ ਕਿਸਾਨ ਮਜ਼ਦੂਰਾਂ ਦਾ ਕਿੱਤਾ ਤਬਾਹ ਕਰਨ ਵਾਲੀ ਕਰਾਰ ਦਿੰਦੇ ਹੋਏ ਕਿਹਾ ਕਿ ਕਾਰਪੋਰੇਟ ਘਰਾਣਿਆਂ ਦਾ ਹਰ ਸਾਲ 1 ਲੱਖ 14 ਹਜ਼ਾਰ ਕਰੋੜ ਦੇ ਕਰਜ਼ੇ ਖਤਮ ਕਰਨ ਤੋਂ ਇਲਾਵਾ ਉਨ੍ਹਾਂ ਨੂੰ ਟੈਕਸ ਛੋਟ ਅਤੇ ਸਬਸਿਡੀਆਂ ਦਿੱਤੀਆਂ ਜਾ ਰਹੀਆਂ ਹਨ ਜਦਕਿ ਦੂਜੇ ਪਾਸੇ ਹੱਡ ਤੋੜਵੀਂ ਮਿਹਨਤ ਨਾਲ ਪੂਰੇ ਦੇਸ਼ ਦਾ ਢਿੱਡ ਭਰਨ ਵਾਲੇ ਕਿਸਾਨਾਂ ਸਿਰ ਸਰਕਾਰੀ ਗਲਤ ਨੀਤੀਆਂ ਕਾਰਨ ਚੜ੍ਹੇ ਕਰਜ਼ੇ ਨੂੰ ਮੁਆਫ ਨਹੀਂ ਕੀਤਾ ਜਾ ਰਿਹਾ, ਜਿਸ ਦਾ ਸਤਿਆ ਹੋਇਆ ਕਿਸਾਨ ਰੋਜ਼ਾਨਾਂ ਹੀ ਸਿਵਿਆਂ ਦੇ ਰਾਹ ਪੈ ਰਿਹਾ ਹੈ। ਇਸ ਮੌਕੇ ਸੁਖਵਿੰਦਰ ਸਿੰਘ ਸਭਰਾ, ਗੁਰਲਾਲ ਸਿੰਘ ਪੰਡੋਰੀ, ਹਰਪ੍ਰੀਤ ਸਿੰਘ ਸਿੱਧਵਾਂ, ਜਸਬੀਰ ਸਿੰਘ ਪਿੱਦੀ ਨੇ ਮੰਗ ਕੀਤੀ ਕਿ ਪਿੰਡ ਟਾਹਲੀ (ਹੁਸ਼ਿਆਰਪੁਰ) ਤੇ ਬਸਤੀ ਨਾਮਦੇਵ ਫਿਰੋਜ਼ਪੁਰ ਦੇ ਆਬਾਦਕਾਰ ਕਿਸਾਨਾਂ ਦਾ ਉਜਾੜਾ ਬੰਦ ਕਰਕੇ ਪੱਕੇ ਮਾਲਕੀ ਹੱਕ ਦੇਣ, ਕਿਸਾਨਾਂ-ਮਜ਼ਦੂਰਾਂ ਦਾ ਸਮੁੱਚਾ ਕਰਜਾ ਖਤਮ ਕਰਨ, ਕਿਸਾਨ ਪੱਖੀ ਕਰਜ਼ਾ ਕਾਨੂੰਨ ਬਣਾਉਣ, ਕਰਜ਼ੇ ਕਾਰਨ ਖੁਦਕੁਸ਼ੀ ਕਰ ਗਏ ਕਿਸਾਨਾਂ-ਮਜਦੂਰਾਂ ਦੇ ਪਰਿਵਾਰਾਂ ਨੂੰ 10-10 ਲੱਖ ਰੁਪਏ ਮੁਆਵਜਾ ਤੇ ਇੱਕ ਇੱਕ ਮੈਂਬਰ ਨੂੰ ਸਰਕਾਰੀ ਨੌਕਰੀ, 21 ਫਰਵਰੀ 2014 ਦੇ ਲਾਠੀਚਾਰਜ ਸਬੰਧੀ ਕੀਤੇ ਲਿਖਤੀ ਸਮਝੌਤੇ ਨੂੰ ਇੰਨ-ਬਿੰਨ ਲਾਗੂ ਕਰਨ ਸਮੇਤ ਮੰਨੀਆਂ ਹੋਈਆਂ ਮੰਗਾਂ ਤੁਰੰਤ ਲਾਗੂ ਕਰਨ, ਬਾਸਮਤੀ ਟਰੇਡਿੰਗ ਕਾਰਪੋਰੇਸ਼ਨ ਬਣਾ ਕੇ ਸਰਕਾਰੀ ਖਰੀਦ ਸ਼ੁਰੂ ਕਰਕੇ ਬਾਸਮਤੀ 1121 ਦਾ ਭਾਅ 5500 ਰੁਪਏ, 1509 ਦਾ 4500 ਰੁਪਏ ਪ੍ਰਤੀ ਕੁਇੰਟਲ ਤੈਅ ਕਰਨ, ਗੰਨੇ ਦਾ ਇੱਕ ਸੌ 13 ਕਰੋੜ ਰੁਪਏ ਦਾ ਬਕਾਇਆ ਜਾਰੀ ਕਰਨ, ਬੇਜ਼ਮੀਨਿਆਂ ਨੂੰ 10-10 ਮਰਲੇ ਦੇ ਪਲਾਟ, ਪੰਚਾਇਤੀ ਜ਼ਮੀਨਾਂ ਵਿਚੋਂ ਤੀਜਤ ਹਿੱਸਾ ਰਾਖਵਾਂ ਰੱਖਣ, ਮਨਰੇਗਾ ਸਕੀਮ ਅਧੀਨ 365 ਦਿਨ ਕੰਮ ਤੇ ਦਿਹਾੜੀ 500 ਰੁਪਏ ਤੇ ਕਿਸਾਨ-ਮਜ਼ਦੂਰਾਂ ਦੇ ਜਾਬ ਕਾਰਡ ਬਣਾ ਕੇ ਦਿੱਤੇ ਜਾਣ।



# ਜ਼ਮੀਨੀ ਵਿਵਾਦ : ਅਕਾਲੀ ਸਰਪੰਚ ਦੀ ਗੋਲੀ ਨਾਲ 'ਆਪ' ਸਮਰਥਕ ਦੀ ਮੌਤ, ਪੰਜ ਜ਼ਖ਼ਮੀ

**ਮੋਗਾ/ਬਿਊਰੋ ਨਿਊਜ਼ :** ਥਾਣਾ ਧਰਮਕੋਟ ਅਧੀਨ ਪਿੰਡ ਭਿੰਡਰ ਕਲਾਂ ਵਿਚ ਜ਼ਮੀਨੀ ਵਿਵਾਦ ਕਾਰਨ ਸਾਬਕਾ ਅਕਾਲੀ ਸਰਪੰਚ ਜਗਸੀਰ ਸਿੰਘ ਨੇ ਗੋਲੀ ਚਲਾ ਦਿੱਤੀ, ਜਿਸ ਨਾਲ ਆਮ ਆਦਮੀ ਪਾਰਟੀ ਦੇ ਸਮਰਥਕ ਨੌਜਵਾਨ ਜਗਰੂਪ ਸਿੰਘ ਦੀ ਮੌਤ ਹੋ ਗਈ। ਝਗੜੇ ਵਿਚ ਦੋਵਾਂ ਧਿਰਾਂ ਦੇ ਪੰਜ ਵਿਅਕਤੀ ਜ਼ਖ਼ਮੀ ਹੋਏ ਹਨ। 'ਆਪ' ਆਗੂ ਜਗਰੂਪ ਸਿੰਘ ਨੂੰ ਗੰਭੀਰ ਹਾਲਤ ਵਿਚ ਡੀ.ਐਮ.ਸੀ. ਲੁਧਿਆਣਾ ਲਿਆਂਦਾ ਗਿਆ, ਜਿੱਥੇ ਉਸ ਦੀ ਮੌਤ ਹੋ ਗਈ। ਇੰਸਪੈਕਟਰ ਸਤਵਿੰਦਰ ਸਿੰਘ ਵਿਰਕ ਨੇ ਦੱਸਿਆ ਕਿ ਦੋਵਾਂ ਧਿਰਾਂ ਵਿਚਾਲੇ ਜ਼ਮੀਨ ਨੂੰ ਲੈ ਕੇ ਝਗੜਾ ਸੀ ਅਤੇ ਇਸੇ ਦੌਰਾਨ ਗੋਲੀ ਚੱਲਣ ਕਾਰਨ ਜਗਰੂਪ ਸਿੰਘ ਦੀ ਮੌਤ ਹੋ ਗਈ ਅਤੇ ਉਸ ਦਾ ਸਾਥੀ ਪ੍ਰਿਤਪਾਲ ਸਿੰਘ ਜ਼ਖ਼ਮੀ ਹੋ ਗਿਆ। ਪੁਲੀਸ ਮੁਤਾਬਕ ਦੂਜੀ ਧਿਰ ਦੇ ਜਗਸੀਰ ਸਿੰਘ ਉਰਫ਼ ਸੀਰਾ, ਮਨਜੀਤ ਸਿੰਘ ਅਤੇ ਰਾਜਬੀਰ ਸਿੰਘ ਤੇਜ਼ਧਾਰ ਹਥਿਆਰਾਂ ਨਾਲ ਜ਼ਖ਼ਮੀ ਹੋਏ ਹਨ। ਸੂਤਰਾਂ ਅਨੁਸਾਰ ਪਿੰਡ ਭਿੰਡਰ ਕਲਾਂ ਦੇ ਸਾਬਕਾ ਸਰਪੰਚ, ਕਬੱਡੀ ਦੇ ਕੌਮਾਂਤਰੀ ਖਿਡਾਰੀ ਰਹੇ ਅਤੇ ਅਕਾਲੀ ਆਗੂ ਜਗਸੀਰ ਸਿੰਘ ਸੀਰਾ ਦਾ ਆਪਣੇ ਹੀ ਪਿੰਡ ਦੇ ਮਿਸ਼ਰੀਵਾਲਾ ਨਾਮ ਨਾਲ ਜਾਣੇ ਜਾਂਦੇ ਪਰਿਵਾਰ ਨਾਲ ਇੱਕ ਏਕੜ ਜ਼ਮੀਨ ਦਾ ਝਗੜਾ ਹੈ। ਮਿਸ਼ਰੀਵਾਲਾ ਪਰਿਵਾਰ ਆਮ ਆਦਮੀ ਪਾਰਟੀ ਨਾਲ ਜੁੜਿਆ ਹੋਇਆ ਹੈ। ਜਗਰੂਪ ਸਿੰਘ ਅਤੇ ਪ੍ਰਿਤਪਾਲ ਸਿੰਘ ਝਗੜੇ ਵਾਲੀ ਜ਼ਮੀਨ ਵਾਹ ਕੇ ਟਰੈਕਟਰ ਉੱਤੇ ਪਰਤ ਰਹੇ ਸਨ ਤਾਂ ਜਗਸੀਰ ਸਿੰਘ ਸੀਰਾ, ਮਨਜੀਤ ਸਿੰਘ ਅਤੇ ਰਾਜਬੀਰ ਨਾਲ ਟਕਰਾਅ ਹੋ ਗਿਆ। ਸੂਤਰਾਂ ਮੁਤਾਬਕ ਅਕਾਲੀ ਆਗੂ ਨੇ ਰਿਵਾਲਵਰ ਨਾਲ ਗੋਲੀਆਂ ਚਲਾਈਆਂ ਅਤੇ ਇੱਕ ਗੋਲੀ ਜਗਰੂਪ ਸਿੰਘ ਦੇ ਪੇਟ ਵਿੱਚ ਜਾ ਲੱਗੀ ਤਾਂ ਉਸ ਦੇ ਸਾਥੀ, ਜਿਸ ਕੋਲ ਤੇਜ਼ਧਾਰ ਹਥਿਆਰ ਦੱਸੇ ਜਾਂਦੇ ਹਨ, ਨੇ ਅਕਾਲੀ ਆਗੂ ਉੱਤੇ ਹਮਲਾ ਕਰ ਕੇ ਉਸ ਨੂੰ ਵੀ ਲਹੂ-ਲੁਹਾਣ ਕਰ ਦਿੱਤਾ।



## ਹੱਤਿਆ ਦੇ ਦੋਸ਼ 'ਚ ਅਕਾਲੀ ਆਗੂ ਸਮੇਤ 16 ਖ਼ਿਲਾਫ਼ ਕੇਸ

**ਮੋਗਾ/ਬਿਊਰੋ ਨਿਊਜ਼ :** ਥਾਣਾ ਧਰਮਕੋਟ ਪੁਲੀਸ ਨੇ ਪਿੰਡ ਭਿੰਡਰ ਕਲਾਂ ਵਿੱਚ ਜ਼ਮੀਨੀ ਵਿਵਾਦ ਵਿਚ ਆਮ ਆਦਮੀ ਪਾਰਟੀ ਦੇ ਵਾਲੰਟੀਅਰ ਦੀ ਹੱਤਿਆ ਦੇ ਦੋਸ਼ ਹੇਠ ਅਕਾਲੀ ਆਗੂ ਸਮੇਤ 16 ਖ਼ਿਲਾਫ਼ ਕੇਸ ਦਰਜ ਕੀਤਾ ਹੈ। ਪੁਲੀਸ ਨੇ ਲਾਸ਼ ਦਾ ਪੋਸਟਮਾਰਟਮ ਕਰਵਾ ਕੇ ਵਾਰਸਾਂ ਨੂੰ ਸੌਂਪ ਦਿੱਤੀ ਹੈ। ਦੱਸਣਯੋਗ ਹੈ ਕਿ ਪੀੜਤ ਪਰਿਵਾਰ ਦੀ ਸ਼ਿਕਾਇਤ 'ਤੇ ਥਾਣਾ ਧਰਮਕੋਟ ਵਿੱਚ ਬੀਤੀ 19 ਅਗਸਤ ਨੂੰ ਅਕਾਲੀ ਆਗੂ ਸਮੇਤ 15 ਖ਼ਿਲਾਫ਼ ਜ਼ਮੀਨ 'ਤੇ ਕਬਜ਼ਾ ਕਰਨ, ਸੱਟਾਂ ਮਾਰਨ, ਧਮਕੀਆਂ ਦੇਣ ਦਾ ਕੇਸ ਦਰਜ ਕੀਤਾ ਗਿਆ ਸੀ। ਪੀੜਤ ਪਰਿਵਾਰ ਦਾ ਦੋਸ਼ ਹੈ ਕਿ ਜੇਕਰ ਪੁਲੀਸ ਸਮੇਂ ਸਿਰ ਅਕਾਲੀ ਆਗੂ ਤੇ ਹੋਰਾਂ ਖ਼ਿਲਾਫ਼ ਕਾਰਵਾਈ ਕਰਦੀ ਤਾਂ ਇਹ ਕਾਂਡ ਨਾ ਵਾਪਰਦਾ। ਥਾਣਾ ਧਰਮਕੋਟ ਪੁਲੀਸ ਨੇ ਮ੍ਰਿਤਕ ਜਗਰੂਪ ਸਿੰਘ ਦੇ ਭਰਾ ਰਣ ਸਿੰਘ ਦੇ ਬਿਆਨਾਂ 'ਤੇ ਅਕਾਲੀ ਆਗੂ ਜਗਸੀਰ ਸਿੰਘ ਉਰਫ਼ ਸੀਰਾ, ਸਤਵਿੰਦਰ ਸਿੰਘ ਉਰਫ਼ ਬਿੰਦਰ, ਰਾਜਦੀਪ ਸਿੰਘ ਉਰਫ਼ ਰਾਜੂ, ਮਹਿੰਦਰ ਸਿੰਘ ਪੁੱਤਰ ਬੰਤਾ ਸਿੰਘ, ਬੂਟਾ ਸਿੰਘ, ਸੁੱਖਾ ਸਿੰਘ, ਭਿੰਦਾ ਸਿੰਘ, ਮਹਿੰਦਰ ਸਿੰਘ ਉਰਫ਼ ਕੱਲੂ ਪੁੱਤਰ ਸਾਧੂ ਸਿੰਘ ਤੋਂ ਇਲਾਵਾ ਅੱਠ ਅਣਪਛਾਤੇ ਮੁਲਜ਼ਮਾਂ ਖ਼ਿਲਾਫ਼ ਹੱਤਿਆ, ਜਾਨਲੇਵਾ ਹਮਲਾ, ਆਰਮਜ਼ ਐਕਟ ਧਰਾਵਾਂ ਤਹਿਤ ਕੇਸ ਦਰਜ ਕੀਤਾ ਗਿਆ ਹੈ। ਦੂਜੇ ਪਾਸੇ ਧਰਮਕੋਟ ਦਾ ਸ਼ਹੀਦ ਊਧਮ ਸਿੰਘ ਚੌਕ ਪੁਲੀਸ ਛਾਉਣੀ ਵਿੱਚ ਤਬਦੀਲ ਕਰ ਦਿੱਤਾ ਗਿਆ। ਇੱਥੇ ਮ੍ਰਿਤਕ ਵਾਲੰਟੀਅਰ ਦੇ ਪਰਿਵਾਰਕ ਮੈਂਬਰਾਂ ਸਮੇਤ ਕਾਂਗਰਸ ਅਤੇ 'ਆਪ' ਨੇ ਮੁਲਜ਼ਮਾਂ ਦੀ ਗ੍ਰਿਫ਼ਤਾਰੀ ਲਈ ਸਾਂਝਾ ਧਰਨਾ ਦਿੱਤਾ। ਇਸ ਮੌਕੇ ਕਾਂਗਰਸ ਆਗੂ ਸੁਖਜੀਤ ਸਿੰਘ ਉਰਫ਼ ਕਾਕਾ ਲੋਹਗੜ੍ਹ ਸਮੇਤ ਨੌਂ ਮੈਂਬਰੀ ਕਮੇਟੀ ਦਾ ਗਠਨ ਕੀਤਾ ਗਿਆ ਹੈ। ਇਸ ਮੌਕੇ 'ਆਪ' ਦੇ ਕਾਨੂੰਨੀ ਸੈੱਲ ਦੇ ਇੰਚਾਰਜ ਰਮੇਸ਼ ਗਰੋਵਰ ਨੇ ਦੱਸਿਆ ਕਿ ਪੁਲੀਸ ਨੇ ਪੀੜਤ ਪਰਿਵਾਰ ਦੀ ਸੁਰੱਖਿਆ ਯਕੀਨੀ ਬਣਾਉਣ, ਪੀੜਤ ਪਰਿਵਾਰ ਖ਼ਿਲਾਫ਼ ਕਰਾਸ ਕੇਸ ਦਰਜ ਨਾ ਕਰਨ ਅਤੇ ਮੁਲਜ਼ਮਾਂ ਦੀ ਜਲਦੀ ਗ੍ਰਿਫ਼ਤਾਰੀ ਕਰਨ ਦੀਆਂ ਮੰਗਾਂ ਮੰਨ ਲਈਆਂ ਹਨ।

# ਗੁਰਦੁਆਰਾ ਸਟਾਕਟਨ ਵਿਖੇ ਧਾਰਮਿਕ ਕਵੀ ਦਰਬਾਰ ਸਜਾਏ



**ਸਟਾਕਟਨ/ਬਿਊਰੋ ਨਿਊਜ਼ :** ਗੁਰਦੁਆਰਾ ਸਟਾਕਟਨ, ਕੈਲੀਫੋਰਨੀਆ ਵਿਖੇ ਸ੍ਰੀ ਗੁਰੂ ਅੰਗਦ ਦੇਵ ਜੀ ਨੂੰ ਸਮਰਪਿਤ ਦੀਵਾਨ ਸਜਾਏ ਗਏ। ਪਾਠ, ਕਥਾ ਅਤੇ ਕੀਰਤਨ ਮਗਰੋਂ ਸਥਾਨਕ ਅਮਰੀਕੀ ਪੰਜਾਬੀ ਕਵੀਆਂ ਵੱਲੋਂ ਵੀ ਧਾਰਮਿਕ ਕਵੀ ਦਰਬਾਰ ਸਜਾਇਆ ਗਿਆ। ਪਰਮਿੰਦਰ ਸਿੰਘ ਪ੍ਰਵਾਨਾ ਨੇ ਮੰਚ ਸੰਚਾਲਨ ਕਰਦਿਆਂ ਕਿਹਾ ਕਿ ਸ੍ਰੀ ਗੁਰੂ ਅੰਗਦ ਦੇਵ ਜੀ ਦੇ ਸਮੇਂ ਪੰਜਾਬੀ ਲਿਪੀ, ਲੰਗਰਾਂ ਦੀ ਸੇਵਾ ਸੰਭਾਲ ਅਤੇ ਇਸਤਰੀਆਂ ਦੇ ਸਨਮਾਨ ਦਾ ਵਿਸਥਾਰ ਹੋਇਆ। ਪ੍ਰਚਾਰ ਕੇਂਦਰ ਖੋਲ੍ਹੇ ਗਏ ਅਤੇ ਸ੍ਰੀ ਗੁਰੂ ਨਾਨਕ ਦੇਵ ਜੀ ਦੀ ਵਿਚਾਰਧਾਰਾ ਨੂੰ ਅਗਾਂਹ ਤੋਰਿਆ ਗਿਆ, ਜਿਸ ਨੇ ਅੱਜ ਸੰਸਾਰ ਭਰ ਵਿਚ ਆਪਣੀ ਪ੍ਰਭਾਵਸ਼ਾਲੀ ਪਛਾਣ ਬਣਾਈ ਹੈ। ਇਸ ਮੌਕੇ ਕਵੀ ਤਰਸੇਮ ਸਿੰਘ ਸੁੰਮਨ, ਗੁਰਦਿਆਲ ਸਿੰਘ ਨੂਰਪੁਰੀ, ਜਸਦੀਪ ਸਿੰਘ ਫਰੀਮੌਂਟ ਅਤੇ ਮਹਿੰਦਰ ਸਿੰਘ ਰਾਜਪੂਤ ਨੇ ਸ੍ਰੀ ਗੁਰੂ ਅਗੰਦ ਦੇਵ ਜੀ ਦੇ ਜੀਵਨ ਕਾਲ ਅਤੇ ਸਿੱਖਿਆਵਾਂ 'ਤੇ ਆਧਾਰਤ ਇਤਿਹਾਸਕ ਕਵਿਤਾਵਾਂ ਨਾਲ ਸਾਂਝ ਪਾਈ। ਪ੍ਰਬੰਧਕਾਂ ਵੱਲੋਂ ਕਵੀਆਂ ਦਾ ਸਨਮਾਨ ਕੀਤਾ ਗਿਆ। ਧਾਰਮਿਕ ਕਵੀ ਦਰਬਾਰਾਂ ਵਿਚ ਸ਼ਾਮਲ ਹੋਣ ਲਈ 510-415-9377 ਜਾਂ 408-528-4489 'ਤੇ ਸੰਪਰਕ ਕੀਤਾ ਜਾ ਸਕਦਾ ਹੈ।

# ਵਿਦਿਅਕ ਸੰਸਥਾਂਵਾਂ ਅਤੇ ਧਰਮ ਸਥਾਨਾਂ ਵਿੱਚ ਪੰਜਾਬੀ ਦੀ ਪੜ੍ਹਾਈ ਵਾਸਤੇ ਢੁਕਵੇਂ ਪ੍ਰਬੰਧ ਕਰਨ ਉੱਤੇ ਜ਼ੋਰ

***ਪੰਜਾਬੀ ਲਿਖਾਰੀ ਸਭਾ ਸਿਆਟਲ ਵੱਲੋਂ ਕਰਵਾਏ ਸਮਾਗਮ ਵਿੱਚ ਅਹਿਮ ਵਿਚਾਰ ਵਟਾਂਦਰਾ***



**ਸਿਆਟਲ/ਬਿਊਰੋ ਨਿਊਜ਼:** ਪੰਜਾਬੀ ਲਿਖਾਰੀ ਸਭਾ ਸਿਆਟਲ ਵੱਲੋਂ ਉੱਦਮ ਕਰਦਿਆਂ "ਪੰਜਾਬੀ ਮਾਂ ਬੋਲੀ ਤੇ ਵਿਰਸੇ ਨੂੰ ਕਿਵੇਂ ਸੰਭਾਲੀਏ" ਇਕ ਵਿਸ਼ੇਸ਼ ਸਮਾਗਮ ਕਰਵਾਇਆ ਗਿਆ ਜਿਸ ਵਿਚ ਬਹੁਤ ਸਾਰੇ ਲੇਖਕ, ਵਿਦਵਾਨ, ਚਿੰਤਕ ਅਤੇ ਸਰੋਤਿਆਂ ਨੇ ਭਾਗ ਲਿਆ। ਵਿਦਵਾਨ ਬੁਲਾਰਿਆਂ ਦਾ ਵਿਚਾਰ ਸੀ ਕਿ ਮਾਂ ਬੋਲੀ ਦੀ ਨਿੱਘਰਦੀ ਹਾਲਤ ਦੀ ਚਿੰਤਾ ਤਾਂ ਬਹੁਤਿਆਂ ਨੂੰ ਹੈ, ਦੇਸ਼ ਵਿਦੇਸ਼ ਵਿਚ ਸਾਹਿਤ ਸਭਾਵਾਂ ਵਲੋਂ ਅਤੇ ਵਿਅਕਤੀਗਤ ਤੌਰ ਤੇ ਵੀ ਉਪਰਾਲੇ ਹੋ ਰਹੇ ਪਰ ਸਰਕਾਰਾਂ ਨੂੰ ਕੋਈ ਚਿੰਤਾ ਨਹੀਂ ਜਾਪਦੀ। ਚੜ੍ਹਦੇ ਤੇ ਲਹਿੰਦੇ ਪੰਜਾਬ ਅੰਦਰ ਬੌਧਿਕ, ਆਰਥਿਕ, ਸਮਾਜਿਕ ਹਮਲਿਆਂ ਨੇ ਜਿੱਥੇ ਦੇਸ਼ ਪੰਜਾਬ ਨੂੰ ਅੱਧ ਵਿਚਕਾਰੋਂ ਵੰਡਿਆ ਹੁਣ ਇਸ ਦੀ ਬੋਲੀ ਅਤੇ ਵਿਰਸਾ ਨਿਸ਼ਾਨੇ ਤੇ ਹੈ। ਵਿਦਵਾਨਾਂ ਦੇ ਆਸ਼ਾਵਾਦੀ ਅਤੇ ਨਿਰਾਸ਼ਾਵਾਦੀ ਵਿਚਾਰਾਂ ਵਿਚੋਂ ਇਹ ਗਲ ਉੱਭਰ ਕੇ ਸਾਹਮਣੇ ਆਉਂਦੀ ਸੀ ਕਿ ਘਰਾਂ ਵਿਚ ਬੱਚਿਆਂ ਨਾਲ ਪੰਜਾਬੀ ਬੋਲਣੀ ਜ਼ਰੂਰੀ ਕਰਨ ਦੇ ਨਾਲ ਨਾਲ ਸਕੂਲਾਂ ਕਾਲਜਾਂ ਯੂਨੀਵਰਸਿਟੀਆਂ, ਗੁਰਦੁਆਰੇ, ਮੰਦਰ, ਮਸੀਤਾਂ ਅਤੇ ਚਰਚਾਂ ਵਿਚ ਪੰਜਾਬੀ ਦੀਆਂ ਕਲਾਸਾਂ ਲਾਜ਼ਮੀ ਕਰਨੀਆਂ ਚਾਹੀਦੀਆਂ ਹਨ।

ਐਤਵਾਰ 9 ਸਤੰਬਰ ਨੂੰ ਮਹਾਰਾਜਾ ਰੈਸਟੋਰੈਂਟ ਵਿਖੇ ਹੋਈ ਇਸ ਸਾਹਿਤਕ ਵਿਚਾਰ ਗੋਸ਼ਟੀ ਅਤੇ ਕਵੀ ਦਰਬਾਰ ਵਿਚ ਭਾਗ ਲੈਣ ਵਾਲੇ ਲੇਖਕਾਂ ਅਤੇ ਵਿਦਵਾਨਾਂ ਵਿਚ ਪੰਜਾਬੀ ਸਾਹਿਤ ਸਭਾ ਕੈਲੀਫੋਰਨੀਆਂ ਦੇ ਪ੍ਰਧਾਨ ਦਲਬੀਰ (ਦਿਲ) ਸਿੰਘ ਨਿੱਝਰ, ਸਕੱਤਰ ਇੰਦਰਜੀਤ ਸਿੰਘ ਗਰੇਵਾਲ, ਬੈਲਿੰਘਮ ਤੋਂ ਡਾ. ਸੁਖਵੀਰ ਸਿੰਘ ਬੀਲ੍ਹਾ, ਜਿਨ੍ਹਾਂ ਨੇ ਪਰਚਾ ਵੀ ਪੜ੍ਹਿਆ, ਜਸਕਰਨ ਕੌਰ ਬਰਾੜ, ਇੰਡੀਆ ਤੋਂ ਪ੍ਰੋਫੈਸਰ ਸਵਿੰਦਰ ਸਿੰਘ ਛੀਨਾ, ਸਿਆਟਲ ਸਭਾ ਦੇ ਗਜ਼ਲਗੋ ਹਰਭਜਨ ਸਿੰਘ ਬੈਂਸ, ਵਾਸਦੇਵ ਸਿੰਘ ਪਰਹਾਰ, ਅਵਤਾਰ ਸਿੰਘ ਆਦਮਪੁਰੀ, ਸਵਰਾਜ ਕੌਰ, ਸ਼ਿੰਦਰਪਾਲ ਸਿੰਘ ਔਜਲਾ, ਬਲਿਹਾਰ ਲਹਿਲ, ਹਰਦਿਆਲ ਸਿੰਘ ਚੀਮਾਂ ਬਹਿਣੀਵਾਲੀਆ, ਮਨਜੀਤ ਕੌਰ ਗਿੱਲ, ਪ੍ਰੇਮ ਕੁਮਾਰ, ਸ਼ੰਗਾਰ ਸਿੰਘ ਸਿੱਧੂ, ਜੇ. ਬੀ. ਸਿੰਘ ਡਾ:, ਮਹਿੰਦਰ ਚੀਮਾ, ਜੰਗਪਾਲ ਸਿੰਘ, ਹਰਪਾਲ ਸਿੱਧੂ, ਭਾਈ ਹਰਜੋਤ ਸਿੰਘ ਤੇ ਭਗੀਰਥ ਸਿੰਘ ਦੀ ਕਵੀਸ਼ਰ ਜੋੜੀ, ਕਰਨੈਲ ਕੈਲ, ਈਸ਼ਰ ਸਿੰਘ ਗਰਚਾ, ਜਸਬੀਰ ਸਹੋਤਾ ਅਤੇ ਬਹਾਦਰ ਸਿੰਘ, ਰਣਜੀਤ ਕੌਰ ਪੰਨੂ, ਜਸਬੀਰ ਕੌਰ ਸਿੱਧੂ, ਸੁਧੀਰ ਚੰਦਰ ਰਲ੍ਹਨ, ਅਤੇ ਪ੍ਰੋਫੈਸਰ ਤਿਰਵਾੜੀ ਸ਼ਾਮਲ ਸਨ। ਮੁੱਖ ਮਹਿਮਾਨਾਂ ਦੀਆਂ ਕੁਰਸੀਆਂ ਉੱਤੇ ਦਲਬੀਰ ਸਿੰਘ ਨਿੱਝਰ, ਸੁਖਵੀਰ ਸਿੰਘ ਬੀਲ੍ਹਾ, ਸਵਿੰਦਰ ਸਿੰਘ ਛੀਨਾ, ਹਰਭਜਨ ਸਿੰਘ ਬੈਂਸ ਅਤੇ ਪ੍ਰੇਮ ਕੁਮਾਰ ਸੁਸ਼ੋਭਿਤ ਸਨ। ਸਭਾ ਵਲੋਂ ਦਲਬੀਰ ਸਿੰਘ ਨਿੱਝਰ,ਇੰਦਰਜੀਤ ਸਿੰਘ ਗਰੇਵਾਲ, ਸੁਖਵੀਰ ਸਿੰਘ ਬੀਲ੍ਹਾ, ਸਵਿੰਦਰ ਸਿੰਘ ਛੀਨਾ ਅਤੇ ਜਸਕਰਨ ਕੌਰ ਬਰਾੜ ਨੂੰ ਸਨਮਾਨਿਤ ਵੀ ਕੀਤਾ ਗਿਆ। ਮਹਾਰਾਜਾ ਰੈਸਟੋਰੈਂਟ ਦੇ ਮਾਲਕ ਸੈਮ ਵਿਰਕ ਨੇ ਹਾਲ ਅਤੇ ਚਾਹ ਪਾਣੀ ਦੀ ਫਰੀ ਸੇਵਾ ਕੀਤੀ ਅਤੇ ਕਿਹਾ ਕਿ ਪੰਜਾਬੀ ਲਿਖਾਰੀ ਸਭਾ ਸਿਆਟਲ ਵਾਸਤੇ 10120 SE 260rh street, Kent WA ਤੇ ਸਥਿਤ ਇਹ ਹਾਲ ਹਮੇਸ਼ਾ ਖੁੱਲਾ ਰਹੇਗਾ। ਟੀ ਵੀ ਏਸ਼ੀਆ ਵਲੋਂ ਇਸ ਪ੍ਰੋਗਰਾਮ ਦੀ ਕਵਰੇਜ਼ ਕੀਤੀ ਗਈ। ਸਭਾ ਦੇ ਪ੍ਰਧਾਨ ਅਵਤਾਰ ਸਿੰਘ ਆਦਮਪੁਰੀ ਵਲੋਂ ਪਹੁੰਚੇ ਲੇਖਕਾਂ, ਵਿਦਵਾਨਾਂ, ਸਰੋਤਿਆਂ, ਸੈਮ ਵਿਰਕ ਮਹਾਰਾਜਾ ਰੈਸਟੋਰੈਂਟ ਦੇ ਮਾਲਕ, ਟੀ ਵੀ ਏਸ਼ੀਆ, ਰੇਡੀਓ ਪੰਜਾਬ ਸੱਭ ਦਾ ਹਾਰਦਿਕ ਧੰਨਵਾਦ ਕਰਦੇ ਹੋਏ ਪੰਜਾਬੀ ਮਾਂ ਬੋਲੀ ਦੀ ਚੜ੍ਹਦੀ ਕਲਾ ਅਤੇ ਰੌਸ਼ਨ ਭਵਿੱਖ ਲਈ ਦੁਆ ਕੀਤੀ ਗਈ।

# ਕਹਾਣੀਕਾਰ ਜਰਨੈਲ ਸਿੰਘ ਨੂੰ ਦਿੱਤਾ ਜਾਵੇਗਾ ਕੌਮਾਂਤਰੀ ਢਾਹਾਂ ਸਾਹਿਤ ਇਨਾਮ

***ਦੂਜਾ ਇਨਾਮ ਜ਼ਾਹਿਦ ਹਸਨ ਤੇ ਤੀਜਾ ਇਨਾਮ ਕਹਾਣੀਕਾਰ ਸਿਮਰਨ ਧਾਲੀਵਾਲ ਨੂੰ***

**ਵੈਨਕੂਵਰ (ਬ੍ਰਿਟਿਸ਼ ਕੋਲੰਬੀਆ)/ਬਿਊਰੋ ਨਿਊਜ਼ :** ਇਨਾਮ ਰਾਸ਼ੀ ਪੱਖੋਂ ਪੰਜਾਬੀ ਦੇ ਸਭ ਤੋਂ ਵੱਡੇ ਸਾਹਿਤ ਸਨਮਾਨ 'ਢਾਹਾਂ ਸਾਹਿਤ ਇਨਾਮ' ਦੇ ਸਾਲ 2016 ਦੇ ਜੇਤੂਆਂ ਦਾ ਐਲਾਨ ਕਰ ਦਿੱਤਾ ਗਿਆ ਹੈ। 25,000 ਕੈਨੇਡੀਅਨ ਡਾਲਰ ਦਾ ਸਭ ਤੋਂ ਵੱਡਾ ਐਵਾਰਡ ਇਸ ਵਾਰ ਨਾਮਵਰ ਪੰਜਾਬੀ ਕਹਾਣੀਕਾਰ ਜਰਨੈਲ ਸਿੰਘ ਨੂੰ ਦਿੱਤਾ ਜਾਵੇਗਾ। ਜਰਨੈਲ ਸਿੰਘ ਨੂੰ ਇਹ ਇਨਾਮ 2015 ਵਿੱਚ ਛਪੀ ਉਨ੍ਹਾਂ ਦੀ ਕਹਾਣੀ ਪੁਸਤਕ 'ਕਾਲੇ ਵਰਕੇ' ਲਈ ਦਿੱਤਾ ਗਿਆ ਹੈ। 5,000 ਕੈਨੇਡੀਅਨ ਡਾਲਰ ਦੀ ਰਾਸ਼ੀ ਵਾਲੇ ਦੋ ਦੂਜੇ ਇਨਾਮ ਸ਼ਾਹਮੁਖੀ ਵਿੱਚ ਲਿਖੇ ਨਾਵਲ 'ਤੱਸੀ ਧਰਤੀ' ਦੇ ਲੇਖਕ ਜ਼ਾਹਿਦ ਹਸਨ (ਲਾਹੌਰ) ਅਤੇ ਕਹਾਣੀ ਸੰਗ੍ਰਹਿ 'ਉਸ ਪਲ' ਦੇ ਲੇਖਕ ਨੌਜਵਾਨ ਕਹਾਣੀਕਾਰ ਸਿਮਰਨ ਧਾਲੀਵਾਲ ਨੂੰ ਦੇਣ ਦਾ ਐਲਾਨ ਕੀਤਾ ਗਿਆ ਹੈ। ਢਾਹਾਂ ਇਨਾਮ ਦੇ ਸੰਸਥਾਪਕ ਬਰਜਿੰਦਰ ਸਿੰਘ ਢਾਹਾਂ ਨੇ ਕਿਹਾ ਕਿ ਜਰਨੈਲ ਸਿੰਘ ਦੀਆਂ ਕਹਾਣੀਆਂ ਉੱਤਰੀ ਅਮਰੀਕਾ ਵਿੱਚ ਵਸਦੇ ਪੰਜਾਬੀ ਪਰਵਾਸੀਆਂ ਦੇ ਜੀਵਨ ਅਨੁਭਵ ਦੀ ਮੌਲਿਕ ਤਸਵੀਰਕਸ਼ੀ ਕਰਦੀਆਂ ਹਨ। ਟੋਰਾਂਟੋ ਵਾਸੀ ਜਰਨੈਲ ਸਿੰਘ ਦਾ ਪਿਛੋਕੜ ਪੰਜਾਬ ਦੇ ਹੁਸ਼ਿਆਰਪੁਰ ਜ਼ਿਲ੍ਹੇ ਨਾਲ ਹੈ ਅਤੇ ਉਹ ਇੰਡੀਅਨ ਏਅਰ ਫੋਰਸ ਤੋਂ ਰਿਟਾਇਰ ਹੋਏ ਹਨ। 1988 ਤੋਂ ਉਹ ਕੈਨੇਡਾ ਵਿਚ ਰਹਿ ਰਹੇ ਹਨ। ਉਨ੍ਹਾਂ ਦੀਆਂ ਕਈ ਕਿਤਾਬਾਂ ਪੰਜਾਬ/ਹਰਿਆਣਾ ਵਿੱਚ ਕਈ ਯੂਨੀਵਰਸਿਟੀ ਸਿਲੇਬਸਾਂ ਦਾ ਹਿੱਸਾ ਹਨ ਅਤੇ ਉਨ੍ਹਾਂ ਨੂੰ ਪੰਜਾਬ ਸਰਕਾਰ ਦਾ ਪਰਵਾਸੀ ਪੰਜਾਬੀ ਲੇਖਕ ਵਜੋਂ ਸ਼੍ਰੋਮਣੀ ਸਾਹਿਤਕਾਰ ਐਵਾਰਡ ਵੀ ਮਿਲ ਚੁੱਕਾ ਹੈ। ਦੂਜੇ ਇਨਾਮ ਦੇ ਜੇਤੂ ਜ਼ਾਹਿਦ ਹਸਨ ਦਾ ਸਬੰਧ ਲਹਿੰਦੇ ਪੰਜਾਬ ਦੇ ਜ਼ਿਲ੍ਹੇ ਫੈਸਲਾਬਾਦ ਨਾਲ ਹੈ ਅਤੇ 1985 ਤੋਂ ਉਹ ਲਾਹੌਰ ਵਿਚ ਰਹਿ ਰਹੇ ਹਨ। ਉਨ੍ਹਾਂ ਦਾ ਇਨਾਮ ਜੇਤੂ ਨਾਵਲ 'ਤੱਸੀ ਧਰਤੀ' ਅਣਵੰਡੇ ਪੰਜਾਬ ਵਿਚ ਬਾਰ ਦੇ ਇਲਾਕੇ ਦੇ ਜੀਵਨ ਸੰਘਰਸ਼ਾਂ ਨੂੰ ਚਿਤਰਨ ਵਾਲਾ ਆਂਚਲਿਕ ਨਾਵਲ ਹੈ। ਦੂਜੇ ਇਨਾਮ ਦੇ ਜੇਤੂ ਲੇਖਕ ਸਿਮਰਨ ਧਾਲੀਵਾਲ ਦਾ ਸਬੰਧ ਪੰਜਾਬ ਦੇ ਤਰਨਤਾਰਨ ਜ਼ਿਲ੍ਹੇ ਨਾਲ ਹੈ। ਇਹ ਨੌਜਵਾਨ ਲੇਖਕ ਗੁਰੂ ਨਾਨਕ ਦੇਵ ਯੂਨੀਵਰਸਿਟੀ ਦੇ ਪੱਟੀ ਕੈਂਪਸ ਵਿਚ ਸਹਾਇਕ ਪ੍ਰੋਫੈਸਰ ਹੈ ਅਤੇ ਉਸ ਦੇ ਪਲੇਠੇ ਕਹਾਣੀ ਸੰਗ੍ਰਹਿ 'ਆਸ ਅਜੇ ਬਾਕੀ ਹੈ' ਨੂੰ ਸਾਹਿਤ ਅਕਾਦਮੀ ਦਾ ਯੁਵਾ-ਸਾਹਿਤ ਪੁਰਸਕਾਰ ਮਿਲ ਚੁੱਕਾ ਹੈ। ਢਾਹਾਂ ਅਵਾਰਡ ਜਿੱਤਣ ਵਾਲਾ ਉਸ ਦਾ ਕਹਾਣੀ ਸੰਗ੍ਰਹਿ 'ਉਸ ਪਲ' ਉਸ ਦਾ ਦੂਜਾ ਕਹਾਣੀ ਸੰਗ੍ਰਹਿ ਹੈ।

# ਭਾਰਤੀ ਵਿਰੋਧੀ ਨਸਲੀ ਟਿੱਪਣੀਆਂ ਕਰਨ ਵਾਲੇ ਪਾਕਿ ਅਦਾਕਾਰ ਨੂੰ ਸ਼ੋਅ ਵਿਚੋਂ ਕੱਢਿਆ

**ਲੰਡਨ/ਬਿਊਰੋ ਨਿਊਜ਼ :**



'ਕੋਰੋਨੇਸ਼ਨ ਸਟ੍ਰੀਟ' ਦੇ ਅਦਾਕਾਰ ਪਾਕਿਸਤਾਨ ਵਿਚ ਜਨਮੇ ਮਾਰਕ ਅਨਵਰ ਨੂੰ ਸੋਸ਼ਲ ਮੀਡੀਆ 'ਤੇ ਭਾਰਤੀਆਂ ਖਿਲਾਫ਼ ਨਸਲਵਾਦੀ ਟਿੱਪਣੀਆਂ ਕਰਨ ਕਾਰਨ ਬਰਤਾਨਵੀਂ ਟੀ.ਵੀ. ਸ਼ੋਅ ਤੋਂ ਕੱਢ ਦਿੱਤਾ ਗਿਆ ਹੈ। ਕਸ਼ਮੀਰ ਵਿਚ ਭਾਰਤੀ ਫੌਜ ਦੇ ਇਕ ਕੈਂਪ 'ਤੇ ਹਮਲੇ ਤੋਂ ਬਾਅਦ ਉਸ ਨੇ ਇਹ ਟਿੱਪਣੀਆਂ ਕੀਤੀਆਂ ਹਨ। ਸ਼ੋਅ ਵਿਚ ਸ਼ਰੀਫ ਨਜ਼ੀਰ ਦਾ ਕਿਰਦਾਰ ਨਿਭਾਅ ਰਹੇ ਅਨਵਾਰ ਨੇ ਟਵੀਟਰ 'ਤੇ ਭਾਰਤੀਆਂ ਲਈ ਅਪਸ਼ਬਦਾਂ ਦਾ ਇਸਤੇਮਾਲ ਕੀਤਾ ਹੈ। ਉਸ ਨੇ ਟਵੀਟਰ 'ਤੇ ਲਿਖਿਆ ਕਿ ਪਾਕਿਸਤਾਨੀ ਕਲਾਕਾਰ ਭਾਰਤ ਵਿਚ ਕੰਮ ਕਿਉਂ ਕਰਨਾ ਚਾਹੁੰਦੇ ਹਨ। ਕੀ ਉਨ੍ਹਾਂ ਨੂੰ ਪੈਸੇ ਨਾਲ ਇੰਨਾ ਪਿਆਰ ਹੈ ? ਉਸ ਨੇ ਪਾਕਿਸਤਾਨ ਵਿਚ ਭਾਰਤੀ ਫਿਲਮਾਂ 'ਤੇ ਪਾਬੰਦੀ ਲਾਉਣ ਦੀ ਮੰਗ ਵੀ ਕੀਤੀ।


CAPITAL SERVICES

Capital services

ਸਾਰੀਆਂ ਸੇਵਾਵਾਂ ਇਕੋ ਥਾਂ

- ਇੰਡੀਅਨ ਪਾਸਪੋਰਟ
- ਇੰਡੀਅਨ ਵੀਜ਼ਾ, OCI
- ਮੁਖਤਿਆਰਨਾਮਾ
- ਇਮੀਗਰੇਸ਼ਨ ਸਰਵਿਸਜ਼
- ਸਿਟੀਜਨ, ਗਰੀਨ ਕਾਰਡ
- ਫੈਮਲੀ ਪਟੀਸ਼ਨ




ਜੇਕਰ ਤੁਸੀਂ ਜਾਂ ਤੁਹਾਡਾ ਕੋਈ ਰਿਸ਼ਤੇਦਾਰ ਅਮਰੀਕਾ ਵਿਚ ਨਵਾਂ ਆਇਆ ਹੈ ਤਾਂ ਇੰਟਰਨੈਸ਼ਨਲ ਡਰਾਇਵਿੰਗ ਲਾਇਸੰਸ ਲੈਣ ਲਈ ਸੰਪਰਕ ਕਰੋ

ਹੋਰ ਸੇਵਾਵਾਂ

* ਕਾਰ ਟਰਾਂਸਫਰ/ਸਟਿੱਕਰ
* ਇੰਸ਼ੋਰੈਂਸ : ਕਾਰ, ਘਰ ਤੇ ਬਿਜਨਸ
* ਲਾਈਵ ਸਕੈਨ/ਫਿੰਗਰ ਪ੍ਰਿੰਟ
* ਨੋਟਰੀ ਪਬਲਿਕ, ਮੇਲ ਬੌਕਸ, ਫੈਕਸ, ਕਾਪੀ,
* ਬਿਜਨਸ ਕਾਰਡ, ਵਿਆਹ ਦੇ ਕਾਰਡ ਅਤੇ ਹੋਰ

Call, Banga (916) 427-4321, Fax (916) 258-0441

Email : sacramento99@yahoo.co, website: capitalservices.us


# 'ਦਾਰਾ' ਫਿਲਮ ਦੀ ਸਫਲਤਾ ਤੋਂ ਬਾਅਦ ਜਲਦੀ ਆਵੇਗੀ ਦੂਸਰੀ ਫਿਲਮ : ਦਲਵਿੰਦਰ ਗੋਰਾਇਆ



**ਫਰੀਮੌਂਟ/ਬਿਊਰੋ ਨਿਊਜ਼ :**

ਨਾਮਵਰ ਪੰਜਾਬੀ ਫ਼ਿਲਮ ਨਿਰਮਾਤਾ ਦਲਵਿੰਦਰ ਗੋਰਾਇਆ ਅਤੇ ਅਮਰੀਕਾ ਵੱਸਦੇ ਉਨ੍ਹਾਂ ਦੇ ਛੋਟੇ ਭਰਾ ਹਰਭਜਨ ਗੋਰਾਇਆ ਵਲੋਂ ਫਿਲਮ 'ਦਾਰਾ' ਦੀ ਸਫਲਤਾ ਲਈ ਦਰਸ਼ਕਾਂ ਅਤੇ ਸਹਿਯੋਗੀਆਂ ਦਾ ਤਹਿ ਦਿਲੋਂ ਧੰਨਵਾਦ ਕੀਤਾ ਗਿਆ। ਇਸ ਮੌਕੇ ਗੱਲਬਾਤ ਕਰਦਿਆਂ ਦਲਵਿੰਦਰ ਗੋਰਾਇਆ ਅਤੇ ਹਰਭਜਨ ਗੋਰਾਇਆ ਨੇ 'ਗੋਰਾਇਆ ਫਿਲਮ ਇੰਟਰਪ੍ਰਾਈਜਜ਼ ਪ੍ਰਾਈਵੇਟ ਲਿਮਟਿਡ' ਵਲੋਂ ਬਣਾਈ ਗਈ ਫਿਲਮ 'ਦਾਰਾ' ਦੀ ਸਫਲਤਾ ਲਈ ਫਿਲਮ ਦੀ ਪੂਰੀ ਟੀਮ ਅਤੇ ਸਹਿਯੋਗੀਆਂ ਨੂੰ ਵਧਾਈ ਦਿੱਤੀ ਹੈ ਅਤੇ ਖਾਸ ਕਰਕੇ ਉਨ੍ਹਾਂ ਨੇ ਦਰਸ਼ਕਾਂ ਦਾ ਧੰਨਵਾਦ ਕੀਤਾ, ਜਿਨ੍ਹਾਂ ਨੇ ਫਿਲਮ ਨੂੰ ਸਫਲ ਬਣਾਇਆ। ਉਨ੍ਹਾਂ ਦੱਸਿਆ ਕਿ ਫਿਲਮ 'ਦਾਰਾ' ਦੇ ਡਾਇਰੈਕਟਰ ਪ੍ਰਵੀਨ ਕੁਮਾਰ ਸਨ, ਜਿਨ੍ਹਾਂ ਨੇ ਬਹੁਤ ਹੀ ਵਧੀਆ ਸਟੋਰੀ ਲਿਖੀ ਜਿਸ ਨੂੰ ਦਰਸ਼ਕਾਂ ਵਲੋਂ ਬੇਹਦ ਪਸੰਦ ਕੀਤਾ ਗਿਆ। ਉਨ੍ਹਾਂ ਕਿਹਾ ਕਿ ਇਸ ਫਿਲਮ ਦੀ ਸਟਾਰ ਕਾਸਟਿੰਗ ਵਿਚ ਗੁਰਪ੍ਰੀਤ ਘੁੱਗੀ, ਪੰਮੀ ਭਾਈ, ਹੈਪੀ ਰਾਏਕੋਟੀ ਸਮੇਤ ਹੋਰ ਕਲਾਕਾਰਾਂ ਨੇ ਫਿਲਮ ਨੂੰ ਸਫਲ ਬਣਾਉਣ ਵਿਚ ਅਹਿਮ ਭੂਮਿਕਾ ਨਿਭਾਈ। ਗੋਰਾਇਆ ਭਰਾਵਾਂ ਨੇ ਅੱਗੇ ਦੱਸਿਆ ਕਿ ਜਲਦ ਹੀ ਉਹ ਦੂਸਰੀ ਫਿਲਮ ਬਣਾਉਣ ਜਾ ਰਹੇ ਹਨ ਜਿਸ ਦੀ ਸਟਾਰ ਕਾਸਟਿੰਗ ਜਲਦ ਤਿਆਰ ਕਰ ਲਈ ਜਾਵੇਗੀ।

# ਕਾਂਗਰਸ ਨੇ ਚਮਕੌਰ ਸਾਹਿਬ ਤੋਂ ਸ਼ੁਰੂ ਕੀਤੀ 'ਜਵਾਨੀ ਸੰਭਾਲ' ਸਾਈਕਲ ਯਾਤਰਾ

**ਚਮਕੌਰ ਸਾਹਿਬ/ਬਿਊਰੋ ਨਿਊਜ਼ :** ਪੰਜਾਬ ਵਿਧਾਨ ਸਭਾ ਵਿੱਚ ਵਿਰੋਧੀ ਧਿਰ ਦੇ ਨੇਤਾ ਅਤੇ ਹਲਕਾ ਚਮਕੌਰ ਸਾਹਿਬ ਤੋਂ ਕਾਂਗਰਸ ਵਿਧਾਇਕ ਚਰਨਜੀਤ ਸਿੰਘ ਚੰਨੀ ਵੱਲੋਂ ਯੂਥ ਕਾਂਗਰਸ ਦੇ ਕੌਮੀ ਪ੍ਰਧਾਨ ਅਮਰਿੰਦਰ ਸਿੰਘ ਰਾਜਾ ਵੜਿੰਗ ਸਮੇਤ ਇੱਥੋਂ ਅਨਾਜ ਮੰਡੀ ਵਿੱਚੋਂ 'ਜਵਾਨੀ ਸੰਭਾਲ' ਸਾਈਕਲ ਯਾਤਰਾ ਨੂੰ ਝੰਡੀ ਵਿਖਾ ਕੇ ਰਵਾਨਾ ਕੀਤਾ ਗਿਆ। ਇਕੱਠ ਨੂੰ ਸੰਬੋਧਨ ਕਰਦਿਆਂ ਰਾਜਾ ਵੜਿੰਗ ਨੇ ਕਿਹਾ ਕਿ ਇਹ ਇਕੱਠ ਮੌਜੂਦਾ ਬਾਦਲ ਸਰਕਾਰ ਦੀਆਂ ਲੋਕ ਮਾਰੂ ਨੀਤੀਆਂ, ਸੂਬੇ ਵਿੱਚ ਫੈਲੇ ਭ੍ਰਿਸ਼ਟਾਚਾਰ ਅਤੇ ਬੇਰੁਜ਼ਗਾਰੀ ਤੋਂ ਮਾਯੂਸ ਲੋਕਾਂ ਦਾ ਹੈ, ਜੋ 2017 ਦੀਆਂ ਚੋਣਾਂ ਦੀ ਉਡੀਕ ਕਰ ਰਹੇ ਹਨ। ਵਿਸ਼ੇਸ਼ ਤੌਰ 'ਤੇ ਪੁੱਜੇ ਕਾਂਗਰਸ ਦੇ ਪੰਜਾਬ ਸਕੱਤਰ ਇੰਚਾਰਜ ਹਰੀਸ਼ ਚੌਧਰੀ ਨੇ ਕਿਹਾ ਕਿ ਪੰਜਾਬ ਵਿੱਚ ਅਕਾਲੀ-ਭਾਜਪਾ ਗੱਠਜੋੜ ਦੀਆਂ ਗਲਤ ਨੀਤੀਆਂ ਅਤੇ ਸੂਬੇ ਦੇ ਇੱਕ ਅਕਾਲੀ ਮੰਤਰੀ ਵੱਲੋਂ ਵਰਤਾਏ ਜਾ ਰਹੇ ਨਸ਼ਿਆਂ ਕਾਰਨ ਅੱਜ ਪੰਜਾਬ ਦੇਸ਼ ਵਿੱਚ ਪਹਿਲੇ ਸਥਾਨ ਤੋਂ 16ਵੇਂ ਸਥਾਨ 'ਤੇ ਪੁੱਜ ਗਿਆ ਹੈ, ਜਿਸ 'ਤੇ ਅਕਾਲੀ ਦਲ ਅਤੇ ਭਾਜਪਾ ਵੱਲੋਂ ਮਾਣ ਕੀਤਾ ਜਾ ਰਿਹਾ ਹੈ। ਉਨ੍ਹਾਂ ਵਾਅਦਾ ਕੀਤਾ ਕਿ ਕਾਂਗਰਸ ਸਰਕਾਰ ਬਣਨ 'ਤੇ ਪਹਿਲੇ ਸਾਲ ਦੇ ਅੰਦਰ ਨੌਜਵਾਨਾਂ ਨਾਲ ਕੀਤੇ ਸਾਰੇ ਵਾਅਦੇ ਪੂਰੇ



ਕੀਤੇ ਜਾਣਗੇ। ਇਸ ਮੌਕੇ ਸ੍ਰੀ ਚੰਨੀ ਨੇ ਐਲਾਨ ਕੀਤਾ ਕਿ ਕਾਂਗਰਸ ਸਰਕਾਰ ਬਣਦਿਆਂ ਹੀ ਇਸ ਸਾਈਕਲ ਯਾਤਰਾ ਵਿੱਚ ਸ਼ਾਮਲ ਸਾਰੇ ਨੌਜਵਾਨਾਂ ਨੂੰ ਨੌਕਰੀਆਂ ਦਿੱਤੀਆਂ ਜਾਣਗੀਆਂ। ਉਨ੍ਹਾਂ ਦੱਸਿਆ ਕਿ ਇਸ ਸਾਈਕਲ ਯਾਤਰਾ ਵਿੱਚ ਇੱਕ ਹਜ਼ਾਰ ਨੌਜਵਾਨ ਸ਼ਾਮਲ ਹਨ, ਜੋ ਰੋਜ਼ਾਨਾ 50 ਕਿਲੋਮੀਟਰ ਦਾ ਸਫਰ ਤੈਅ ਕਰਕੇ ਤਲਵੰਡੀ ਸਾਬੋ ਪੁੱਜੇਗੀ।

### *ਕੈਪਟਨ ਦੀ ਕੇਜਰੀਵਾਲ ਨਾਲ ਤੁਲਨਾ ਨਹੀਂ : ਹਰੀਸ਼ ਚੌਧਰੀ*

*ਪੰਜਾਬ ਕਾਂਗਰਸ ਦੇ ਸਕੱਤਰ ਇੰਚਾਰਜ ਹਰੀਸ਼ ਚੌਧਰੀ ਨੇ ਕਿਹਾ ਕਿ ਦਿੱਲੀ ਦੇ ਮੁੱਖ ਮੰਤਰੀ ਅਰਵਿੰਦ ਕੇਜਰੀਵਾਲ ਨੇ ਦਿੱਲੀ ਦੇ ਲੋਕਾਂ ਨੂੰ ਗੁਮਰਾਹ ਕਰਕੇ ਸੱਤਾ ਹਾਸਲ ਕੀਤੀ ਹੈ, ਜਿਸ ਦਾ ਖਮਿਆਜ਼ਾ ਹੁਣ ਦਿੱਲੀ ਵਾਸੀਆਂ ਨੂੰ ਭੁਗਤਣਾ ਪੈ ਰਿਹਾ ਹੈ। ਆਮ ਆਦਮੀ ਪਾਰਟੀ ਨੇ ਚੋਣ ਮੈਨੀਫੈਸਟੋ ਵਿਚਲਾ ਇੱਕ ਵੀ ਵਾਅਦਾ ਪੂਰਾ ਨਹੀਂ ਕੀਤਾ। ਉਨ੍ਹਾਂ ਕਿਹਾ ਕਿ ਕੈਪਟਨ ਅਮਰਿੰਦਰ ਸਿੰਘ ਦੀ ਤੁਲਨਾ ਕੇਜਰੀਵਾਲ ਨਾਲ ਨਹੀਂ ਕੀਤੀ ਜਾ ਸਕਦੀ, ਕਿਉਂਕਿ ਕੈਪਟਨ ਨੇ 2002 ਦੀਆਂ ਚੋਣਾਂ ਦੌਰਾਨ ਰਾਜ ਦੇ ਲੋਕਾਂ ਨਾਲ ਜੋ ਵਾਅਦੇ ਕੀਤੇ ਸਨ, ਉਨ੍ਹਾਂ ਨੂੰ ਪੂਰਾ ਕਰਕੇ ਲੋਕਾਂ ਦਾ ਮਨ ਜਿੱਤਿਆ ਹੈ, ਜਿਸ ਕਾਰਨ ਹੁਣ ਪੰਜਾਬ ਦੇ ਲੋਕ ਕੈਪਟਨ ਦੀ ਸਰਕਾਰ ਨੂੰ ਵੇਖਣਾ ਚਾਹੁੰਦੇ ਹਨ।*

# ਅਕਾਲੀ-ਭਾਜਪਾ ਨੂੰ ਚਲਦਾ ਕਰਨ ਲਈ ਕਾਂਗਰਸ ਨੇ ਵਿੱਢੀਆਂ ਜ਼ੋਰਦਾਰ ਮੁਹਿੰਮਾਂ

**ਚੰਡੀਗੜ੍ਹ/ਬਿਊਰੋ ਨਿਊਜ਼ :** ਪੰਜਾਬ ਪ੍ਰਦੇਸ਼ ਕਾਂਗਰਸ ਕਮੇਟੀ ਨੇ 37 ਰੋਜ਼ਾ ਪ੍ਰਚਾਰ ਮੁਹਿੰਮ ਦੇ ਪਹਿਲੇ ਦਿਨ ਸੂਬੇ ਦੇ ਇੱਕ ਦਰਜਨ ਵਿਧਾਨ ਸਭਾ ਹਲਕਿਆਂ ਵਿੱਚ ਕੀਤੀਆਂ ਨੁੱਕੜ ਮੀਟਿੰਗਾਂ ਦੌਰਾਨ ਅਕਾਲੀ ਦਲ ਤੇ ਭਾਜਪਾ ਗਠਜੋੜ ਨੂੰ ਚਲਦਾ ਕਰਨ ਅਤੇ ਪੰਜਾਬ ਦੀ ਬਿਹਤਰੀ ਲਈ ਕਾਂਗਰਸ ਨੂੰ ਮੌਕਾ ਦੇਣ ਦਾ ਸੱਦਾ ਦਿੱਤਾ। ਪੰਜਾਬ ਪ੍ਰਦੇਸ਼ ਕਾਂਗਰਸ ਦੇ ਸੀਨੀਅਰ ਮੀਤ ਪ੍ਰਧਾਨ ਅਤੇ 37 ਰੋਜ਼ਾ ਮੁਹਿੰਮ ਦੇ ਇੰਚਾਰਜ ਸਾਬਕਾ ਮੰਤਰੀ ਲਾਲ ਸਿੰਘ ਨੇ ਦੱਸਿਆ ਕਿ ਸੰਗਰੂਰ ਲੋਕ ਸਭਾ ਹਲਕੇ ਦੇ ਲਹਿਰਾਗਾਗਾ ਵਿਧਾਨ ਸਭਾ ਹਲਕੇ ਵਿੱਚ ਇੱਕ ਦਿਨ ਪਹਿਲਾਂ ਛੇ ਮੀਟਿੰਗਾਂ ਕੀਤੀਆਂ ਗਈਆਂ। ਬਾਕੀ 12 ਲੋਕ ਸਭਾ ਹਲਕਿਆਂ ਦੇ 12 ਵਿਧਾਨ ਸਭਾ ਹਲਕਿਆਂ ਵਿੱਚ ਚਾਰ-ਚਾਰ ਮੀਟਿੰਗਾਂ ਕੀਤੀਆਂ ਗਈਆਂ।

ਉਨ੍ਹਾਂ ਦੱਸਿਆ ਕਿ 'ਪੰਜਾਬ ਬਚਾਓ ਕਾਂਗਰਸ ਲਿਆਓ' ਮੁਹਿੰਮ ਤਹਿਤ ਹਰੇਕ ਲੋਕ ਸਭਾ ਹਲਕੇ ਦੇ ਇੰਚਾਰਜ ਦੀ ਅਗਵਾਈ ਹੇਠ ਆਗੂਆਂ ਨੇ ਮੀਟਿੰਗਾਂ ਨੂੰ ਸੰਬੋਧਨ ਕਰਦਿਆਂ ਅਕਾਲੀ-ਭਾਜਪਾ ਸਰਕਾਰ ਨੂੰ ਕਿਸਾਨੀ ਤੇ ਜਵਾਨੀ ਦੀ ਤਬਾਹੀ ਲਈ ਜ਼ਿੰਮੇਵਾਰ ਠਹਿਰਾਉਂਦਿਆਂ ਚਲਦਾ ਕਰਨ ਦਾ ਸੱਦਾ ਦਿੱਤਾ। ਆਗੂਆਂ ਨੇ ਕਿਹਾ ਕਿ ਅਕਾਲੀਆਂ ਦੇ ਮਾੜੇ ਰਾਜਭਾਗ ਕਾਰਨ ਸੂਬੇ ਦੀ ਆਰਥਿਕਤਾ ਬੁਰੀ ਤਰ੍ਹਾਂ ਤਬਾਹ ਹੋ ਚੁੱਕੀ ਹੈ ਅਤੇ ਸਰਕਾਰੀ ਦਾਅਵਿਆਂ ਦੇ ਬਾਵਜੂਦ ਨਿਵੇਸ਼ ਨਹੀਂ ਹੋ ਰਿਹਾ।

ਨੁੱਕੜ ਮੀਟਿੰਗਾਂ ਦੌਰਾਨ ਸੂਬੇ ਵਿਚ ਨਸ਼ਿਆਂ ਦੇ ਫੈਲੇ ਤੰਦੂਆਂ ਜਾਲ ਦਾ ਜ਼ਿਕਰ ਕਰਦਿਆ ਕਾਂਗਰਸ ਦੇ ਸੱਤਾ ਵਿੱਚ ਆਉਣ 'ਤੇ ਨਸ਼ੇ ਦੇ ਸੌਦਾਗਰਾਂ ਅਤੇ ਉਨ੍ਹਾਂ ਦੇ ਭਾਈਵਾਲਾਂ ਨੂੰ ਚਾਰ ਹਫ਼ਤਿਆਂ ਵਿੱਚ ਜੇਲ੍ਹਾਂ ਵਿੱਚ ਡੱਕਣ ਦੇ ਵਾਅਦੇ ਕੀਤੇ ਗਏ। ਜਿਹੜੇ ਵਿਧਾਨ ਸਭਾ ਹਲਕਿਆਂ ਵਿੱਚ ਨੁੱਕੜ ਮੀਟਿੰਗਾਂ ਕੀਤੀਆਂ ਗਈਆਂ, ਉਨ੍ਹਾਂ ਵਿੱਚ ਕਾਦੀਆਂ, ਮਜੀਠਾ, ਖਡੂਰ ਸਾਹਿਬ, ਟਾਂਡਾ, ਫਿਲੌਰ, ਲੁਧਿਆਣਾ ਪੂਰਬੀ, ਆਨੰਦਪੁਰ ਸਾਹਿਬ, ਬੱਸੀ ਪਠਾਣਾਂ, ਰਾਜਪੁਰਾ, ਬਠਿੰਡਾ ਸ਼ਹਿਰੀ, ਨਿਹਾਲ ਸਿੰਘ ਵਾਲਾ, ਮੁਕਤਸਰ, ਸ਼ਾਮਲ ਹਨ। ਮੀਟਿੰਗਾਂ ਨੂੰ ਸੰਬੋਧਨ ਕਰਨ ਵਾਲੇ ਮੁੱਖ ਆਗੂਆਂ ਵਿੱਚ ਮਨਪ੍ਰੀਤ ਸਿੰਘ ਬਾਦਲ, ਸੁਨੀਲ ਜਾਖੜ, ਰਾਜਾ ਵੜਿੰਗ, ਵਿਜੇਇੰਦਰ ਸਿੰਗਲਾ, ਸਾਧੂ ਸਿੰਘ ਧਰਮਸੋਤ, ਕੁਲਜੀਤ ਸਿੰਘ ਨਾਗਰਾ, ਰਵਨੀਤ ਬਿੱਟੂ, ਚਰਨਜੀਤ ਸਿੰਘ ਚੰਨੀ, ਅਸ਼ਵਨੀ ਸੇਖੜੀ, ਹੰਸ ਰਾਜ ਹੰਸ, ਹਰਮਿੰਦਰ ਗਿੱਲ ਅਤੇ ਓ.ਪੀ. ਸੋਨੀ ਸ਼ਾਮਲ ਹਨ।

# ਇਸ਼ਤਿਹਾਰਾਂ ਰਾਹੀਂ ਹੋਵੇਗਾ ਬਾਦਲ ਸਰਕਾਰ ਦੇ 'ਵਿਕਾਸ' ਦਾ ਪ੍ਰਚਾਰ

**ਚੰਡੀਗੜ੍ਹ/ਬਿਊਰੋ ਨਿਊਜ਼ :** ਪੰਜਾਬ ਦੇ ਲੋਕ ਸੰਪਰਕ ਵਿਭਾਗ ਵੱਲੋਂ ਬਾਦਲ ਸਰਕਾਰ ਦੀ ਗੁੱਡੀ ਚੜ੍ਹਾਉਣ ਲਈ ਸਰਕਾਰੀ ਖ਼ਜ਼ਾਨੇ ਦੀ ਵਰਤੋਂ ਦਿਲ ਖੋਲ੍ਹ ਕੇ ਕੀਤੀ ਜਾ ਰਹੀ ਹੈ। ਚੋਣ ਵਰ੍ਹਾ ਹੋਣ ਕਰ ਕੇ ਸਰਕਾਰ ਦੀ ਇਸ਼ਤਿਹਾਰਬਾਜ਼ੀ 'ਤੇ ਹੋਣ ਵਾਲਾ ਖ਼ਰਚ ਪਿਛਲੇ ਪੰਜ ਸਾਲਾਂ ਦੇ ਕੁੱਲ ਖ਼ਰਚੇ ਨੂੰ ਵੀ ਪਾਰ ਕਰ ਜਾਵੇਗਾ। ਸਥਾਪਤੀ ਵਿਰੋਧੀ ਲਹਿਰ ਕਾਰਨ ਅਕਾਲੀ-ਭਾਜਪਾ ਗਠਜੋੜ ਸਰਕਾਰ ਨੂੰ ਲੋਕਾਂ ਦੀ ਨਾਰਾਜ਼ਗੀ ਝੱਲਣੀ ਪੈ ਰਹੀ ਹੈ। ਲੋਕਾਂ ਦੇ ਦਿਲਾਂ ਵਿੱਚ ਬਾਦਲਾਂ ਦੀ ਥਾਂ ਬਣਾਉਣ ਲਈ ਲੋਕ ਸੰਪਰਕ ਵਿਭਾਗ ਨੇ ਮੋਰਚਾ ਸੰਭਾਲਿਆ ਹੈ। ਇਕ ਅੰਦਾਜ਼ੇ ਮੁਤਾਬਕ ਸਾਲ 2016-17 ਦੌਰਾਨ ਇਸ਼ਤਿਹਾਰਾਂ ਲਈ 100 ਕਰੋੜ ਰੁਪਏ ਦਾ ਬਜਟ ਰੱਖਿਆ ਗਿਆ ਹੈ। ਵਿਭਾਗ ਦੇ ਅਧਿਕਾਰੀਆਂ ਦਾ ਦੱਸਣਾ ਹੈ ਕਿ ਚੋਣਾਂ ਦਾ ਐਲਾਨ ਹੋਣ ਵੇਲੇ ਤੱਕ 100 ਕਰੋੜ ਰੁਪਏ ਦੇ ਕਰੀਬ ਹੀ ਖ਼ਰਚ ਹੋਣ ਦਾ ਅਨੁਮਾਨ ਹੈ। ਚੋਣ ਜ਼ਾਬਤਾ ਦਸੰਬਰ ਮਹੀਨੇ ਦੇ ਅੱਧ ਤੱਕ ਲੱਗਣ ਦੇ ਆਸਾਰ ਹਨ। ਇਸ ਦੇ ਉਲਟ ਸਾਲ 2012-13 ਤੋਂ ਲੈ ਕੇ 2015-16 ਦੌਰਾਨ ਚਾਰ ਵਰ੍ਹਿਆਂ ਵਿੱਚ ਵਿਭਾਗ ਨੇ ਮਹਿਜ਼ 62 ਕਰੋੜ ਰੁਪਏ ਖ਼ਰਚੇ ਸਨ। ਚਲੰਤ ਮਾਲੀ ਸਾਲ ਦੌਰਾਨ (ਅਗਸਤ ਮਹੀਨੇ ਤੱਕ) 27 ਕਰੋੜ ਰੁਪਏ ਖ਼ਰਚ ਕਰ ਦਿੱਤੇ ਹਨ। ਬਾਦਲ ਸਰਕਾਰ ਵੱਲੋਂ ਆਪਣੀ ਗੁਆਚੀ ਸਾਖ ਬਚਾਉਣ ਲਈ ਖੇਤਰੀ ਅਤੇ ਕੌਮੀ ਮੀਡੀਆ ਦੇ ਨਾਲ ਨਾਲ ਸੋਸ਼ਲ ਮੀਡੀਆ ਦਾ ਵੀ ਸਹਾਰਾ ਲਿਆ ਜਾ ਰਿਹਾ ਹੈ। ਸ਼੍ਰੋਮਣੀ ਅਕਾਲੀ ਦਲ ਨੇ ਸੋਸ਼ਲ ਮੀਡੀਆ ਰਾਹੀਂ ਵੱਖਰੇ ਤੌਰ 'ਤੇ ਮੁਹਿੰਮ ਵਿੱਢੀ ਹੋਈ ਹੈ। ਗੈਰ ਸਰਕਾਰੀ ਸੰਸਥਾ 'ਹੈਲਪ' ਦੇ ਨੁਮਾਇੰਦੇ ਪਰਵਿੰਦਰ ਸਿੰਘ ਕਿੱਤਣਾ ਵੱਲੋਂ ਲੋਕ ਸੰਪਰਕ ਵਿਭਾਗ ਤੋਂ ਸੂਚਨਾ ਅਧਿਕਾਰ ਕਾਨੂੰਨ ਤਹਿਤ ਮੰਗੀ ਜਾਣਕਾਰੀ ਮੁਤਾਬਕ ਸਰਕਾਰ ਨੇ 2012-13 ਦੌਰਾਨ 8.42 ਕਰੋੜ ਰੁਪਏ ਦੇ ਇਸ਼ਤਿਹਾਰ ਦਿੱਤੇ, ਜਦੋਂ ਕਿ ਸਾਲ 2013-14 ਦੌਰਾਨ 17.68 ਕਰੋੜ ਰੁਪਏ, ਸਾਲ 2014-15 ਦੌਰਾਨ 6.33 ਕਰੋੜ ਰੁਪਏ, ਸਾਲ 2015-16 ਦੌਰਾਨ 31.55 ਕਰੋੜ ਰੁਪਏ ਅਤੇ ਚਲੰਤ ਮਾਲੀ ਸਾਲ ਦੇ ਪਹਿਲੇ ਪੰਜ ਮਹੀਨਿਆਂ ਦੌਰਾਨ ਹੀ ਅਗਸਤ ਤੱਕ 27.1 ਕਰੋੜ ਰੁਪਏ ਦੇ ਇਸ਼ਤਿਹਾਰ ਦਿੱਤੇ ਜਾ ਚੁੱਕੇ ਹਨ। ਇਨ੍ਹਾਂ ਤੱਥਾਂ ਤੋਂ ਇਕ ਗੱਲ ਸਾਹਮਣੇ ਆਉਂਦੀ ਹੈ ਕਿ ਸਰਕਾਰ ਨੇ ਇਸ ਕਾਰਜਕਾਲ ਦੌਰਾਨ ਪਹਿਲੇ ਚਾਰ ਵਿੱਤੀ ਵਰ੍ਹਿਆਂ ਦੌਰਾਨ ਇਸ਼ਤਿਹਾਰਬਾਜ਼ੀ 'ਤੇ 62 ਕਰੋੜ ਰੁਪਏ ਦਾ ਖ਼ਰਚ ਕਰ ਕੇ ਹੀ ਕੰਮ ਚਲਾ ਲਿਆ ਸੀ। ਤੱਥਾਂ ਮੁਤਾਬਕ ਸਰਕਾਰ ਨੇ ਲੰਘੇ ਮਾਲੀ ਸਾਲ 2015-16 ਦੌਰਾਨ ਹੀ ਇਸ਼ਤਿਹਾਰਾਂ 'ਤੇ ਖ਼ਰਚਾ ਵਧਾ ਦਿੱਤਾ ਸੀ। ਪਿਛਲੇ ਸਾਲ 31.55 ਕਰੋੜ ਰੁਪਏ ਖ਼ਰਚ ਕੀਤੇ ਗਏ ਸਨ। ਜ਼ਿਕਰਯੋਗ ਹੈ ਕਿ ਪਿਛਲੇ ਸਾਲ ਤੋਂ ਸਰਕਾਰ ਨੂੰ ਲੋਕਾਂ ਦੀ ਸਖ਼ਤ ਨਾਰਾਜ਼ਗੀ ਦਾ ਸਾਹਮਣਾ ਕਰਨਾ ਪੈ ਰਿਹਾ ਹੈ। ਗੁਰੂ ਗ੍ਰੰਥ ਸਾਹਿਬ ਦੀ ਬੇਅਦਬੀ ਦੀਆਂ ਘਟਨਾਵਾਂ ਕਾਰਨ ਸਰਕਾਰ ਨੂੰ ਨਮੋਸ਼ੀ ਝੱਲਣੀ ਪਈ। ਆਮ ਆਦਮੀ ਪਾਰਟੀ ਅਤੇ ਕਾਂਗਰਸ ਵੱਲੋਂ ਸਰਕਾਰ ਵਿਰੁੱਧ ਕੀਤੇ ਜਾਂਦੇ ਪ੍ਰਚਾਰ ਨੂੰ ਵੀ ਲੋਕ ਸੰਪਰਕ ਵਿਭਾਗ ਦੇ ਇਸ਼ਤਿਹਾਰਾਂ ਰਾਹੀਂ ਹੀ ਖੁੰਢਾ ਕਰਨ ਦੇ ਯਤਨ ਕੀਤੇ ਜਾ ਰਹੇ ਹਨ। ਪੰਜਾਬ ਅਤੇ ਚੰਡੀਗੜ੍ਹ ਦੇ ਸਿਨੇਮਾਘਰਾਂ ਵਿੱਚ ਵੀ ਸਰਕਾਰੀ ਵਿਭਾਗਾਂ ਦੀ ਕਾਰਗੁਜ਼ਾਰੀ ਸਬੰਧੀ ਦਸਤਾਵੇਜ਼ੀ ਫਿਲਮਾਂ ਦਿਖਾਈਆਂ ਜਾ ਰਹੀਆਂ ਹਨ। ਇਹ ਦਸਤਾਵੇਜ਼ੀ ਫਿਲਮਾਂ ਵਿਸ਼ੇਸ਼ ਤੌਰ 'ਤੇ ਤਿਆਰ ਕਰਾਈਆਂ ਗਈਆਂ, ਜਿਨ੍ਹਾਂ ਉੱਤੇ ਤਕਰੀਬਨ ਚਾਰ ਕਰੋੜ ਰੁਪਏ ਖ਼ਰਚੇ ਗਏ। ਲੋਕ ਸੰਪਰਕ ਵਿਭਾਗ ਵੱਲੋਂ ਰੇਡੀਓ, ਟੈਲੀਵਿਜ਼ਨ ਅਤੇ ਮੀਡੀਆ ਦੇ ਹੋਰ ਸਾਧਨਾਂ ਦੀ ਵੀ ਵਰਤੋਂ ਕੀਤੀ ਜਾ ਰਹੀ ਹੈ।

# ਬਾਦਲ ਸਰਕਾਰ ਨੂੰ ਝਟਕਾ

## ਅਦਾਲਤ ਨੇ ਪ੍ਰਾਈਵੇਟ ਬੱਸਾਂ ਨੂੰ ਲਾਈਆਂ ਬਰੇਕਾਂ



**ਚੰਡੀਗੜ੍ਹ/ਬਿਊਰੋ ਨਿਊਜ਼ :** ਪੰਜਾਬ ਤੇ ਹਰਿਆਣਾ ਹਾਈ ਕੋਰਟ ਨੇ ਪੰਜਾਬ ਸਰਕਾਰ ਵੱਲੋਂ 15 ਸਤੰਬਰ ਨੂੰ ਜਾਰੀ ਉਸ ਨੋਟਿਸ 'ਤੇ ਅਮਲ ਰੋਕ ਦਿੱਤਾ ਹੈ, ਜਿਸ ਵਿੱਚ ਰਾਜ ਦੇ ਅੱਠ ਵੱਖ ਵੱਖ ਰੂਟਾਂ 'ਤੇ ਨਿੱਜੀ ਬੱਸ ਅਪਰੇਟਰਾਂ ਨੂੰ ਹਰੀ ਝੰਡੀ ਦਿੱਤੀ ਜਾ ਰਹੀ ਸੀ। ਜਸਟਿਸ ਸੂਰਿਆ ਕਾਂਤ ਅਤੇ ਜਸਟਿਸ ਸੁਦੀਪ ਆਹਲੂਵਾਲੀਆ ਦੇ ਬੈਂਚ ਨੇ ਇਹ ਹੁਕਮ ਪੰਜਾਬ ਸਰਕਾਰ ਤੇ ਹੋਰ ਸਬੰਧਤ ਧਿਰਾਂ ਖ਼ਿਲਾਫ਼ ਹਰਦੀਪ ਸਿੰਘ ਵੱਲੋਂ ਪਾਈ ਪਟੀਸ਼ਨ ਉਪਰ ਦਿੱਤਾ ਹੈ। ਅਦਾਲਤ ਨੇ ਮਾਮਲੇ ਦੀ ਅਗਲੀ ਸੁਣਵਾਈ ਲਈ ਪੰਜ ਅਕਤੂਬਰ ਦਾ ਦਿਨ ਤੈਅ ਕੀਤਾ ਹੈ।

ਪਟੀਸ਼ਨਰ ਦਾ ਕਹਿਣਾ ਹੈ ਕਿ ਜਿਹੜੇ ਰੂਟ ਪਰਮਿਟ ਜਾਰੀ ਕੀਤੇ ਜਾ ਰਹੇ ਹਨ ਇਸ ਦੀ ਪ੍ਰਕਿਰਿਆ ਕਰੀਬ ਪੰਜ ਸਾਲ ਪਹਿਲਾਂ ਸਾਲ 2011 ਵਿੱਚ ਸ਼ੁਰੂ ਕੀਤੀ ਗਈ ਸੀ। ਸਾਲ 2011 ਵਿੱਚ ਰੂਟਾਂ ਲਈ ਅਰਜ਼ੀਆਂ ਮੰਗੀਆਂ ਗਈਆਂ ਸਨ ਤੇ ਉਸ ਤੋਂ ਬਾਅਦ ਪਹਿਲੀ ਵਾਰ ਪੰਜ ਸਾਲ ਬਾਅਦ 27 ਸਤੰਬਰ ਨੂੰ ਇਨ੍ਹਾਂ 'ਤੇ ਵਿਚਾਰ ਕਰਨ ਲਈ ਮੀਟਿੰਗ ਹੋ ਰਹੀ ਹੈ। ਜਿਵੇਂ ਹੀ ਇਹ ਮਾਮਲਾ ਬੈਂਚ ਕੋਲ ਆਇਆ ਕਿ ਤਾਂ ਪਟੀਸ਼ਨਰ ਦੇ ਵਕੀਲ ਨੇ ਕਿਹਾ ਕਿ ਸਰਕਾਰ ਲੋੜ ਤੋਂ ਵੱਧ ਜਲਦਬਾਜ਼ੀ ਕਰ ਰਹੀ ਹੈ ਤੇ ਇਸ ਬਾਰੇ ਪਹਿਲਾਂ ਲੋੜੀਂਦੀਆਂ ਰਸਮੀ ਕਾਰਵਾਈਆਂ ਦੀ ਲੋੜ ਹੈ। ਉਨ੍ਹਾਂ ਕਿਹਾ ਕਿ ਸਰਕਾਰ ਨੂੰ ਸਾਰੀ ਪ੍ਰਕਿਰਿਆ ਨੂੰ ਚਲਾਉਣ ਲਈ ਪਹਿਲਾਂ ਵੱਧ ਸਰਕੁਲੇਸ਼ਨ ਵਾਲੇ ਅਖ਼ਬਾਰਾਂ ਵਿੱਚ ਇਸ਼ਤਿਹਾਰ ਦੇਣ ਦੀ ਲੋੜ ਹੈ ਤਾਂ ਜੋ ਵੱਧ ਤੋਂ ਵੱਧ ਜਨਤਾ ਦੀ ਇਸ ਵਿੱਚ ਭਾਈਵਾਲੀ ਹੋ ਸਕੇ।

ਬਾਦਲ ਸਰਕਾਰ ਲਈ ਇਹ ਝਟਕਾ ਹੈ ਕਿਉਂਕਿ ਉਹ ਸਰਕਾਰੀ ਰੂਟਾਂ 'ਤੇ ਪ੍ਰਾਈਵੇਟ ਬੱਸਾਂ ਦੌੜਾਉਣ ਦੀ ਵਿਉਂਤ ਬਣਾ ਰਹੀ ਹੈ ਤੇ ਨਾਲ ਹੀ ਸਰਕਾਰੀ ਬੱਸਾਂ ਦੇ ਸਮੇਂ ਵਿੱਚ ਕਟੌਤੀ ਕਰਕੇ ਸਰਕਾਰੀ ਟਰਾਂਸਪੋਰਟ ਦੀ ਬੇੜੀ ਡੋਬਣ ਦੀ ਤਿਆਰੀ ਵਿੱਚ ਹੈ।

# ਹੰਸ ਕਾਂਗਰਸ ਨੂੰ ਕਮਜ਼ੋਰ ਕਰ ਰਹੇ ਹਨ : ਸ਼ਮਸ਼ੇਰ ਸਿੰਘ ਦੂਲੋ

**ਚੰਡੀਗੜ੍ਹ/ਬਿਊਰੋ ਨਿਊਜ਼ :** ਪੰਜਾਬ ਪ੍ਰਦੇਸ਼ ਕਾਂਗਰਸ ਕਮੇਟੀ ਦੇ ਸਾਬਕਾ ਪ੍ਰਧਾਨ ਤੇ ਰਾਜ ਸਭਾ ਮੈਂਬਰ ਸ਼ਮਸ਼ੇਰ ਸਿੰਘ ਦੂਲੋ ਨੇ ਦੋਸ਼ ਲਾਇਆ ਹੈ ਕਿ ਹੰਸ ਰਾਜ ਹੰਸ ਜਿਨ੍ਹਾਂ ਨੂੰ ਅਕਾਲੀਆਂ ਵਿਚੋਂ ਲਿਆ ਕੇ ਪ੍ਰਦੇਸ਼ ਕਾਂਗਰਸ ਕਮੇਟੀ ਦਾ ਉਪ ਪ੍ਰਧਾਨ ਬਣਾਇਆ ਗਿਆ ਹੈ, ਕਿਸੇ ਸਾਜ਼ਿਸ਼ ਤਹਿਤ ਰਾਜ ਵਿਧਾਨ ਸਭਾ ਦੀਆਂ ਚੋਣਾਂ ਦੇ ਐਨ ਮੌਕੇ 'ਤੇ ਕਾਂਗਰਸ ਨੂੰ ਕਮਜ਼ੋਰ ਕਰ ਰਹੇ ਹਨ। ਕਿਸੇ ਦਾ ਨਾਂਅ ਲਏ ਬਿਨਾਂ ਉਨ੍ਹਾਂ ਕਿਹਾ ਕਿ 'ਜੋ ਲੋਕ ਹੰਸ ਨੂੰ ਪਾਰਟੀ ਵਿਚ ਲਿਆ ਕੇ ਉਪ ਪ੍ਰਧਾਨ ਬਣਵਾ ਰਹੇ ਹਨ, ਉਨ੍ਹਾਂ ਨੂੰ ਚਾਹੀਦਾ ਹੈ ਕਿ ਉਹ ਹੰਸ ਨੂੰ ਰੋਕਣ ਤੇ ਉਨ੍ਹਾਂ ਦੀਆਂ ਪਾਰਟੀ ਵਿਰੋਧੀ ਸਰਗਰਮੀਆਂ ਦਾ ਤੁਰੰਤ ਨੋਟਿਸ ਲੈਣ।



ਸ. ਦੂਲੋ ਨੇ ਦੋਸ਼ ਲਾਇਆ ਕਿ ਸ੍ਰੀ ਹੰਸ ਸਵਰਗੀ ਦਲਿਤ ਆਗੂ ਚੌਧਰੀ ਸੁੰਦਰ ਸਿੰਘ, ਮਾਸਟਰ ਗੁਰਬੰਤਾ ਸਿੰਘ, ਦਰਸ਼ਨ ਸਿੰਘ ਕੇ.ਪੀ. ਤੇ ਚੌਧਰੀ ਜਗਤ ਰਾਮ ਬਾਰੇ ਵਾਰ-ਵਾਰ ਕਹਿ ਰਹੇ ਹਨ ਕਿ ਇਨ੍ਹਾਂ ਦੇ ਪਰਿਵਾਰ ਹੀ ਅੱਜ ਕੱਲ੍ਹ ਕਾਂਗਰਸ ਪਾਰਟੀ 'ਤੇ ਕਾਬਜ਼ ਹਨ। ਉਹ ਮੇਰਾ ਨਾਂਅ ਵੀ ਘਸੀਟ ਰਹੇ ਹਨ। ਉਨ੍ਹਾਂ ਕਿਹਾ ਕਿ ਇਨ੍ਹਾਂ ਪਰਿਵਾਰਾਂ ਨੇ ਦੇਸ਼ ਦੀ ਸੁਤੰਤਰਤਾ ਲਹਿਰ ਵਿਚ ਹਿੱਸਾ ਲਿਆ ਤੇ ਅੱਤਵਾਦ ਵਿਰੁੱਧ ਲੜਾਈ ਲੜੀ। ਮੇਰੇ 'ਤੇ ਅੱਤਵਾਦੀਆਂ ਨੇ ਹਮਲਾ ਕੀਤਾ ਪਰ ਮੈਂ ਹੰਸ ਨੂੰ ਪੁੱਛਣਾ ਚਾਹੁੰਦਾ ਹਾਂ ਕਿ ਉਨ੍ਹਾਂ ਨੇ ਕਾਂਗਰਸ ਲਈ ਕੀ ਕੁਰਬਾਨੀ ਕੀਤੀ? ਹੰਸ ਤਾਂ ਦਲਿਤ ਭਾਈਚਾਰੇ ਵਿਚ ਉਲਟਾ ਫੁੱਟ ਪਾ ਰਹੇ ਹਨ। ਉਨ੍ਹਾਂ ਸ਼੍ਰੋਮਣੀ ਅਕਾਲੀ ਦਲ ਦੇ ਪ੍ਰਧਾਨ ਸ. ਸੁਖਬੀਰ ਸਿੰਘ ਬਾਦਲ ਦੀ ਇਸ ਟਿੱਪਣੀ ਦਾ ਵਿਸ਼ੇਸ਼ ਤੌਰ 'ਤੇ ਜ਼ਿਕਰ ਕੀਤਾ ਕਿ 'ਹੰਸ ਨੂੰ ਤਾਂ ਮੈਂ ਡੈਪੂਟੇਸ਼ਨ 'ਤੇ ਕਾਂਗਰਸ ਵਿਚ ਭੇਜਿਆ ਹੈ।' ਉਨ੍ਹਾਂ ਕਿਹਾ ਕਿ ਹੰਸ ਤਾਂ ਮਜ਼ਬੀ ਸਿੱਖਾਂ ਤੇ ਬਾਲਮੀਕੀ ਭਾਈਚਾਰੇ ਦੇ ਨਾਂਅ 'ਤੇ ਕਾਂਗਰਸ ਵਿਚ ਵੰਡੀਆਂ ਪਾ ਰਹੇ ਹਨ। ਹਾਲਾਂਕਿ ਭਗਤ ਰਵੀਦਾਸ ਨਾਲ ਸਬੰਧਤ ਲੋਕਾਂ ਤੇ ਬਾਲਮੀਕੀਆਂ ਅਤੇ ਮਜ਼ਬੀ ਸਿੱਖਾਂ ਵਿਚ ਕੋਈ ਫ਼ਰਕ ਨਹੀਂ। ਸ. ਦੂਲੋ ਨੇ ਕਿਹਾ ਕਿ ਸਾਰੇ ਦਲਿਤ ਵਰਗਾਂ ਨਾਲ ਸਿਆਸੀ ਤੇ ਆਰਥਿਕ ਮੈਦਾਨ ਵਿਚ ਇੱਕੋ ਜਿਹਾ ਸਲੂਕ ਹੋਣਾ ਚਾਹੀਦਾ ਹੈ। ਇਕ ਸੁਆਲ ਦੇ ਉੱਤਰ ਵਿਚ ਸ. ਦੂਲੋ ਨੇ ਕਿਹਾ ਕਿ ਉਨ੍ਹਾਂ ਦੀ ਇੱਛਾ ਹੈ ਕਿ ਹੁਣ ਪੰਜਾਬ ਦਾ ਨਵਾਂ ਮੁੱਖ ਮੰਤਰੀ ਕੋਈ ਦਲਿਤ ਵਰਗ ਵਿਚੋਂ ਹੋਣਾ ਚਾਹੀਦਾ ਹੈ। ਬੇਸ਼ੱਕ ਰੁਟੀਨਵਾਰ ਕਰ ਲਿਆ ਜਾਏ। ਪੰਜਾਬ ਵਿਚ ਦਲਿਤ ਵਰਗ ਦੀ ਗਿਣਤੀ ਸਾਰੇ ਰਾਜਾਂ ਨਾਲੋਂ ਵੱਧ ਹੈ। ਸ. ਦੂਲੋ ਨੇ ਹੰਸ ਤੋਂ ਪੁੱਛਿਆ ਕਿ ਉਨ੍ਹਾਂ ਤੇ ਉਨ੍ਹਾਂ ਦੇ ਪਰਿਵਾਰ ਨੇ ਦੇਸ਼ ਦੀ ਸੁਤੰਤਰਤਾ ਲਈ ਕੀ ਕੁਰਬਾਨੀਆਂ ਕੀਤੀਆਂ ਹਨ। ਉਹ ਤਾਂ ਇੱਕ ਡੇਰੇ ਦੇ ਮਾਲਿਕ ਵੀ ਬਣੇ ਬੈਠੇ ਹਨ। ਹੰਸ ਗ਼ਲਤ ਬਿਆਨੀ ਕਰਕੇ ਸਾਡੇ ਜਜ਼ਬਾਤ ਨੂੰ ਠੇਸ ਨਾ ਪਹੁੰਚਾਉਣ ਤੇ ਉਹ ਦਲਿਤ ਭਾਈਚਾਰੇ ਵਿਚ ਫੁੱਟ ਪਾਉਣ ਤੋਂ ਬਾਜ਼ ਆ ਜਾਣ। ਜਦੋਂ ਉਹ ਸ਼੍ਰੋਮਣੀ ਅਕਾਲੀ ਦਲ ਵਿਚ ਸਨ ਤਾਂ ਉਸ ਸਮੇਂ ਉਨ੍ਹਾਂ ਕਿਉਂ ਨਾ ਕਿਹਾ ਕਿ ਬਾਲਮੀਕੀ ਭਾਈਚਾਰੇ ਨਾਲ ਬੇਇਨਸਾਫ਼ੀ ਦੂਰ ਕੀਤੀ ਜਾਏ? ਸ. ਦੂਲੋ ਨੇ ਕੁਝ ਦਿਨ ਪਹਿਲਾਂ ਕਾਂਗਰਸ ਵਿਧਾਇਕ ਦਲ ਦੇ ਆਗੂ ਚਰਨਜੀਤ ਸਿੰਘ ਚੰਨੀ ਤੋਂ ਮਾਇਕ ਖੋਹ ਲੈਣ ਵਾਲੀ ਘਟਨਾ ਦੀ ਜ਼ੋਰਦਾਰ ਸ਼ਬਦਾਂ ਵਿਚ ਨਿੰਦਾ ਕੀਤੀ ਪਰ ਉਥੇ ਮੌਜੂਦ ਕਾਂਗਰਸ ਲੀਡਰਸ਼ਿਪ ਚੁੱਪ ਬਣੀ ਬੈਠੀ ਰਹੀ। ਉਨ੍ਹਾਂ ਕਿਹਾ ਕਿ ਅਸੀਂ ਸੱਤਾ ਦੇ ਭੁੱਖੇ ਨਹੀਂ ਅਸੀਂ ਤਾਂ ਕਾਂਗਰਸ ਦੀਆਂ ਨੀਤੀਆਂ 'ਤੇ ਪਹਿਰਾ ਦੇਣ ਵਾਲੇ ਹਾਂ।

# ਗੁਰਤਾ ਗੱਦੀ ਦਿਵਸ ਮੌਕੇ ਸਿਆਸੀ ਆਗੂਆਂ ਵਲੋਂ ਇਕ-ਦੂਜੇ 'ਤੇ ਦੂਸ਼ਣਬਾਜ਼ੀ






## ਕਾਂਗਰਸ ਨੇ ਕਰਵਾਇਆ ਸੀ ਦਰਬਾਰ ਸਾਹਿਬ 'ਤੇ ਹਮਲਾ : ਬਾਦਲ

**ਖਡੂਰ ਸਾਹਿਬ/ਬਿਊਰੋ ਨਿਊਜ਼ :** ਸ੍ਰੀ ਗੁਰੂ ਅੰਗਦ ਦੇਵ ਜੀ ਦੇ ਗੁਰਤਾ ਗੱਦੀ ਦਿਵਸ ਮੌਕੇ ਹਾਕਮ ਧਿਰ ਸ਼੍ਰੋਮਣੀ ਅਕਾਲੀ ਦਲ, ਕਾਂਗਰਸ, ਸ਼੍ਰੋਮਣੀ ਅਕਾਲੀ ਦਲ ਅੰਮ੍ਰਿਤਸਰ ਅਤੇ ਸੀਪੀਆਈ ਵੱਲੋਂ ਇਥੇ ਕੀਤੀਆਂ ਗਈਆਂ ਕਾਨਫਰੰਸਾਂ ਵਿੱਚ ਇਕ ਦੂਜੇ ਖ਼ਿਲਾਫ਼ ਦੂਸ਼ਣਬਾਜ਼ੀ ਅਤੇ ਆਪੋ ਆਪਣੀ ਪਾਰਟੀ ਲਈ ਵੋਟਾਂ ਮੰਗਣ ਦੀਆਂ ਅਪੀਲਾਂ ਭਾਰੂ ਰਹੀਆਂ। ਸ਼੍ਰੋਮਣੀ ਅਕਾਲੀ ਦਲ ਤੇ ਕਾਂਗਰਸ ਨੇ ਧਾਰਮਿਕ ਪੱਤਾ ਖੇਡਣ ਦਾ ਯਤਨ ਕੀਤਾ। ਖਡੂਰ ਸਾਹਿਬ ਤੋਂ ਅਕਾਲੀ ਵਿਧਾਇਕ ਰਵਿੰਦਰ ਸਿੰਘ ਬ੍ਰਹਮਪੁਰਾ ਵੱਲੋਂ ਕਰਾਈ ਗਈ ਸਿਆਸੀ ਕਾਨਫਰੰਸ ਵਿੱਚ ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਨੇ ਕਾਂਗਰਸ ਨੂੰ ਸਿੱਖਾਂ ਦੇ ਰੂਹਾਨੀ ਕੇਂਦਰ ਸ੍ਰੀ ਹਰਿਮੰਦਰ ਸਾਹਿਬ ਅਤੇ ਸ੍ਰੀ ਅਕਾਲ ਤਖ਼ਤ 'ਤੇ ਹਮਲਾ ਕਰਨ ਵਾਲੀ ਪਾਰਟੀ ਦੱਸਿਆ। ਉਨ੍ਹਾਂ ਕਿਹਾ ਕਿ ਸਿੱਖ ਧਰਮ ਵਿਰੋਧੀ ਇਸ ਪਾਰਟੀ ਦੀ ਮਦਦ ਨਹੀਂ ਕਰਨੀ ਚਾਹੀਦੀ ਪਰ ਜੇਕਰ ਕੋਈ ਮਦਦ ਕਰਦਾ ਹੈ ਤਾਂ ਉਹ ਤਸਦੀਕ ਕਰਦਾ ਹੈ ਕਿ ਸ੍ਰੀ ਹਰਿਮੰਦਰ ਸਾਹਿਬ ਤੇ ਸ੍ਰੀ ਅਕਾਲ ਤਖ਼ਤ 'ਤੇ ਹੋਇਆ ਫੌਜੀ ਹਮਲਾ ਠੀਕ ਸੀ। ਅਜਿਹਾ ਕਰਨ ਵਾਲੇ ਪਾਪ ਦੇ ਭਾਗੀਦਾਰ ਹੋਣਗੇ। ਉਨ੍ਹਾਂ ਨੇ ਕਾਂਗਰਸ ਨੂੰ ਪੰਜਾਬ ਵਿਰੋਧੀ ਕਰਾਰ ਦਿੰਦਿਆਂ ਦੋਸ਼ ਲਾਇਆ ਕਿ ਇਸ ਨੇ ਪੰਜਾਬ ਦੇ ਪਾਣੀਆਂ, ਪੰਜਾਬੀ ਬੋਲਦੇ ਇਲਾਕਿਆਂ ਤੇ ਰਾਜਧਾਨੀ ਚੰਡੀਗੜ੍ਹ 'ਤੇ ਡਾਕਾ ਮਾਰਿਆ ਹੈ। ਉਨ੍ਹਾਂ ਕਿਹਾ ਕਿ ਕੈਪਟਨ ਅਮਰਿੰਦਰ ਸਿੰਘ ਵੀ ਇਸੇ ਪਾਰਟੀ ਦਾ ਨੁਮਾਇੰਦਾ ਹੈ। ਉਨ੍ਹਾਂ ਆਮ ਆਦਮੀ ਪਾਰਟੀ ਨੂੰ ਵੀ ਕਰੜੇ ਹੱਥੀਂ ਲੈਂਦਿਆਂ ਕਿਹਾ ਕਿ ਇਹ ਤਾਂ ਕੁਝ ਦਿਨਾਂ ਵਿੱਚ ਹੀ ਖਿੱਲਰ ਗਈ ਹੈ। ਉਨ੍ਹਾਂ ਨੇ 'ਆਪ' ਨੂੰ ਪਾਣੀ ਦਾ ਬੁਲਬੁਲਾ ਦੱਸਿਆ। ਸੁਪਰੀਮ ਕੋਰਟ ਵੱਲੋਂ 2011 ਦੇ ਸ਼੍ਰੋਮਣੀ ਕਮੇਟੀ ਦੇ ਸਦਨ ਨੂੰ ਬਹਾਲ ਕਰਨ ਦੇ ਕੀਤੇ ਫੈਸਲੇ ਬਾਰੇ ਉਨ੍ਹਾਂ ਕਿਹਾ ਕਿ ਫਿਲਹਾਲ ਅਦਾਲਤ ਦੇ ਆਦੇਸ਼ਾਂ ਦੀ ਕਾਪੀ ਨਹੀਂ ਮਿਲੀ ਹੈ। ਇਸ ਦੇ ਅਧਿਐਨ ਮਗਰੋਂ ਹੀ ਅਗਲੀ ਪ੍ਰਕਿਰਿਆ ਸ਼ੁਰੂ ਹੋਵੇਗੀ। ਸ਼੍ਰੋਮਣੀ ਕਮੇਟੀ ਦੇ ਨਵੇਂ ਪ੍ਰਧਾਨ ਬਾਰੇ ਸਵਾਲ ਨੂੰ ਟਾਲਦਿਆਂ ਉਨ੍ਹਾਂ ਕਿਹਾ ਕਿ ਇਹ ਮਾਮਲਾ ਸ਼੍ਰੋਮਣੀ ਅਕਾਲੀ ਦਲ ਵੱਲੋਂ ਵਿਚਾਰਿਆ ਜਾਵੇਗਾ।

## ਬੇਅਦਬੀ ਦੇ ਦੋਸ਼ੀਆਂ ਨੂੰ ਸਜ਼ਾਵਾਂ ਦੇਵਾਂਗੇ : ਕੈਪਟਨ

**ਖਡੂਰ ਸਾਹਿਬ/ਬਿਊਰੋ ਨਿਊਜ਼ :** ਇਸ ਦੌਰਾਨ ਕਾਂਗਰਸ ਦੀ ਕਾਨਫਰੰਸ ਵਿਚ ਪਾਰਟੀ ਦੇ ਸੂਬਾਈ ਪ੍ਰਧਾਨ ਕੈਪਟਨ ਅਮਰਿੰਦਰ ਸਿੰਘ ਨੇ ਕਿਹਾ ਕਿ ਜੇਕਰ ਕਾਂਗਰਸ ਦੀ ਸਰਕਾਰ ਆਈ ਤਾਂ ਬਹਿਬਲ ਕਲਾਂ ਤੇ ਹੋਰ ਥਾਵਾਂ 'ਤੇ ਹੋਈਆਂ ਬੇਅਦਬੀ ਦੀਆਂ ਘਟਨਾਵਾਂ ਦੇ ਦੋਸ਼ੀਆਂ ਨੂੰ ਸਜ਼ਾਵਾਂ ਦਿੱਤੀਆਂ ਜਾਣਗੀਆਂ। ਦੋਸ਼ੀਆਂ ਦੀ ਪਛਾਣ ਵਾਸਤੇ ਮੁੜ ਜਾਂਚ ਕਰਾਈ ਜਾਵੇਗੀ। ਉਨ੍ਹਾਂ ਕਿਹਾ ਕਿ ਰਮਨਜੀਤ ਸਿੰਘ ਸਿੱਕੀ ਵੱਲੋਂ ਬੇਅਦਬੀ ਦੀਆਂ ਘਟਨਾਵਾਂ ਦੇ ਰੋਸ ਵਿੱਚ ਦਿੱਤਾ ਗਿਆ ਅਸਤੀਫ਼ਾ ਅਜਾਈਂ ਨਾ ਜਾਵੇ, ਇਸ ਲਈ ਪੁਖ਼ਤਾ ਪ੍ਰਬੰਧ ਕੀਤੇ ਜਾਣਗੇ। ਉਨ੍ਹਾਂ ਨੇ ਅਜਿਹੀਆਂ ਘਟਨਾਵਾਂ ਵਾਸਤੇ ਹਾਕਮ ਧਿਰ ਨੂੰ ਦੋਸ਼ੀ ਠਹਿਰਾਇਆ। ਪੰਜਾਬ ਦੇ ਆਰਥਿਕ ਸੰਕਟ ਲਈ ਹਾਕਮ ਧਿਰ ਅਕਾਲੀ-ਭਾਜਪਾ ਨੂੰ ਦੋਸ਼ੀ ਦੱਸਦਿਆਂ ਕਿਹਾ ਕਿ ਇਨ੍ਹਾਂ ਨੇ ਪੰਜਾਬ ਨੂੰ ਬਰਬਾਦ ਕਰ ਦਿੱਤਾ ਹੈ। ਉਨ੍ਹਾਂ ਕਿਹਾ ਕਿ ਅਕਾਲੀ ਸਰਕਾਰ ਵੱਲੋਂ ਲੋਕਾਂ ਖ਼ਿਲਾਫ਼ ਦਰਜ ਕੀਤੇ ਝੂਠੇ ਕੇਸ ਕਾਂਗਰਸ ਦੀ ਸਰਕਾਰ ਆਉਣ 'ਤੇ ਰੱਦ ਕੀਤੇ ਜਾਣਗੇ ਅਤੇ ਝੂਠੇ ਕੇਸ ਦਰਜ ਕਰਾਉਣ ਵਾਲਿਆਂ ਤੇ ਕਰਨ ਵਾਲਿਆਂ ਖ਼ਿਲਾਫ਼ ਵੀ ਕਾਰਵਾਈ ਹੋਵੇਗੀ।

### ਗ਼ੈਰਹਾਜ਼ਰ ਹੋ ਕੇ ਵੀ ਹਾਜ਼ਰ 'ਆਪ'

ਇਥੇ ਕਾਨਫਰੰਸਾਂ ਦੌਰਾਨ 'ਆਪ' ਗ਼ੈਰਹਾਜ਼ਰ ਰਹੀ ਪਰ ਮੇਲੇ ਵਿੱਚ ਕਈ ਥਾਈਂ 'ਆਪ' ਦੇ ਵੱਡੇ ਬੈਨਰ ਲੱਗੇ ਹੋਏ ਸਨ। ਸਿਆਸੀ ਕਾਨਫਰੰਸਾਂ ਵਾਲੀਆਂ ਥਾਵਾਂ ਨੇੜੇ ਇਸ਼ਤਿਹਾਰ ਵੀ ਵੰਡੇ ਗਏ, ਜਿਨ੍ਹਾਂ ਦੇ ਦੋਵੇਂ ਪਾਸੇ ਹੁਣ ਤਕ 'ਆਪ' ਵੱਲੋਂ ਜਾਰੀ ਕੀਤੇ ਗਏ ਚੋਣ ਮਨੋਰਥ ਪੱਤਰਾਂ ਦੇ ਵੇਰਵੇ ਦਰਜ ਸਨ।

### ਪੰਜਾਬ ਨੂੰ ਜੰਗ ਦਾ ਮੈਦਾਨ ਨਹੀਂ ਬਣਨ ਦਿਆਂਗੇ : ਸਿਮਰਨਜੀਤ ਸਿੰਘ ਮਾਨ

**ਖਡੂਰ ਸਾਹਿਬ/ਬਿਊਰੋ ਨਿਊਜ਼ :** ਸ਼੍ਰੋਮਣੀ ਅਕਾਲੀ ਦਲ ਅੰਮ੍ਰਿਤਸਰ ਦੇ ਪ੍ਰਧਾਨ ਸਿਮਰਨਜੀਤ ਸਿੰਘ ਮਾਨ ਨੇ ਪਾਰਟੀ ਦੀ ਕਾਨਫਰੰਸ ਦੌਰਾਨ ਕਿਹਾ ਕਿ ਹਾਕਮ ਧਿਰ ਸ਼੍ਰੋਮਣੀ ਅਕਾਲੀ ਦਲ, ਕਾਂਗਰਸ ਅਤੇ 'ਆਪ' ਕੋਲੋਂ ਪੰਜਾਬ ਦੇ ਹਿੱਤਾਂ ਦੀ ਆਸ ਵੀ ਨਹੀਂ ਕੀਤੀ ਜਾ ਸਕਦੀ। ਉਨ੍ਹਾਂ ਕਿਹਾ ਕਿ ਪੰਜਾਬ ਨੂੰ ਉਹ ਭਾਰਤ ਤੇ ਪਾਕਿਸਤਾਨ ਵਿਚਾਲੇ ਜੰਗ ਦਾ ਮੈਦਾਨ ਨਹੀਂ ਬਣਨ ਦੇਣਗੇ। ਜੰਗ ਲੱਗਣ ਉਤੇ ਪੰਜਾਬ ਦਾ ਵੱਡਾ ਨੁਕਸਾਨ ਹੋਵੇਗਾ। ਉਨ੍ਹਾਂ ਲੋਕਾਂ ਨੂੰ ਭਰੋਸਾ ਦਿੱਤਾ ਕਿ ਜੇਕਰ ਉਨ੍ਹਾਂ ਦੀ ਪਾਰਟੀ ਨੂੰ ਸੱਤਾ ਸੰਭਾਲਣ ਦਾ ਮੌਕਾ ਮਿਲਿਆ ਤਾਂ ਕਿਸਾਨਾਂ ਦੇ ਕਰਜ਼ਿਆਂ 'ਤੇ ਲੀਕ ਫੇਰੀ ਜਾਵੇਗੀ। ਲੋਕਾਂ 'ਤੇ ਲਾਏ ਗਏ ਵਾਧੂ ਟੈਕਸ ਖ਼ਤਮ ਕੀਤੇ ਜਾਣਗੇ। ਸੀਪੀਆਈ ਦੀ ਕਾਨਫਰੰਸ ਵਿੱਚ ਪਾਰਟੀ ਦੇ ਸੂਬਾਈ ਸਕੱਤਰ ਹਰਦੇਵ ਅਰਸ਼ੀ ਨੇ ਕਿਹਾ ਕਿ ਇਕ ਉਚ ਤਾਕਤੀ ਕਮੇਟੀ ਵੱਲੋਂ ਦਿੱਲੀ ਵਿੱਚ 29 ਸਤੰਬਰ ਨੂੰ ਇਕ ਮੀਟਿੰਗ ਸੱਦੀ ਗਈ ਹੈ, ਜਿਸ ਵਿਚ ਪੰਜਾਬ ਵਿਧਾਨ ਸਭਾ ਚੋਣਾਂ ਦਾ ਮਾਮਲਾ ਵਿਚਾਰਿਆ ਜਾਵੇਗਾ। ਇਹ ਕਮੇਟੀ ਹੀ ਇਸ ਸਬੰਧੀ ਚੋਣ ਰਣਨੀਤੀ ਤਿਆਰ ਕਰੇਗੀ। ਇਸ ਰੈਲੀ ਨੂੰ ਪਾਰਟੀ ਆਗੂ ਕਸ਼ਮੀਰ ਸਿੰਘ, ਨਰਿੰਦਰ ਕੌਰ ਸੋਹਲ ਤੇ ਹੋਰਾਂ ਨੇ ਸੰਬੋਧਨ ਕੀਤਾ।

# ਪੰਜਾਬ 'ਵਰਸਿਟੀ ਦੀਆਂ ਸੈਨੇਟ ਚੋਣਾਂ ਵਿੱਚ ਹਾਰੇ ਸ਼੍ਰੋਮਣੀ ਕਮੇਟੀ ਕਾਲਜਾਂ ਦੇ ਪ੍ਰਿੰਸੀਪਲ



ਪ੍ਰਿੰ. ਇਕਬਾਲ ਸਿੰਘ ਸੰਧੂ, ਪ੍ਰਿੰ. ਆਰ.ਐਸ. ਝਾਂਜੀ, ਪ੍ਰਿੰ. ਨਰਿੰਦਰ ਸਿੰਘ ਸਿੱਧੂ, ਪ੍ਰਿੰ. ਐਸ.ਕੇ. ਅਰੋੜਾ, ਪ੍ਰਿੰ. ਹਰਦਿਲਜੀਤ ਸਿੰਘ ਗੋਸਲ, ਪ੍ਰਿੰ. ਐਨ.ਆਰ. ਸ਼ਰਮਾ

**ਚੰਡੀਗੜ੍ਹ/ਬਿਊਰੋ ਨਿਊਜ਼ :** ਪੰਜਾਬ ਯੂਨੀਵਰਸਿਟੀ ਸੈਨੇਟ ਦੇ ਡਿਗਰੀ ਕਾਲਜ ਹਲਕੇ ਦੀ ਚੋਣ ਵਿੱਚ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਐਸਜੀਪੀਸੀ ਦੇ ਪ੍ਰਬੰਧ ਹੇਠ ਚੱਲ ਰਹੇ ਕਾਲਜਾਂ ਦੇ ਪ੍ਰਿੰਸੀਪਲ ਹਾਰ ਗਏ ਹਨ। ਡਿਗਰੀ ਕਾਲਜ ਹਲਕੇ ਦੀਆਂ ਅੱਠ ਸੀਟਾਂ ਲਈ ਕੁਲ ਦਸ ਉਮੀਦਵਾਰ ਮੈਦਾਨ ਵਿੱਚ ਸਨ ਅਤੇ ਇਨ੍ਹਾਂ ਵਿੱਚੋਂ ਹਾਰਨ ਵਾਲੇ ਦੋਵੇਂ ਜਣੇ ਐਸਜੀਪੀਸੀ ਕਾਲਜਾਂ ਦੇ ਪ੍ਰਿੰਸੀਪਲ ਹਨ। ਚੌਥੇ ਗੇੜ ਦੀਆਂ ਵੋਟਾਂ ਦੇ ਨਤੀਜੇ ਦਾ ਐਲਾਨ ਕਰ ਦਿੱਤਾ ਗਿਆ ਹੈ। ਇਨ੍ਹਾਂ ਨਤੀਜਿਆਂ ਵਿਚ ਉਪ ਕੁਲਪਤੀ ਪੱਖੀ ਉਮੀਦਵਾਰਾਂ ਨੂੰ ਵਧੇਰੇ ਹੁੰਗਾਰਾ ਮਿਲਿਆ ਹੈ। ਡਿਗਰੀ ਕਾਲਜ ਦੇ ਪ੍ਰਿੰਸੀਪਲ ਹਲਕੇ ਦੀ ਚੋਣ ਕਾਂਸਟੀਚੂਐਂਟ ਕਾਲਜ ਸਿੱਖਵਾਲਾ ਦੇ ਪ੍ਰਿੰਸੀਪਲ ਇਕਬਾਲ ਸਿੰਘ ਸੰਧੂ ਨੇ ਸਭ ਤੋਂ ਵੱਧ 14 ਵੋਟਾਂ ਲੈ ਕੇ ਜਿੱਤੀ ਹੈ। ਉਨ੍ਹਾਂ ਤੋਂ ਬਾਅਦ ਏ.ਐਸ. ਕਾਲਜ ਖੰਨਾ ਦੇ ਪ੍ਰਿੰਸੀਪਲ ਆਰ.ਐਸ. ਝਾਂਜੀ ਅਤੇ ਡੀ.ਏ.ਵੀ. ਕਾਲਜ ਅਬੋਹਰ ਦੇ ਪ੍ਰਿੰਸੀਪਲ ਐਸ.ਕੇ. ਅਰੋੜਾ ਇਕੋ ਜਿੰਨੀਆਂ ਦਸ-ਦਸ ਵੋਟਾਂ ਲੈ ਕੇ ਦੂਜੇ ਥਾਂ 'ਤੇ ਰਹੇ ਹਨ। ਗੁਰੂ ਨਾਨਕ ਕਾਲਜ ਦੋਰਾਹਾ ਦੇ ਪ੍ਰਿੰਸੀਪਲ ਨਰਿੰਦਰ ਸਿੰਘ ਸਿੱਧੂ ਅਤੇ ਰਾਮਗੜ੍ਹੀਆ ਕਾਲਜ ਦੀ ਪ੍ਰਿੰਸੀਪਲ ਇੰਦਰਜੀਤ ਕੌਰ ਕਲਸੀ ਨੂੰ ਵੀ ਅੱਠ-ਅੱਠ ਵੋਟਾਂ ਮਿਲੀਆਂ ਹਨ। ਗੁਰੂ ਗੋਬਿੰਦ ਸਿੰਘ ਕਾਲਜ ਨਾਰੰਗਵਾਲ ਦੇ ਪ੍ਰਿੰਸੀਪਲ ਹਰਦਿਲਜੀਤ ਸਿੰਘ ਗੋਸਲ ਨੂੰ ਸੱਤ ਵੋਟਾਂ ਮਿਲੀਆਂ ਹਨ। ਚੰਡੀਗੜ੍ਹ ਦੇ ਕਾਲਜਾਂ ਲਈ ਇੱਕ ਸੀਟ ਰਾਖਵੀਂ ਰੱਖੀ ਗਈ ਸੀ ਅਤੇ ਇਹ ਸੀਟ ਬਗ਼ੈਰ ਮੁਕਾਬਲੇ ਦੇ ਐਮ.ਸੀ.ਐਮ.ਡੀ ਏ ਵੀ ਕਾਲਜ ਸੈਕਟਰ 26 ਦੀ ਪ੍ਰਿੰਸੀਪਲ ਨਿਸ਼ਾ ਭਾਰਗਵਾ ਦੀ ਝੋਲੀ ਪਈ ਹੈ। ਐਸਜੀਪੀਸੀ ਦੇ ਪ੍ਰਬੰਧ ਹੇਠ ਚੱਲ ਰਹੇ ਖਾਲਸਾ ਕਾਲਜ ਗੜ੍ਹਸ਼ੰਕਰ ਦੇ ਪ੍ਰਿੰਸੀਪਲ ਪ੍ਰੀਤਇੰਦਰ ਸਿੰਘ ਅਤੇ ਗੁਰੂ ਨਾਨਕ ਕਾਲਜ ਮੋਗਾ ਦੀ ਪ੍ਰਿੰਸੀਪਲ ਜਤਿੰਦਰ ਕੌਰ ਹਾਰ ਗਏ ਹਨ। ਪੰਜਾਬ ਦੇ ਕਾਲਜਾਂ ਵਿੱਚੋਂ ਇੱਕ-ਇੱਕ ਮਹਿਲਾ ਉਮੀਦਵਾਰ ਪ੍ਰਿੰਸੀਪਲ ਇੰਦਰਜੀਤ ਕੌਰ ਨੂੰ ਜਿੱਤ ਨਸੀਬ ਹੋਈ ਹੈ। ਜੇਤੂ ਉਮੀਦਵਾਰਾਂ ਵਿੱਚੋਂ ਛੇ ਉਪ ਕੁਲਪਤੀ ਪ੍ਰੋ. ਅਰੁਣ ਕੁਮਾਰ ਗਰੋਵਰ ਪੱਖੀ ਦੱਸੇ ਜਾ ਰਹੇ ਹਨ ਜਦੋਂ ਕਿ ਦੋ ਵਿਰੋਧੀ ਅਸ਼ੋਕ ਗੋਇਲ ਧੜੇ ਦੇ ਉਮੀਦਵਾਰ ਦੱਸੇ ਗਏ ਹਨ। ਪਹਿਲੇ ਤਿੰਨ ਪੜਾਵਾਂ ਦੀ ਚੋਣ ਦੇ ਨਤੀਜਿਆਂ ਵਿੱਚ ਦੋਵੇਂ ਧੜੇ ਬਰਾਬਰ ਹਨ ਪਰ ਅੱਜ ਦੇ ਚੋਣ ਨਤੀਜਿਆਂ ਨਾਲ ਉਪ ਕੁਲਪਤੀ ਧੜਾ ਭਾਰੂ ਹੋ ਗਿਆ ਹੈ। ਇਸ ਧੜੇ ਦੀ ਅਗਵਾਈ ਡੀਨ ਵਿਦਿਆਰਥੀ ਭਲਾਈ ਪ੍ਰੋ. ਨਵਦੀਪ ਗੋਇਲ ਕਰ ਰਹੇ ਹਨ। ਡਿਗਰੀ ਕਾਲਜ ਹਲਕੇ ਲਈ ਵੋਟਾਂ 25 ਸਤੰਬਰ ਨੂੰ ਪਈਆਂ ਸਨ। ਸੈਨੇਟ ਦੇ ਗਰੈਜੂਏਟ ਹਲਕੇ ਲਈ ਵੀ ਵੋਟਾਂ ਉਸੇ ਦਿਨ ਪਈਆਂ ਸਨ ਪਰ ਅਜੇ ਗਿਣਤੀ ਸ਼ੁਰੂ ਨਹੀਂ ਹੋਈ ਹੈ।

# ਪੰਜਾਬ ਦੀ ਵਿਗੜੀ ਕਾਨੂੰਨੀ ਵਿਵਸਥਾ ਨੇ ਚੋਣ ਕਮਿਸ਼ਨ ਦੀਆਂ ਚਿੰਤਾਵਾਂ ਵਧਾਈਆਂ

*ਕੌਮਾਂਤਰੀ ਸਰਹੱਦਾਂ ਸੀਲ ਕਰਨੀਆਂ ਚਾਹੁੰਦਾ ਹੈ ਕਮਿਸ਼ਨ*

**ਚੰਡੀਗੜ੍ਹ/ਬਿਊਰੋ ਨਿਊਜ਼ :** ਪੰਜਾਬ ਵਿਚਲੀ ਕਾਨੂੰਨ ਵਿਵਸਥਾ ਦੀ ਸਥਿਤੀ ਨੇ ਚੋਣ ਕਮਿਸ਼ਨ ਦੀਆਂ ਚਿੰਤਾਵਾਂ ਵਧਾਈਆਂ ਹੋਈਆਂ ਹਨ। ਸੂਤਰਾਂ ਮੁਤਾਬਕ ਕਮਿਸ਼ਨ ਨੇ ਹਾਕਮ ਧਿਰ ਲਈ 'ਕੰਮ' ਕਰਨ ਵਾਲੇ ਪੁਲੀਸ ਵਾਲਿਆਂ ਦੀਆਂ ਅਗਾਊਂ ਸੂਚੀਆਂ ਬਣਾਉਣ ਲਈ ਵੀ ਕਿਹਾ ਹੈ। ਰਾਜ ਅੰਦਰ ਪਿਛਲੇ ਸਮੇਂ ਦੌਰਾਨ ਹੋਈਆਂ ਵੱਡੀਆਂ ਘਟਨਾਵਾਂ ਅਤੇ ਗੈਂਗਸਟਰਾਂ ਦੀ ਲੜਾਈ ਵੀ ਕਮਿਸ਼ਨ ਦੀ ਚਿੰਤਾ ਦਾ ਕਾਰਨ ਹੈ। ਪੰਜਾਬ ਵਿੱਚ ਅਗਾਮੀ ਵਿਧਾਨ ਸਭਾ ਚੋਣਾਂ ਦੇ ਮੱਦੇਨਜ਼ਰ ਚੋਣ ਕਮਿਸ਼ਨ ਰਾਜ ਨਾਲ ਲੱਗਦੀ ਕੌਮਾਂਤਰੀ ਸਰਹੱਦ ਸੀਲ ਕਰਨ ਲਈ ਪੱਬਾਂ ਭਾਰ ਹੈ। ਖ਼ੁਫ਼ੀਆ ਏਜੰਸੀਆਂ ਨੇ ਕਮਿਸ਼ਨ ਨੂੰ ਸੁਚੇਤ ਕੀਤਾ ਹੈ ਕਿ ਵਿਧਾਨ ਸਭਾ ਚੋਣਾਂ ਦੌਰਾਨ ਪਾਕਿਸਤਾਨ ਦੀ ਖ਼ੁਫ਼ੀਆ ਏਜੰਸੀ ਵੱਲੋਂ ਵੀ ਕਿਸੇ ਅਣਸੁਖਾਵੀਂ ਘਟਨਾ ਨੂੰ ਅੰਜਾਮ ਦਿੱਤਾ ਜਾ ਸਕਦਾ ਹੈ।

ਜ਼ਿਕਰਯੋਗ ਹੈ ਕਿ ਵਿਧਾਨ ਸਭਾ ਚੋਣਾਂ ਦੇ ਮੱਦੇਨਜ਼ਰ ਕਮਿਸ਼ਨ ਨੇ ਮੁੱਖ ਚੋਣ ਅਧਿਕਾਰੀ ਵੀ.ਕੇ.ਸਿੰਘ, ਏਡੀਜੀਪੀ ਸੀ.ਐਸ.ਆਰ. ਰੈਡੀ ਅਤੇ ਆਈਜੀ ਆਰ.ਐਨ. ਢੋਕੇ ਨਾਲ ਦਿੱਲੀ ਵਿਚ ਮੀਟਿੰਗ ਕੀਤੀ। ਮੀਟਿੰਗ ਦੌਰਾਨ ਗੁੰਡਾ ਅਨਸਰਾਂ ਦੀਆਂ ਸਰਗਰਮੀਆਂ 'ਤੇ ਵਿਸ਼ੇਸ਼ ਧਿਆਨ ਕੇਂਦਰਤ ਕਰਨ ਦੀਆਂ ਹਦਾਇਤਾਂ ਕੀਤੀਆਂ ਗਈਆਂ। ਕਮਿਸ਼ਨ ਵੱਲੋਂ ਮੁੱਖ ਚੋਣ ਅਧਿਕਾਰੀ ਦੇ ਦਫ਼ਤਰ ਵਿੱਚ ਪੁਲੀਸ ਅਫ਼ਸਰਾਂ ਦੀ ਨਫ਼ਰੀ ਵੀ ਵਧਾਈ ਜਾ ਰਹੀ ਹੈ। ਏਡੀਜੀਪੀ ਪੱਧਰ ਦੇ ਅਧਿਕਾਰੀ ਦੀ ਤਾਇਨਾਤੀ ਲਈ ਪੈਨਲ ਮੰਗਿਆ ਗਿਆ ਹੈ ਜਦਕਿ ਆਈਜੀ ਪੱਧਰ ਦੇ ਅਧਿਕਾਰੀ ਦੀ ਤਾਇਨਾਤੀ ਕਰ ਦਿੱਤੀ ਗਈ ਹੈ। ਮੀਟਿੰਗ ਦੀ ਜਾਣਕਾਰੀ ਦਿੰਦਿਆਂ ਮੁੱਖ ਚੋਣ ਅਧਿਕਾਰੀ ਵੀ.ਕੇ. ਸਿੰਘ ਨੇ ਦੱਸਿਆ ਕਿ ਚੋਣ ਕਮਿਸ਼ਨ ਨੇ ਸਾਲ 2012 ਅਤੇ 2014 ਵਿਚ ਹੋਈਆਂ ਵਿਧਾਨ ਸਭਾ ਅਤੇ ਲੋਕ ਸਭਾ ਚੋਣਾਂ ਦੌਰਾਨ ਹੋਏ ਅਪਰਾਧ ਅਤੇ ਐਫਆਈਆਰਜ਼ ਦੀ ਪੂਰੀ ਸਮੀਖਿਆ ਕਰਨ ਲਈ ਕਿਹਾ ਹੈ। ਕਮਿਸ਼ਨ ਨੇ ਚੋਣ ਅਧਿਕਾਰੀਆਂ ਨੂੰ ਕਿਹਾ ਹੈ ਕਿ ਬੂਥ ਪੱਧਰ ਤੱਕ ਅਪਰਾਧੀਆਂ ਦੀਆਂ ਗਤੀਵਿਧੀਆਂ ਦਾ ਵਿਸ਼ਲੇਸ਼ਣ ਕੀਤਾ ਜਾਵੇ। ਇਸ ਤੋਂ ਪਹਿਲਾਂ ਚੋਣ ਕਮਿਸ਼ਨ ਵੱਲੋਂ ਵਿਧਾਨ ਸਭਾ ਹਲਕਾ ਪੱਧਰ 'ਤੇ ਹੀ ਕਾਨੂੰਨ ਵਿਵਸਥਾ ਦੀ ਸਥਿਤੀ ਬਾਰੇ ਦੇਖਿਆ ਜਾਂਦਾ ਸੀ। ਕਮਿਸ਼ਨ ਨੇ ਚੋਣ ਅਧਿਕਾਰੀਆਂ ਨੂੰ ਕਿਹਾ ਹੈ ਕਿ ਪਿਛਲੀਆਂ ਚੋਣਾਂ ਦੌਰਾਨ ਵਾਪਰੀਆਂ ਅਪਰਾਧਿਕ ਘਟਨਾਵਾਂ ਵਿੱਚ ਸ਼ਾਮਲ ਵਿਅਕਤੀਆਂ ਦੀਆਂ ਸੂਚੀਆਂ ਬਣਾਈਆਂ ਜਾਣ ਅਤੇ ਜਿਹੜੇ ਵਿਅਕਤੀ ਚੋਣਾਂ ਵਿਚ ਸਿਰਦਰਦੀ ਬਣ ਸਕਦੇ ਹਨ, ਨੂੰ ਵੀ ਸੂਚੀ ਵਿੱਚ ਸ਼ਾਮਲ ਕੀਤਾ ਜਾਵੇ। ਪੰਜਾਬ ਪੁਲੀਸ ਦੇ ਹਾਕਮ ਧਿਰ ਦੇ ਹੱਥਾਂ ਦੀ ਕਠਪੁਤਲੀ ਬਣਨ ਕਾਰਨ ਕਮਿਸ਼ਨ ਦੀਆਂ ਚਿੰਤਾਵਾਂ ਹੋਰ ਵੀ ਵਧ ਗਈਆਂ ਹਨ। ਉਧਰ ਕਾਂਗਰਸ ਦੇ ਪ੍ਰਧਾਨ ਕੈਪਟਨ ਅਮਰਿੰਦਰ ਸਿੰਘ ਨੇ ਵੀ ਰਾਜ ਵਿਚਲੀ ਕਾਨੂੰਨ ਵਿਵਸਥਾ ਦੀ ਸਥਿਤੀ ਬਾਰੇ ਕਮਿਸ਼ਨ ਨੂੰ ਸ਼ਿਕਾਇਤ ਕੀਤੀ ਸੀ ਤੇ ਹਾਕਮ ਪਾਰਟੀ 'ਤੇ ਕਈ ਗੁੰਡਿਆਂ ਨੂੰ ਸ਼ਹਿ ਦੇਣ ਦੇ ਦੋਸ਼ ਲਾਏ ਸਨ।

# ਸੰਯੁਕਤ ਰਾਸ਼ਟਰ ਵਿਚ ਭਾਰਤ ਨੇ ਪਾਕਿਸਤਾਨ ਨੂੰ ਅੱਤਵਾਦੀ ਮੁਲਕ ਗਰਦਾਨਿਆ

**ਸੰਯੁਕਤ ਰਾਸ਼ਟਰ/ਬਿਊਰੋ ਨਿਊਜ਼ :** ਭਾਰਤ ਨੇ ਪਾਕਿਸਤਾਨ 'ਤੇ ਤਿੱਖਾ ਹਮਲਾ ਕਰਦਿਆਂ ਉਸ ਨੂੰ ਅੱਤਵਾਦੀ ਦੇਸ਼ ਕਰਾਰ ਦਿੱਤਾ ਜੋ ਅੱਤਵਾਦ ਨੂੰ ਦੇਸ਼ ਦੀ ਨੀਤੀ ਅਤੇ ਹਥਿਆਰ ਦੇ ਰੂਪ ਵਿਚ ਵਰਤ ਕੇ ਯੁੱਧ ਅਪਰਾਧਾਂ ਨੂੰ ਅੰਜਾਮ ਦੇ ਰਿਹਾ ਹੈ। ਇਸ ਤੋਂ ਪਹਿਲਾਂ ਪਾਕਿਸਤਾਨ ਦੇ ਪ੍ਰਧਾਨ ਮੰਤਰੀ ਨਵਾਜ ਸ਼ਰੀਫ ਨੇ ਸੰਯੁਕਤ ਰਾਸ਼ਟਰ ਵਿਚ ਹਿਜ਼ਬੁਲ ਮੁਜ਼ਾਹਦੀਨ ਦੇ ਅੱਤਵਾਦੀ ਬੁਰਹਾਨ ਵਾਨੀ ਦਾ ਗੁਣਗਾਣ ਕਰਕੇ ਆਪਣੇ ਆਪ ਨੂੰ ਦੋਸ਼ੀ ਸਾਬਿਤ ਕਰ ਦਿੱਤਾ ਹੈ। ਭਾਰਤ ਨੇ ਨਵਾਜ ਸ਼ਰੀਫ ਵੱਲੋਂ ਗੱਲਬਾਤ ਦੀ ਕੀਤੀ ਮੰਗ ਨੂੰ ਸਖ਼ਤ ਸ਼ਬਦਾਂ ਨਾਲ ਖਾਰਜ ਕਰਦਿਆਂ ਕਿਹਾ ਕਿ ਪਾਕਿਸਤਾਨ ਜਿਸ ਦਾ ਸੰਚਾਲਨ ਅਜਿਹਾ ਲੱਗਦਾ ਹੈ ਕਿ ਕੋਈ ਸਰਕਾਰ ਨਹੀਂ ਬਲਕਿ ਯੁੱਧ ਦੀ ਮਸ਼ੀਨ ਕਰ ਰਹੀ ਹੈ ਉਹ ਆਪਣੇ ਹੱਥਾਂ ਵਿਚ ਬੰਦੂਕ ਲੈ ਕੇ ਗੱਲ ਕਰਨਾ ਚਾਹੁੰਦਾ ਹੈ। ਸੰਯੁਕਤ ਰਾਸ਼ਟਰ ਵਿਚ ਨਵਾਜ਼ ਸ਼ਰੀਫ ਦੀਆਂ ਟਿੱਪਣੀਆਂ 'ਤੇ ਸਖ਼ਤ ਪ੍ਰਤੀਕਿਰਿਆ ਦਿੰਦਿਆ ਵਿਦੇਸ਼ ਰਾਜ ਮੰਤਰੀ ਐਮ. ਜੇ. ਅਕਬਰ ਨੇ ਕਿਹਾ ਕਿ ਵਿਸ਼ਵ ਦੇ ਮੰਚ 'ਤੇ ਵਾਨੀ ਦਾ ਗੁਣਗਾਣ ਕਰਕੇ ਉਨ੍ਹਾਂ ਨੇ ਪਾਕਿਸਤਾਨ ਨੂੰ ਦੋਸ਼ੀ ਸਾਬਿਤ ਕਰ ਦਿੱਤਾ ਹੈ। ਉਨ੍ਹਾਂ ਸ਼ਰੀਫ ਦੀਆਂ ਟਿੱਪਣੀਆਂ ਨੂੰ ਅੱਤਵਾਦ ਅਤੇ ਧਮਕੀ ਭਰੀਆਂ ਹੋਈਆਂ ਦੱਸਿਆ, ਜਿਨ੍ਹਾਂ ਦਾ ਤੱਥਾਂ ਨਾਲ ਕੋਈ ਸਰੋਕਾਰ ਨਹੀਂ ਹੈ। ਉਨ੍ਹਾਂ ਕਿਹਾ ਕਿ ਹੈਰਾਨ ਕਰ ਦੇਣ ਵਾਲਾ ਹੈ ਕਿ ਇਕ ਦੇਸ਼ ਦਾ ਨੇਤਾ ਸੰਯੁਕਤ ਰਾਸ਼ਟਰ ਮਹਾਸਭਾ ਵਰਗੇ ਮੰਚ 'ਤੇ ਆਪਣੇ ਵੱਲੋਂ ਐਲਾਨੇ ਅੱਤਵਾਦੀ ਦਾ ਗੁਣਗਾਣ ਕਰ ਰਿਹਾ ਹੈ। ਸੰਯੁਕਤ ਰਾਸ਼ਟਰ ਵਿਚ ਪਾਕਿ ਪ੍ਰਧਾਨ ਮੰਤਰੀ ਦੇ ਸੰਬੋਧਨ ਸਬੰਧੀ ਪੁੱਛੇ ਸਵਾਲ ਦੇ ਜਵਾਬ ਵਿਚ ਭਾਰਤੀ ਪੱਤਰਕਾਰਾਂ ਨਾਲ ਗੱਲਬਾਤ ਦੌਰਾਨ ਅਕਬਰ ਨੇ ਕਿਹਾ ਕਿ ਉਨ੍ਹਾਂ ਨੇ ਅੱਤਵਾਦੀ ਦਾ ਜਿਸ ਤਰ੍ਹਾਂ ਗੁਣਗਾਣ ਕੀਤਾ ਹੈ, ਉਸ ਨੂੰ ਅਸੀ ਸਾਰਿਆਂ ਨੇ ਸੁਣਿਆ ਹੈ। ਬੁਰਹਾਨ ਵਾਨੀ ਹਿਜ਼ਬੁਲ ਮੁਜਾਹਦੀਨ ਦਾ ਅੱਤਵਾਦੀ ਸੀ। ਇਹ ਸੰਗਠਨ ਅੰਤਰਰਾਸ਼ਟਰੀ ਪੱਧਰ 'ਤੇ ਅੱਤਵਾਦੀ ਸਮੂਹ ਮੰਨਿਆ ਜਾਂਦਾ ਹੈ। ਇਹ ਤਾਂ ਪਾਕਿ ਪ੍ਰਧਾਨ ਮੰਤਰੀ ਵੱਲੋਂ ਆਪਣਾ ਗੁਨਾਹ ਕਬੂਲ ਕਰ ਲੈਣ ਵਾਂਗ ਹੈ। ਨਵਾਜ਼ ਸ਼ਰੀਫ ਦੇ ਕਰੀਬ 20 ਮਿੰਟ ਦੇ ਭਾਸ਼ਣ ਦਾ ਅੱਧਾ ਹਿੱਸਾ ਕਸ਼ਮੀਰ 'ਤੇ ਆਧਾਰਤ ਸੀ। ਜਿਸ ਵਿਚ ਉਨ੍ਹਾਂ ਨੇ ਵਾਨੀ ਨੂੰ ਨੌਜਵਾਨ ਨੇਤਾ ਅਤੇ ਕਸ਼ਮੀਰ ਦੀ ਆਜ਼ਾਦੀ ਦੀ ਮੁਹਿੰਮ ਦਾ ਪ੍ਰਤੀਕ ਦੱਸਿਆ ਸੀ।

ਭਾਰਤ ਦੀ ਪ੍ਰਤੀਕਿਰਿਆ ਦੇ ਅਧਿਕਾਰ ਦੀ ਵਰਤੋਂ ਕਰਦੇ ਹੋਏ ਸੰਯੁਕਤ ਰਾਸ਼ਟਰ ਵਿਚ ਭਾਰਤ ਪ੍ਰਤੀਨਿਧ ਏਨਾਮ ਗੰਭੀਰ ਨੇ ਜੰਮੂ-ਕਸ਼ਮੀਰ ਸਬੰਧੀ ਨਵਾਜ਼ ਸ਼ਰੀਫ ਦੀਆਂ ਜ਼ਹਿਰ ਭਰੀਆਂ ਗੱਲਾਂ ਦਾ ਮਜਬੂਤੀ ਨਾਲ ਖੰਡਨ ਕਰਦਿਆਂ ਕਿਹਾ ਕਿ ਮਨੁੱਖੀ ਅਧਿਕਾਰਾਂ ਦੀ ਉਲੰਘਣਾ ਦਾ ਸਭ ਤੋਂ ਖ਼ਰਾਬ ਰੂਪ ਅੱਤਵਾਦ ਹੈ ਅਤੇ ਜਦੋਂ ਇਸ ਦੀ ਵਰਤੋਂ ਦੇਸ਼ ਦੀ ਨੀਤੀ ਦੇ ਹਥਿਆਰ ਵਜੋਂ ਹੁੰਦੀ ਹੈ ਤਾਂ ਇਹ ਯੁੱਧ ਅਪਰਾਧ ਬਣ ਜਾਂਦਾ ਹੈ। ਉਨ੍ਹਾਂ ਕਿਹਾ ਕਿ ਅਸੀਂ ਅਤੇ ਸਾਡੇ ਗੁਆਂਢੀ ਪਾਕਿਸਤਾਨ ਦੀ ਅੱਤਵਾਦ ਨੂੰ ਉਤਸ਼ਾਹਿਤ ਕਰਨ ਦੀ ਨੀਤੀ ਦਾ ਸਾਹਮਣਾ ਕਰ ਰਹੇ ਹਨ। ਇਸ ਦਾ ਅੰਜਾਮ ਇਹ ਹੋਇਆ ਹੈ ਕਿ ਅੱਤਵਾਦ ਨੇ ਸਾਡੇ ਖੇਤਰ ਤੋਂ ਬਾਹਰ ਤੱਕ ਪੈਰ ਫੈਲਾਅ ਲਏ ਹਨ। ਏਨਾਮ ਨੇ ਕਿਹਾ ਕਿ ਭਾਰਤ ਪਾਕਿਸਤਾਨ ਨੂੰ ਅੱਤਵਾਦੀ ਦੇਸ਼ ਮੰਨਦਾ ਹੈ ਜੋ ਆਪਣੇ ਗੁਆਂਢੀਆਂ ਖਿਲਾਫ਼ ਅੱਤਵਾਦੀਆਂ ਨੂੰ ਖੜ੍ਹਾ ਕਰਨ ਲਈ ਅਤੇ ਉਨ੍ਹਾਂ ਨੂੰ ਸਿਖਲਾਈ, ਆਰਥਿਕ ਮਦਦ ਅਤੇ ਸਮਰਥਨ ਦੇਣ ਲਈ ਅੱਤਵਾਦੀ ਸੰਗਠਨਾਂ ਨੂੰ ਅਰਬਾਂ ਡਾਲਰ ਮੁਹੱਈਆ ਕਰਵਾਉਂਦਾ ਹੈ। ਜਿਨ੍ਹਾਂ ਵਿਚੋਂ ਜ਼ਿਆਦਾਤਰ ਧੰਨ ਅੰਤਰਰਾਸ਼ਟਰੀ ਪੱਧਰ 'ਤੇ ਮਿਲਣ ਵਾਲੀ ਮਦਦ ਤੋਂ ਆਉਂਦਾ ਹੈ। ਜੈਸ਼-ਏ-ਮੁਹੰਮਦ ਦੇ ਮੁਖੀ ਮਸੂਦ ਅਜ਼ਹਰ ਅਤੇ ਮੁੰਬਈ ਹਮਲਿਆਂ ਦੇ ਮੁੱਖ ਸਾਜਿਸ਼ਕਾਰ ਜਕੀ-ਉਰ-ਰਹਿਮਾਨ ਲਖਵੀ ਦਾ ਜ਼ਿਕਰ ਕਰਦਿਆਂ ਉਨ੍ਹਾਂ ਕਿਹਾ ਕਿ ਸੰਯੁਕਤ ਰਾਸ਼ਟਰ ਵੱਲੋਂ ਅੱਤਵਾਦੀ ਕਰਾਰ ਦਿੱਤੇ ਸੰਗਠਨ ਅਤੇ ਉਨ੍ਹਾਂ ਦੇ ਨੇਤਾ ਪਾਕਿਸਤਾਨ ਵਿਚ ਖੁੱਲ੍ਹੇਆਮ ਘੁੰਮ ਰਹੇ ਹਨ ਅਤੇ ਦੇਸ਼ ਦੀ ਮਦਦ ਨਾਲ ਕੰਮ ਵੀ ਕਰ ਰਹੇ ਹਨ।



### ਅਫਗਾਨਿਸਤਾਨ ਨੇ ਕਿਹਾ- ਨਾਗਰਿਕਾਂ 'ਤੇ ਹਮਲਾ ਕਰ ਰਿਹੈ ਪਾਕਿ

*ਅੱਤਵਾਦੀਆਂ ਲਈ ਪਨਾਹਗਾਹ ਮੁਹੱਈਆ ਕਰਵਾਉਣ ਦੇ ਮੁੱਦੇ 'ਤੇ ਸੰਯੁਕਤ ਰਾਸ਼ਟਰ ਵਿਚ ਪਾਕਿਸਤਾਨ ਦੀ ਆਲੋਚਨਾ ਕਰਦਿਆਂ ਅਫਗਾਨਿਸਤਾਨ ਨੇ ਕਿਹਾ ਕਿ ਬੇਰਹਿਮ ਅੱਤਵਾਦੀ ਹਮਲਿਆਂ ਦੀ ਸਾਜ਼ਿਸ਼ ਰਚ ਕੇ ਅਤੇ ਤਾਲਿਬਾਨ ਅਤੇ ਹੱਕਾਨੀ ਨੈੱਟਵਰਕ ਵਰਗੇ ਸੰਗਠਨਾਂ ਨੂੰ ਸਿਖਲਾਈ ਅਤੇ ਆਰਥਿਕ ਮਦਦ ਮੁਹੱਈਆ ਕਰਵਾ ਕੇ ਪਾਕਿਸਤਾਨ ਉਨ੍ਹਾਂ ਦੇ ਨਾਗਰਿਕਾਂ ਖਿਲਾਫ਼ ਸ਼ੀਤ ਯੁੱਧ ਚਲਾ ਰਿਹਾ ਹੈ। ਸੰਯੁਕਤ ਰਾਸ਼ਟਰ ਵਿਚ ਆਪਣੇ ਸੰਬੋਧਨ ਦੌਰਾਨ ਅਫਗਾਨਿਸਤਾਨ ਦੇ ਉਪ ਰਾਸ਼ਟਰਪਤੀ ਸਰਵਰ ਦਾਨਿਸ਼ ਨੇ ਕਿਹਾ ਕਿ ਉਨ੍ਹਾਂ ਦੇ ਦੇਸ਼ ਨੇ ਵਾਰ-ਵਾਰ ਪਾਕਿਸਤਾਨ ਨੂੰ ਅੱਤਵਾਦੀ ਲੁਕਣਗਾਹਾਂ ਨੂੰ ਨਸ਼ਟ ਕਰਨ ਲਈ ਕਿਹਾ ਹੈ ਪਰ ਸਥਿਤੀ ਵਿਚ ਕੋਈ ਤਬਦੀਲੀ ਨਹੀਂ ਆਈ ਹੈ। ਉਨ੍ਹਾਂ ਕਿਹਾ ਕਿ ਪਾਕਿਸਤਾਨ ਸਥਿਤ 10 ਤੋਂ ਵੱਧ ਅੱਤਵਾਦੀ ਸਮੂਹ ਉਨ੍ਹਾਂ ਦੇ ਰਾਸ਼ਟਰ ਨਿਰਮਾਣ ਦੀਆਂ ਕੋਸ਼ਿਸ਼ਾਂ ਅਤੇ ਅਫਗਾਨਿਸਤਾਨ ਵਿਚ ਸ਼ਾਂਤੀ ਤੇ ਸਥਿਰਤਾ ਸਥਾਪਤ ਕਰਨ ਵਿਚ ਰੁਕਾਵਟ ਪਾ ਰਹੇ ਹਨ।*

### ਸ਼ਰੀਫ਼ ਦੇ ਭਾਸ਼ਣ ਦੌਰਾਨ ਬਲੋਚ ਤੇ ਭਾਰਤੀਆਂ ਵੱਲੋਂ ਪ੍ਰਦਰਸ਼ਨ

ਨਿਊਯਾਰਕ : ਸੰਯੁਕਤ ਰਾਸ਼ਟਰ ਮਹਾਸਭਾ ਵਿਚ ਪਾਕਿਸਤਾਨ ਦੇ ਪ੍ਰਧਾਨ ਮੰਤਰੀ ਨਵਾਜ਼ ਸ਼ਰੀਫ਼ ਦੇ ਸੰਬੋਧਨ ਦੌਰਾਨ ਸੰਯੁਕਤ ਰਾਸ਼ਟਰ ਮੁੱਖ ਦਫ਼ਤਰ ਦੇ ਬਾਹਰ ਕਈ ਬਲੋਚ ਤੇ ਭਾਰਤੀ ਲੋਕਾਂ ਨੇ ਵੱਡੇ ਪੱਧਰ 'ਤੇ ਵਿਰੋਧ ਪ੍ਰਦਰਸ਼ਨ ਕੀਤਾ। ਇਨ੍ਹਾਂ ਪ੍ਰਦਰਸ਼ਨਕਾਰੀਆਂ ਨਾਲ ਕਈ ਹੋਰ ਸਮੂਹ ਵੀ ਆ ਜੁੜੇ ਜੋ ਪਾਕਿਸਤਾਨ ਤੋਂ ਭਾਰਤ ਵਿਚ ਅੱਤਵਾਦ ਦਾ 'ਨਿਰਯਾਤ' ਬੰਦ ਕਰਨ ਦੀ ਮੰਗ ਕਰ ਰਹੇ ਸਨ। ਜਿਸ ਸਮੇਂ ਸ਼ਰੀਫ਼ ਮਹਾਸਭਾ ਦੀ ਆਮ ਬਹਿਸ ਨੂੰ ਸੰਬੋਧਨ ਕਰ ਰਹੇ ਸਨ ਉਸੇ ਸਮੇਂ ਪ੍ਰਦਰਸ਼ਨਕਾਰੀ ਵਿਸ਼ਵ ਸੰਸਥਾ ਦੇ ਮੁੱਖ ਦਫ਼ਤਰ ਦੇ ਬਾਹਰ ਦੀ ਸਮੁੱਚੀ ਸੜਕ 'ਤੇ ਜਮ੍ਹਾਂ ਹੋ ਗਏ ਸਨ ਅਤੇ ਪਾਕਿਸਤਾਨ ਵੱਲੋਂ ਕੀਤੇ ਜਾਣ ਵਾਲੇ ਜ਼ੁਲਮਾਂ, ਮਨੁੱਖੀ ਅਧਿਕਾਰਾਂ ਦੀ ਉਲੰਘਣਾ ਦੀ ਨਿੰਦਾ ਕਰ ਰਹੇ ਸਨ। ਅਮਰੀਕਨ ਫ੍ਰੈਂਡਸ ਆਫ਼ ਬਲੋਚਿਸਤਾਨ ਨਾਂਅ ਦੇ ਸੰਸਥਾਪਕ ਅਹਿਮਾਰ ਮੁਸਤੀ ਖ਼ਾਨ ਨੇ ਕਿਹਾ ਕਿ ਪਾਕਿਸਤਾਨ ਇਕ ਅੱਤਵਾਦੀ ਦੇਸ਼ ਹੈ ਅਤੇ ਉਹ ਬਲੋਚਿਸਤਾਨ ਦੇ ਲੋਕਾਂ ਨੂੰ ਸ਼ਾਂਤੀ ਨਾਲ ਨਹੀਂ ਰਹਿਣ ਦੇਣਾ ਚਾਹੁੰਦਾ।

## ਪਾਕਿ ਨਾਲ ਸਿੰਧੂ ਜਲ ਸਮਝੌਤਾ ਤੋੜ ਸਕਦਾ ਹੈ ਭਾਰਤ

ਨਵੀਂ ਦਿੱਲੀ : ਵਿਦੇਸ਼ ਮੰਤਰਾਲੇ ਦੇ ਬੁਲਾਰੇ ਵਿਕਾਸ ਸਵਰੂਪ ਨੇ ਭਾਰਤ ਅਤੇ ਪਾਕਿਸਤਾਨ ਦਰਮਿਆਨ ਸਿੰਧੂ ਜਲ ਸਮਝੌਤੇ ਨੂੰ ਤੋੜਨ ਦੇ ਸੰਕੇਤ ਦਿੱਤੇ ਹਨ। ਦਿੱਲੀ ਵਿਚ ਉਨ੍ਹਾਂ ਕਿਹਾ ਕਿ ਕਿਸੇ ਵੀ ਸਮਝੌਤੇ ਲਈ ਦੋ ਦੇਸ਼ਾਂ ਵਿਚ ਆਪਸੀ ਵਿਸ਼ਵਾਸ ਅਤੇ ਸਹਿਯੋਗ ਬਹੁਤ ਜ਼ਰੂਰੀ ਹੈ। ਇਹ ਇਕ ਪਾਸੜ ਨਹੀਂ ਹੋ ਸਕਦਾ। ਉੜੀ ਹਮਲੇ ਦੇ ਬਾਅਦ ਕੀਤੀ ਜਾ ਰਹੀ ਕਾਰਵਾਈ ਨੂੰ ਲੈ ਕੇ ਵਿਕਾਸ ਸਵਰੂਪ ਨੇ ਕਿਹਾ ਕਿ ਸਾਡਾ ਕੰਮ ਖੁਦ ਬੋਲਦਾ ਹੈ ਅਤੇ ਉਸ ਦੇ ਨਤੀਜੇ ਹੁਣ ਤੋਂ ਹੀ ਮਿਲਣੇ ਸ਼ੁਰੂ ਹੋ ਗਏ ਹਨ। ਸੰਯੁਕਤ ਰਾਸ਼ਟਰ ਵਿਚ ਨਵਾਜ਼ ਸ਼ਰੀਫ ਦੇ ਭਾਸ਼ਣ ਨੂੰ ਲੈ ਕੇ ਉਨ੍ਹਾਂ ਪਾਕਿਸਤਾਨ ਦੀ ਸਖ਼ਤ ਆਲੋਚਨਾ ਕੀਤੀ। ਉਨ੍ਹਾਂ ਕਿਹਾ ਕਿ ਬਰਤਾਨੀਆ, ਫਰਾਂਸ, ਸਾਊਦੀ ਅਰਬ ਸਣੇ ਦੁਨੀਆ ਦੇ ਜ਼ਿਆਦਾਤਰ ਦੇਸ਼ਾਂ ਨੇ ਉੜੀ ਹਮਲੇ ਦੀ ਸਖ਼ਤ ਨਿੰਦਾ ਕੀਤੀ ਹੈ ਅਤੇ ਹੁਣ ਇਹ ਪਾਕਿਸਤਾਨ ਦੀ ਪੂਰੀ ਜ਼ਿੰਮੇਵਾਰੀ ਹੈ ਕਿ ਉਹ ਆਪਣੇ ਦੇਸ਼ ਵਿਚ ਰਹਿ ਰਹੇ ਅੱਤਵਾਦੀ ਸੰਗਠਨਾਂ ਖਿਲਾਫ਼ ਕਾਰਵਾਈ ਕਰੇ। ਵਿਕਾਸ ਸਵਰੂਪ ਨੇ ਕਿਹਾ ਕਿ ਹੋਰ ਕਿਸੇ ਦੇਸ਼ ਨੇ ਕਸ਼ਮੀਰ ਦੇ ਮੁੱਦੇ 'ਤੇ ਕੁਝ ਨਹੀਂ ਕਿਹਾ ਪਰ ਨਵਾਜ਼ ਸ਼ਰੀਫ ਨੇ ਆਪਣੇ ਭਾਸ਼ਣ ਦਾ 80 ਫੀਸਦੀ ਹਿੱਸਾ ਇਸ 'ਤੇ ਕੇਂਦਰਿਤ ਰੱਖਿਆ। ਉਨ੍ਹਾਂ ਕਿਹਾ ਕਿ ਹੋਰਨਾਂ ਸਾਰੇ ਦੇਸ਼ਾਂ ਨੇ ਆਪਣੇ ਬਿਆਨ ਵਿਚ ਅੱਤਵਾਦ ਨੂੰ ਸ਼ਾਂਤੀ ਲਈ ਸਭ ਤੋਂ ਵੱਡਾ ਖ਼ਤਰਾ ਦੱਸਿਆ ਹੈ ਪਰ ਪਾਕਿਸਤਾਨ ਅਜੇ ਵੀ ਇਸ ਨੂੰ ਮੰਨਣ ਲਈ ਤਿਆਰ ਨਹੀਂ।

# ਲੰਬੀ ਉਡੀਕ ਮਗਰੋਂ ਆਖ਼ਰ ਭਾਰਤ ਤੇ ਫਰਾਂਸ ਵਿਚਾਲੇ ਰਾਫੇਲ ਸਮਝੌਤਾ ਹੋਇਆ

### *ਲੜਾਕੂ ਜਹਾਜ਼ਾਂ ਦੀ ਘਾਟ ਕੀਤੀ ਜਾਵੇਗੀ ਪੂਰੀ*



**ਨਵੀਂ ਦਿੱਲੀ/ਬਿਊਰੋ ਨਿਊਜ਼ :** ਲੰਮੇ ਸਮੇਂ ਤੋਂ ਉਡੀਕੇ ਜਾ ਰਹੇ 7.871 ਅਰਬ ਯੂਰੋ (ਤਕਰੀਬਨ 58,828 ਕਰੋੜ ਰੁਪਏ) ਦੇ 36 ਰਾਫੇਲ ਲੜਾਕੂ ਜਹਾਜ਼ਾਂ ਦੀ ਖ਼ਰੀਦ ਲਈ ਸਮਝੌਤੇ ਉਤੇ ਭਾਰਤ ਤੇ ਫਰਾਂਸ ਨੇ ਸਹੀ ਪਾ ਦਿੱਤੀ ਹੈ। ਵਿਸ਼ੇਸ਼ ਗੱਲ ਇਹ ਹੈ ਕਿ ਸਮਝੌਤੇ ਦੀ ਕੁੱਲ ਕੀਮਤ ਦਾ 36 ਫੀਸਦੀ ਭਾਰਤ ਵਿੱਚ ਬਣੇ ਹਿੱਸਿਆਂ ਨਾਲ ਸਬੰਧਤ ਹੈ।

ਭਾਰਤੀ ਰੱਖਿਆ ਮੰਤਰੀ ਮਨੋਹਰ ਪਰੀਕਰ ਅਤੇ ਉਨ੍ਹਾਂ ਦੇ ਫਰਾਂਸੀਸੀ ਹਮਰੁਤਬਾ ਯਾਂ ਜੀਵਾਇਜ਼ ਲੀ ਦਰਾਇਨ ਨੇ ਇਸ ਸਮਝੌਤੇ ਉਤੇ ਸਹੀ ਪਾਈ। ਭਾਰਤੀ ਹਵਾਈ ਫੌਜ (ਆਈਏਐਫ) ਲਈ ਲੜਾਕੂ ਜਹਾਜ਼ ਖਰੀਦਣ ਦਾ ਇਹ ਪਿਛਲੇ ਦੋ ਦਹਾਕਿਆਂ ਵਿੱਚ ਹੋਇਆ ਸਭ ਤੋਂ ਵੱਡਾ ਸੌਦਾ ਹੈ। ਸੰਭਾਵਨਾ ਹੈ ਕਿ ਇਸ ਨਾਲ ਹਵਾਈ ਫੌਜ ਕੋਲ ਲੜਾਕੂ ਜਹਾਜ਼ਾਂ ਦੀ ਘਾਟ ਕਾਫ਼ੀ ਹੱਦ ਤੱਕ ਦੂਰ ਹੋ ਜਾਵੇਗੀ ਅਤੇ ਇਸ ਨਾਲ ਤਕਨੀਕੀ ਤੌਰ 'ਤੇ ਲਾਹਾ ਮਿਲੇਗਾ। ਜ਼ਿਕਰਯੋਗ ਹੈ ਕਿ ਹਵਾਈ ਫੌਜ ਨੇ ਇਸ ਸਦੀ ਦੇ ਸ਼ੁਰੂ ਤੋਂ ਹੁਣ ਤੱਕ ਪਹਿਲੀ ਕਤਾਰ ਦਾ ਇਕ ਵੀ ਲੜਾਕੂ ਜਹਾਜ਼ ਨਹੀਂ ਖਰੀਦਿਆ।

ਡਸਾਲਟ ਐਵੀਏਸ਼ਨ ਵੱਲੋਂ 36 ਮਹੀਨਿਆਂ ਵਿੱਚ ਸਤੰਬਰ 2019 ਤੱਕ ਪਹਿਲਾ ਜਹਾਜ਼ ਦਿੱਤਾ ਜਾਵੇਗਾ ਅਤੇ ਬਾਕੀ ਦੇ ਜਹਾਜ਼ ਇਸ ਤੋਂ ਅਗਲੇ 31 ਮਹੀਨਿਆਂ ਦੌਰਾਨ ਦਿੱਤੇ ਜਾਣਗੇ। ਫਰਾਂਸ ਦੀ ਇਹ ਕੰਪਨੀ ਇਨ੍ਹਾਂ ਜਹਾਜ਼ਾਂ ਵਿੱਚ ਅਗਲੀ ਪੀੜ੍ਹੀ ਦੀਆਂ 'ਮੀਟਿਓਰ ਤੇ ਸਕੈਲਪ' ਵਰਗੀਆਂ ਮਿਜ਼ਾਈਲਾਂ ਲਾਉਣ ਲਈ ਭਾਰਤ ਵੱਲੋਂ ਸੁਝਾਈਆਂ ਤਬਦੀਲੀਆਂ ਕਰੇਗੀ। ਇਸ ਸਮਰੱਥਾ ਨਾਲ ਭਾਰਤ ਦਾ ਆਪਣੇ ਮੌਜੂਦਾ ਵਿਰੋਧੀਆਂ ਤੋਂ ਹੱਥ ਉਤੇ ਹੋ ਜਾਵੇਗਾ। ਇਹ ਜਹਾਜ਼ ਲੇਹ ਦੀਆਂ ਸਰਦੀਆਂ ਵਿੱਚ ਸਟਾਰਟ ਹੋਣ, ਰਾਡਾਰ ਜੈਮਰ ਅਤੇ ਪਾਇਲਟਾਂ ਲਈ ਹੈਲਮਟ ਵਿੱਚ ਡਿਸਪਲੇਅ ਵਰਗੀਆਂ ਸਹੂਲਤਾਂ ਨਾਲ ਲੈਸ ਹੋਣਗੇ। ਮੀਟਿਓਰ ਬੀਵੀਆਰ (ਨਜ਼ਰ ਤੋਂ ਦੂਰ) ਸ਼੍ਰੇਣੀ ਦੀ ਹਵਾ ਤੋਂ ਹਵਾ ਵਿੱਚ ਮਾਰ ਕਰਨ ਵਾਲੀ ਮਿਜ਼ਾਈਲ ਹੈ, ਜਿਸ ਦੀ ਸਮਰੱਥਾ 150 ਕਿਲੋਮੀਟਰ ਤੱਕ ਹੈ। ਇਸ ਨਾਲ ਹਵਾਈ ਫੌਜ ਆਪਣੇ ਮੁਲਕ ਦੀ ਹੱਦ ਟੱਪੇ ਬਿਨਾਂ ਪਾਕਿਸਤਾਨ ਤੇ ਤਿੱਬਤ ਵਿੱਚ ਨਿਸ਼ਾਨੇ ਫੁੰਡਣ ਦੇ ਸਮਰੱਥ ਹੋਵੇਗੀ। ਸਕੈਲਪ ਹਵਾ ਤੋਂ ਸਮੁੰਦਰ ਵਿੱਚ ਮਾਰ ਕਰਨ ਵਾਲੀ 300 ਕਿਲੋਮੀਟਰ ਤੱਕ ਨਿਸ਼ਾਨੇ ਫੁੰਡਣ ਵਾਲੀ ਮਿਜ਼ਾਈਲ ਹੈ।

ਸਮਝੌਤੇ ਮੁਤਾਬਕ ਡਸਾਲਟ ਕੰਪਨੀ ਆਪਣੇ ਦਿੱਤੇ ਘੱਟੋ ਘੱਟ 75 ਫੀਸਦੀ ਜਹਾਜ਼ਾਂ ਨੂੰ ਹਰ ਸਮੇਂ ਤਿਆਰ ਰੱਖਣਾ ਯਕੀਨੀ ਬਣਾਏਗੀ, ਜਦੋਂ ਕਿ ਪਹਿਲੀ ਕਤਾਰ ਦੇ ਮੌਜੂਦਾ ਜਹਾਜ਼ ਸੁਖੋਈ 30-ਐਮਕੇਆਈ ਦੀ ਤਿਆਰੀ ਸਮਰੱਥਾ 60 ਫੀਸਦੀ ਹੈ। ਆਮ ਸ਼ਬਦਾਂ ਮੁਤਾਬਕ ਕੰਪਨੀ ਆਪਣੇ 36 ਵਿੱਚੋਂ 27 ਜਹਾਜ਼ਾਂ ਨੂੰ ਲੜਾਈ ਲਈ ਹਰ ਸਮੇਂ ਤਿਆਰ ਰੱਖੇਗੀ।

# ਸਿੱਖ ਕਾਮਿਆਂ ਨੂੰ ਹੈਲਮਟ ਨਿਯਮਾਂ 'ਚ ਨਾ ਮਿਲੀ ਛੋਟ

**ਟੋਰਾਂਟੋ/ਬਿਊਰੋ ਨਿਊਜ਼ :** ਕੈਨੇਡੀਅਨ ਅਦਾਲਤ ਨੇ 10 ਸਾਲ ਪੁਰਾਣੇ ਇਕ ਮਾਮਲੇ 'ਤੇ ਫ਼ੈਸਲਾ ਦਿੰਦੇ ਹੋਏ ਤਿੰਨ ਸਿੱਖ ਡਰਾਈਵਰਾਂ ਨੂੰ ਕੰਮ 'ਤੇ ਹੈਲਮਟ ਪਾ ਕੇ ਜਾਣ ਦਾ ਹੁਕਮ ਸੁਣਾਇਆ ਅਤੇ ਇਸ ਮਾਮਲੇ ਵਿਚ ਕਿਸੇ ਤਰ੍ਹਾਂ ਦੀ ਵੀ ਛੋਟ ਦੇਣ ਤੋਂ ਇਨਕਾਰ ਕਰ ਦਿੱਤਾ। ਤਿੰਨ ਸਿੱਖ ਜੋ ਕਿ ਮੌਂਟਰੀਅਲ ਬੰਦਰਗਾਹ 'ਤੇ ਕੰਟੇਨਰ ਟਰੱਕ ਚਲਾਉਂਦੇ ਹਨ ਨੇ ਅਪੀਲ ਕੀਤੀ ਸੀ ਕਿ ਸਿੱਖ ਹੋਣ ਦੇ ਨਾਤੇ ਉਨ੍ਹਾਂ ਨੂੰ ਹੈਲਮਟ ਦੀ ਬਜਾਏ ਪੱਗ ਬੰਨ੍ਹਣ ਦੀ ਇਜਾਜ਼ਤ ਦਿੱਤੀ ਜਾਵੇ। ਆਪਣੇ ਹੁਕਮਾਂ ਵਿਚ ਕਿਊਬੇਕ ਸੁਪੀਰੀਅਰ ਅਦਾਲਤ ਦੇ ਜੱਜ ਆਂਦਰੇ ਪ੍ਰੋਵੋਸਟ ਨੇ ਬੰਦਰਗਾਹ ਦੇ ਨਿਯਮਾਂ ਨੂੰ ਸਹੀ ਠਹਿਰਾਇਆ ਕਿਉਂਕਿ ਹੈਲਮਟ ਕਾਮਿਆਂ ਨੂੰ ਸਿਰ ਵਿਚ ਸੱਟ ਤੋਂ ਬਚਾਉਂਦੇ ਹਨ। ਜ਼ਿਕਰਯੋਗ ਹੈ ਕਿ ਸਾਲ 2006 ਵਿਚ ਇਨ੍ਹਾਂ ਸਿੱਖ ਡਰਾਈਵਰਾਂ ਨੇ ਅਪੀਲ ਕੀਤੀ ਸੀ ਕਿ ਉਨ੍ਹਾਂ ਨੂੰ ਧਾਰਮਿਕ ਭੇਦਭਾਵ ਕੀਤਾ ਜਾ ਰਿਹਾ ਹੈ ਕਿਉਂਕਿ ਉਨ੍ਹਾਂ ਨੂੰ ਹੈਲਮਟ ਪਹਿਨਣ ਤੋਂ ਬਿਨ੍ਹਾਂ ਬੰਦਰਗਾਹ ਵਿਚ ਦਾਖ਼ਲ ਨਹੀਂ ਹੋਣ ਦਿੱਤਾ ਜਾਂਦਾ। ਇਥੇ ਸਾਲ 2005 ਵਿਚ ਨਵੇਂ ਸੁਰੱਖਿਆ ਨਿਯਮ ਲਾਗੂ ਕੀਤੇ ਗਏ ਸਨ। ਇਨ੍ਹਾਂ ਸਿੱਖ ਕਾਮਿਆਂ ਦੇ ਵਕੀਲ ਨੇ ਕਿਹਾ ਕਿ ਇਹ ਫ਼ੈਸਲਾ ਨਿਰਾਸ਼ ਕਰਨ ਵਾਲਾ ਹੈ। ਉਨ੍ਹਾਂ ਕਿਹਾ ਕਿ ਉਹ ਅਗਲੇ ਹਫ਼ਤੇ ਸਿੱਖ ਕਾਮਿਆਂ ਨੂੰ ਫਿਰ ਮਿਲਣਗੇ ਤਾਂ ਕਿ ਫ਼ੈਸਲੇ ਖ਼ਿਲਾਫ਼ ਅਪੀਲ ਕੀਤੀ ਜਾ ਸਕੇ।

# ਨਵਤੇਜ ਸਿੰਘ ਸਰਨਾ ਅਮਰੀਕਾ ਅਤੇ ਤਰਨਜੀਤ ਸੰਧੂ ਸ੍ਰੀਲੰਕਾ ਦੇ ਸਫ਼ੀਰ ਨਿਯੁਕਤ





**ਨਵੀਂ ਦਿੱਲੀ/ਬਿਊਰੋ ਨਿਊਜ਼ :** ਬਰਤਾਨੀਆ ਵਿਚ ਭਾਰਤ ਦੇ ਹਾਈ ਕਮਿਸ਼ਨਰ ਨਵਤੇਜ ਸਿੰਘ ਸਰਨਾ ਨੂੰ ਅਮਰੀਕਾ ਅਤੇ ਤਰਨਜੀਤ ਸਿੰਘ ਸੰਧੂ ਨੂੰ ਸ੍ਰੀਲੰਕਾ ਵਿਚ ਭਾਰਤ ਦੇ ਨਵੇਂ ਸਫ਼ੀਰ ਵਜੋਂ ਨਿਯੁਕਤ ਕੀਤਾ ਗਿਆ ਹੈ। ਭਾਰਤੀ ਵਿਦੇਸ਼ ਸੇਵਾ ਦੇ 1980 ਬੈਚ ਦੇ ਅਧਿਕਾਰੀ ਸ੍ਰੀ ਸਰਨਾ, ਅਰੁਣ ਸਿੰਘ ਦੀ ਥਾਂ ਲੈਣਗੇ ਜੋ ਸੇਵਾਮੁਕਤ ਹੋਣ ਵਾਲੇ ਹਨ। ਅਮਰੀਕਾ ਵਿਚ ਰਾਸ਼ਟਰਪਤੀ ਅਹੁਦੇ ਦੀ 8 ਨਵੰਬਰ ਨੂੰ ਹੋਣ ਵਾਲੀਆਂ ਚੋਣਾਂ ਤੋਂ ਬਾਅਦ ਨਵੇਂ ਪ੍ਰਸ਼ਾਸਨ ਨਾਲ ਤਾਲਮੇਲ ਬਣਾਉਣਾ ਉਨ੍ਹਾਂ ਲਈ ਵੱਡੀ ਚੁਣੌਤੀ ਰਹੇਗੀ। ਸਰਕਾਰ ਨੇ 1988 ਬੈਚ ਦੇ ਆਈਐਫਐਸ ਅਧਿਕਾਰੀ ਤਰਨਜੀਤ ਸਿੰਘ ਸੰਧੂ ਨੂੰ ਸ੍ਰੀਲੰਕਾ ਵਿਚ ਅਗਲਾ ਹਾਈ ਕਮਿਸ਼ਨਰ ਨਿਯੁਕਤ ਕੀਤਾ ਹੈ। ਉਹ ਯਸ਼ ਸਿਨਹਾ ਦੀ ਥਾਂ ਲੈਣਗੇ ਜਿਨ੍ਹਾਂ ਨੂੰ ਬਰਤਾਨੀਆ ਵਿਚ ਭਾਰਤੀ ਹਾਈ ਕਮਿਸ਼ਨਰ ਬਣਾਉਣ ਦੀਆਂ ਕਨਸੋਆਂ ਹਨ।

# Sir Speedy Tustin

Printers to the Community

**Outdoor 3'x11' Promo Flag**
Only $29/-
Pole & Spike $55/-

**Outdoor 3'x6' Durable Banner**
All weather, durable to sunlight, rain and wear & tear. Text only.
Only $69/-

**Receipt Books**
Customized with your information and design. 2 part carbonless with numbering and perforation.
Call for Price

**Retractable 33"x 80" Banner**
Includes stand and carry bag. Hi-res imaging, durable and Brilliant colors!
Only $225/-

**All Weather 18"x24" Yard Signs**
Includes H-stakes. Single sided, durable to sunlight and rain. Reusable!
$49/- for 4

**11" Printed Balloons**
Printed with your logo and info. One color, one location. Min. qty 1000
19¢ each

**Your Printed T-Shirts**
White T-Shirts, 1 color screen printing in 1 position. Min Qty. 100
Only $4.99

**Your Printed Caps**
1 color in 1 position. Min Qty. 100
Only $4.99

**Trip Envelopes** Qty 1000
Only $199/-

**What we can do for you today?**

- Printing & Copying
- Creative Services
- Mailing Services
- Mailing List Aquisition
- Signs Posters & Banners
- Promotional Producst
- Website design and development

1045 East Main Street, Tustin, CA 92780
Call 562-881-7430
Fax: 714-731-8931
E-mail: sirspeedy_tustin@yahoo.com
www.sirspeedy.com/tustin



Jagjit Singh Bains

CUSTOMIZED SWEET BOXES

South Asian Wedding Cards

CALL NOW

# ਸੰਪਟ ਬਨਾਮ ਛੰਤ

**ਕੀ ਇਕ ਛੰਤ ਦੇ ਚਾਰ ਪਦਿਆਂ ਨੂੰ ਵੱਖ-ਵੱਖ ਕਰਕੇ ਕੀਰਤਨ ਕਰਨਾ ਜਾਇਜ਼ ਹੈ? ਜੇ ਗੁਰੂ ਗ੍ਰੰਥ ਸਾਹਿਬ ਜੀ ਦੇ ਪਾਠ ਕਰਦੇ ਸਮੇਂ, ਨਾਲ-ਨਾਲ ਕਿਸੇ ਹੋਰ ਬਾਣੀ ਦਾ ਪਾਠ ਕਰਨਾ ਜਾਂ ਹਰ ਸ਼ਬਦ ਪਿਛੋਂ ਬਾਣੀ ਦੀ ਕਿਸੇ ਖ਼ਾਸ ਪੰਗਤੀ ਦਾ ਉਚਾਰਨ ਕਰਨਾ (ਸੰਪਟ ਲਾਉਣਾ) ਮਨਮੱਤ ਹੈ ਤਾਂ ਕੀਰਤਨ ਸਮੇਂ, ਗੁਰੂ ਅਰਜਨ ਦੇਵ ਜੀ ਵੱਲੋਂ ਗੁਰੂ ਗ੍ਰੰਥ ਸਾਹਿਬ ਜੀ ਵਿਚ ਦਰਜ ਕਰਵਾਈ ਗਈ ਆਸਾ ਕੀ ਵਾਰ ਦੀ ਤਰਤੀਬ ਨੂੰ ਭੰਗ ਕਰਕੇ ਛੰਤ ਅਤੇ ਹੋਰ ਸ਼ਬਦਾਂ ਦਾ ਕੀਰਤਨ ਕਰਨਾ, ਮਨਮੱਤ ਕਿਵੇਂ ਨਹੀਂ ਹੈ?**

**ਸਰਵਜੀਤ ਸਿੰਘ ਸੈਕਰਾਮੈਂਟੋ**

ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਵਲੋਂ ਗਠਿਤ ਧਰਮ ਪ੍ਰਚਾਰ ਕਮੇਟੀ ਵੱਲੋਂ ਛਪਵਾ ਕੇ ਮੁਫ਼ਤ ਵੰਡੀ ਜਾਂਦੀ 'ਸਿੱਖ ਰਹਿਤ ਮਰਯਾਦਾ' ਵਿਚ ਅਖੰਡ ਪਾਠ ਦੇ ਸਿਰਲੇਖ ਹੇਠ



ਇਹ ਸਪਸ਼ਟ ਤੌਰ 'ਤੇ ਦਰਜ ਹੈ, "ਅਖੰਡ ਪਾਠ ਜਾਂ ਹੋਰ ਕਿਸੇ ਤਰ੍ਹਾਂ ਦੇ ਪਾਠ ਵੇਲੇ ਕੁੰਭ, ਜੋਤ, ਨਾਰੀਅਲ ਰੱਖਣਾ ਜਾਂ ਨਾਲ-ਨਾਲ ਜਾਂ ਵਿੱਚ-ਵਿੱਚ ਕਿਸੇ ਹੋਰ ਬਾਣੀ ਦਾ ਪਾਠ ਜਾਰੀ ਰੱਖਣਾ ਮਨਮੱਤ ਹੈ"। ਇੱਥੇ ਨਾਲ-ਨਾਲ ਤੋਂ ਭਾਵ ਕਿ ਅਖੰਡ ਪਾਠ ਵੇਲੇ, ਜਪੁਜੀ ਸਾਹਿਬ ਜਾਂ ਕਿਸੇ ਹੋਰ ਬਾਣੀ ਦਾ ਪਾਠ ਕਰਨਾ ਅਤੇ ਵਿੱਚ-ਵਿੱਚ ਤੋਂ ਭਾਵ ਹੈ ਕਿ ਕਿਸੇ ਖ਼ਾਸ ਸ਼ਬਦ ਜਾਂ ਪੰਗਤੀਆਂ ਦਾ ਪਾਠ ਕਰਨਾ ਭਾਵ ਸੰਪਟ ਲਾਉਣਾ, ਮਨਮੱਤ ਹੈ। ਕਈ ਦਹਾਕੇ ਪਹਿਲਾਂ ਦੀ ਗੱਲ ਹੈ ਕਿ ਸਾਧਾਰਨ ਪਾਠ ਦੇ ਅਰੰਭ ਵੇਲੇ ਦੇਸੀ ਘਿਓ ਦੀ ਜੋਤ, ਕੁੰਭ (ਘੜਾ), ਕੁੰਭ ਉਤੇ ਲਾਲ ਕੱਪੜੇ ਵਿਚ ਲਪੇਟ ਕੇ ਨਾਰੀਅਲ, ਘੜੇ ਥੱਲੇ ਰੇਤਾ ਅਤੇ ਰੇਤੇ ਵਿਚ ਬੀਜੇ ਹੋਏ ਜੌਂ ਤਾਂ ਮੈਂ ਵੀ ਵੇਖੇ ਹਨ। ਅੱਜ ਕੱਲ੍ਹ ਖ਼ਾਸ ਕਰ ਵਿਦੇਸ਼ਾਂ ਵਿਚ, ਰੇਤ ਅਤੇ ਜੌਂ ਦਾ ਰਿਵਾਜ ਤਾਂ ਨਹੀਂ ਹੈ ਪਰ ਕੁੰਭ ਦੀ ਥਾਂ ਪਲਾਸਟਿਕ ਦੀ ਕੇਨੀ ਨੇ ਲੈ ਲਈ ਹੈ। ਇਸੇ ਤਰ੍ਹਾਂ ਹੀ ਗੁਰੂ ਗ੍ਰੰਥ ਸਾਹਿਬ ਜੀ ਵਿਚ ਦਰਜ ਬਾਣੀ ਦੇ ਲਗਾਤਾਰ ਪਾਠ ਦੇ ਨਾਲ-ਨਾਲ ਕਿਸੇ ਮੌਕੇ, ਖ਼ਾਸ ਪੰਗਤੀਆਂ ਦੇ ਉਚਾਰਣ ਕਰਨ ਦੀ ਮਨਮੱਤ ਵੀ ਕਈ ਡੇਰੇਦਾਰਾਂ ਵੱਲੋਂ ਪ੍ਰਚੱਲਤ ਕੀਤੀ ਹੋਈ ਹੈ, ਜਿਸ ਨੂੰ ਸੰਪਟ ਪਾਠ ਕਹਿੰਦੇ ਹਨ। ਕਈ ਜਥੇਬੰਦੀਆਂ ਵੱਲੋਂ ਤਾਂ ਆਪਣੀਆਂ ਲਿਖਤਾਂ ਵਿਚ ਸੰਪਟ ਪਾਠ ਦੀ ਵੱਖਰੀ ਮਰਯਾਦਾ ਵੀ ਲਿਖੀ ਹੋਈ ਹੈ।

ਸੰਪਟ ਪਾਠ : ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਅਖੰਡ ਜਾਂ ਨਿਰੰਤਰ ਪਾਠ ਕਰਨ ਦੀ ਖ਼ਾਸ ਵਿਧੀ ਹੈ ਜਿਸ ਵਿਚ ਪਾਠ ਕਰਦੇ ਸਮੇਂ ਹਰੇਕ ਪੂਰਨ ਸ਼ਬਦ ਉਪਰੰਤ ਇਕ ਸ਼ਬਦ ਜਾਂ ਸਲੋਕ (ਜੋ ਪਹਿਲਾਂ ਗੁਰੂ ਗ੍ਰੰਥ ਸਾਹਿਬ ਵਿਚੋਂ ਆਪਣੇ ਆਪ ਚੁਣਿਆ ਜਾਂ ਨਿਰਧਾਰਿਤ ਕੀਤਾ ਗਿਆ ਹੁੰਦਾ ਹੈ) ਸੰਪਟ ਪਾਠ ਦੇ ਪ੍ਰਾਰੰਭ ਤੋਂ ਸਮਾਪਤੀ ਤਕ ਉਚਾਰਿਆ ਜਾਂਦਾ ਹੈ। ਇਹ ਪਾਠ ਇਕ ਪਰਦੇ ਵਾਲੇ ਕਮਰੇ ਵਿਚ ਕੀਤਾ ਜਾਂਦਾ ਹੈ ਤਾਂ ਕਿ ਪਾਠੀ ਦੀ ਆਵਾਜ਼ ਕਮਰੇ ਦੇ ਬਾਹਰ ਤਾਂ ਸੁਣੀ ਜਾਂ ਸਕੇ ਪਰ ਪਾਠੀ ਤੇ ਸ੍ਰੀ ਗੁਰੂ ਗ੍ਰੰਥ ਸਾਹਿਬ, ਬਾਹਰ ਬੈਠੀ ਸੰਗਤ ਦੇ ਸਾਹਮਣੇ ਨਾ ਹੋਣ। ਹਿੰਦੂ ਪਰੰਪਰਾ ਅਨੁਸਾਰ ਜੇ ਕੋਈ ਮੰਤਰ ਕਿਸੇ ਰਹੱਸਵਾਦੀ ਸ਼ਬਦ ਜਾਂ ਮੰਤਰ ਦੇ ਆਦਿ ਤੇ ਅੰਤ ਵਿਚ ਹੋਵੇ ਤਾਂ ਉਸ ਨੂੰ ਸੰਪਟ ਮੰਤਰ ਕਿਹਾ ਜਾਂਦਾ ਹੈ। ਸੰਪਟ ਦਾ ਸ਼ਾਬਦਿਕ ਅਰਥ ਉਹ ਡੱਬਾ ਜਾਂ ਸੰਦੂਕ ਹੈ ਜਿਸ ਵਿਚ ਸ਼ਰਧਾ ਵਾਨ ਹਿੰਦੂ ਆਪਣੀਆਂ ਦੇਵ-ਮੂਰਤੀਆਂ ਜਾਂ ਠਾਕਰਾਂ ਨੂੰ ਰੱਖਦੇ ਹਨ। ਸੰਪਟ ਪਾਠ ਪੂਰਾ ਕਰਨ ਵਿਚ ਅਖੰਡ ਪਾਠ ਤੋਂ ਦੋ ਗੁਣਾਂ ਜਾਂ ਇਸ ਤੋਂ ਵੀ ਕੁੱਝ ਵੱਧ ਸਮਾਂ ਲੱਗਦਾ ਹੈ"। (ਸਿੱਖ ਧਰਮ ਵਿਸ਼ਵ-ਕੋਸ਼, ਪਬਲੀਕੇਸ਼ਨ ਬਿਊਰੋ)

ਜਿਵੇਂ ਪਬਲੀਕੇਸ਼ਨ ਬਿਊਰੋ ਵੱਲੋਂ ਛਾਪੇ ਗਏ "ਸਿੱਖ ਧਰਮ ਵਿਸ਼ਵ-ਕੋਸ਼" ਵਿਚ ਦਰਜ ਪਰਿਭਾਸ਼ਾ ਤੋਂ ਹੀ ਸਪਸ਼ਟ ਹੈ ਕਿ ਪੁਜਾਰੀ ਸ਼ਰਧਾਲੂਆਂ ਦੀ ਮੰਗ ਜਾਂ ਲੋੜ ਮੁਤਾਬਕ ਕੁੱਝ ਖ਼ਾਸ ਪੰਗਤੀਆਂ ਦੀ ਚੋਣ ਕਰਕੇ, ਪਾਠ ਦੇ ਨਾਲ-ਨਾਲ ਹਰ ਸ਼ਬਦ ਤੋਂ ਪਿਛੋਂ, ਉਨ੍ਹਾਂ ਪੰਗਤੀਆਂ ਦਾ ਪਾਠ ਕਰਦੇ ਹਨ। ਫ਼ਰਜ਼ ਕਰੋ ਕਿਸੇ ਨੇ ਸਰੀਰਕ ਬਿਮਾਰੀ ਤੋਂ ਛੁਟਕਾਰਾ ਪਾਉਣ ਲਈ ਸੰਪਟ ਪਾਠ ਕਰਵਾਉਣਾ ਹੈ ਤਾਂ, "ਅਉਖੀ ਘੜੀ ਨ ਦੇਖਣ ਦੇਈ ਅਪਨਾ ਬਿਰਦੁ ਸਮਾਲੇ ॥ ਹਾਥ ਦੇਇ ਰਾਖੈ ਅਪਨੇ ਕਉ ਸਾਸਿ ਸਾਸਿ ਪ੍ਰਤਿਪਾਲੇ" ਪੰਗਤੀ ਦਾ ਸੰਪਟ ਵੀ ਲਾਇਆ ਜਾ ਸਕਦਾ ਹੈ। ਹੁਣ ਸਵਾਲ ਪੈਦਾ ਹੁੰਦਾ ਹੈ ਕਿ ਬਾਣੀ ਲਿਖਣ ਦੀ ਜੋ ਤਰਤੀਬ ਗੁਰੂ ਸਾਹਿਬ ਜੀ ਨੇ ਵਰਤੀ ਸੀ, ਉਸ ਦੀ ਉਲੰਘਣਾ ਕਰਨ ਦਾ ਅਧਿਕਾਰ ਡੇਰੇਦਾਰ ਬਾਬਿਆਂ ਨੂੰ ਕਿਸ ਨੇ ਦਿੱਤਾ ਹੈ? ਇਹ ਨਿਰੋਲ ਮਨਮੱਤ ਹੈ। ਸਿੱਖ ਸੰਗਤਾਂ ਨੂੰ ਬੇਨਤੀ ਹੈ ਕਿ ਅਖੌਤੀ ਬਾਬਿਆਂ ਦੇ ਪਿੱਛੇ ਲੱਗ ਕੇ ਮਨਮੱਤ ਕਰਨ ਦੀ ਬਿਜਾਏ, ਸਿੱਖ ਰਹਿਤ ਮਰਯਾਦਾ ਵਿਚ ਦਿੱਤੇ ਗਏ ਉਪਦੇਸ਼ ਮੁਤਾਬਕ ਆਪ ਸਾਧਾਰਨ ਪਾਠ ਕੀਤਾ ਜਾਵੇ। ਤਾਂ ਜੋ ਬਾਣੀ ਨੂੰ ਸਮਝ ਕੇ ਉਸ ਤੇ ਅਮਲ ਕੀਤਾ ਜਾ ਸਕੇ।

ਛੰਤ : ਇਹ ਸੰਸਕ੍ਰਿਤ ਦੇ 'ਛੰਦਸ੍' ਸ਼ਬਦ ਦਾ ਤਦਭਵ ਰੂਪ ਹੈ ਅਤੇ ਇਸ ਦਾ ਤਾਤਪਰ ਹੈ ਮਾਤ੍ਰਾ, ਵਰਣ, ਯਤੀ ਦੇ ਨਿਯਮਾਂ ਨਾਲ ਯੁਕਤ ਵਾਕ। ਲੋਕ-ਜੀਵਨ ਵਿਚ ਇਸ ਦੀ ਵਰਤੋਂ ਉਨ੍ਹਾਂ ਲੋਕ-ਗੀਤਾਂ ਲਈ ਹੁੰਦੀ ਹੈ ਜੋ ਵਿਆਹ ਦੇ ਮੌਕੇ ਉਤੇ ਲਾੜਾ ਆਪਣੀਆਂ ਸਾਲ਼ੀਆਂ ਨੂੰ ਸੁਣਾਉਂਦਾ ਹੈ। ਇਸ ਤੱਥ ਦੇ ਪ੍ਰਕਾਸ਼ ਵਿਚ ਅਤੇ ਗੁਰੂ ਗ੍ਰੰਥ ਸਾਹਿਬ ਵਿਚਲੀ 'ਛੰਤ' ਬਾਣੀ ਦੇ ਗੰਭੀਰ ਅਧਿਐਨ ਦੇ ਆਧਾਰ 'ਤੇ ਇਹ ਕਿਹਾ ਜਾ ਸਕਦਾ ਹੈ ਕਿ 'ਛੰਤ' ਸਿਰਲੇਖ ਆਮ ਤੌਰ 'ਤੇ ਉਨ੍ਹਾਂ ਮਾਂਗਲਿਕ ਪਦਿਆਂ ਨੂੰ ਦਿੱਤਾ ਗਿਆ ਹੈ ਜਿਨ੍ਹਾਂ ਵਿਚ ਜੀਵਾਤਮਾ ਰੂਪੀ ਨਾਇਕਾ ਦੇ ਬਿਰਹੋਂ ਦੇ ਅਨੁਭਵ, ਸੰਜੋਗ ਦੀ ਅਭਿਲਾਸ਼ਾ, ਪ੍ਰੀਤਮ ਦੀ ਉਡੀਕ ਅਤੇ ਕਦੇ ਕਦੇ ਪ੍ਰਾਪਤ ਹੋਏ ਸੰਜੋਗ-ਸੁਖ ਦੀਆਂ ਭਾਵਨਾਵਾਂ ਨੂੰ ਪ੍ਰਗਟ ਕੀਤਾ ਗਿਆ ਹੋਵੇ। ਗੁਰੂ ਗ੍ਰੰਥ ਸਾਹਿਬ ਵਿਚ ਸੰਕਲਿਤ ਛੰਤਾਂ ਵਿਚੋਂ ਅਧਿਕਾਂਸ਼ ਚਾਰ ਪਦਿਆਂ ਦੇ ਸਮੁੱਚ ਹਨ, ਕਿਤੇ-ਕਿਤੇ ਚਾਰ ਤੋਂ ਅਧਿਕ ਪਦੇ ਵੀ ਇਕ ਛੰਤ-ਸਮੁੱਚ ਵਿਚ ਸ਼ਾਮਲ ਕੀਤੇ ਮਿਲਦੇ ਹਨ। ਇਸ ਲਈ ਛੰਤ ਵਾਸਤੇ ਪਦਿਆਂ ਦੀ ਕੋਈ ਖ਼ਾਸ ਗਿਣਤੀ ਨਿਸ਼ਚਿਤ ਨਹੀਂ, ਨ ਹੀ ਇਸ ਦੇ ਨਾਂ ਵਿਚ ਕੋਈ ਗਿਣਤੀ ਸੂਚਕ ਸੰਕੇਤ ਹੈ। ਆਮ ਤੌਰ 'ਤੇ ਛੰਦ ਦੇ ਹਰ ਇਕ ਪਦੇ ਵਿਚ ਛੇ ਤੁਕਾਂ ਰਹਿੰਦੀਆਂ ਹਨ। ਪਰ ਤੁਕਾਂ ਦੀ ਗਿਣਤੀ ਵੱਧ-ਘੱਟ ਵੀ ਮਿਲਦੀ ਹੈ। ਤੁਖਾਰੀ ਰਾਗ ਵਿਚ ਦਰਜ 'ਬਾਰਹਮਾਹ' ਨੂੰ 'ਛੰਤ' ਸਿਰਲੇਖ ਦਿੱਤਾ ਗਿਆ ਹੈ। ਉਸ ਵਿਚ ਛੇ ਛੇ ਤੁਕਾਂ ਦੇ 17 ਪਦੇ ਹਨ। ਇਨ੍ਹਾਂ ਛੰਤਾਂ ਵਿਚ ਲੋਕ-ਗੀਤਾਂ ਦੀ ਪਰੰਪਰਾ ਵਿਚ ਕੁੱਝ ਸ਼ਬਦਾਂ ਜਾਂ ਤੁਕਾਂਸ਼ਾਂ ਦੀ ਪੁਨਰਾਵ੍ਰਿਤੀ ਵੀ ਹੋਈ ਹੈ। ਆਸਾ ਰਾਗ ਵਿਚ ਦਰਜ ਗੁਰੂ ਰਾਮਦਾਸ ਜੀ ਦੇ ਲਿਖੇ 'ਛਕੇ ਛੰਤ' (ਵੇਖੋ) ਬਹੁਤ ਪ੍ਰਸਿੱਧ ਹਨ। ਉਨ੍ਹਾਂ ਨੂੰ 'ਆਸਾ ਕੀ ਵਾਰ' ਨਾਲ ਗਾਇਆ ਜਾਂਦਾ ਹੈ। (ਡਾ. ਰਤਨ ਸਿੰਘ ਜੱਗੀ, ਸਰੋਤ : ਸਿੱਖ ਪੰਥ ਵਿਸ਼ਵ ਕੋਸ਼, ਗੁਰ ਰਤਨ ਪਬਲਿਸ਼ਰਜ਼, ਪਟਿਆਲਾ)

ਗੁਰੂ ਗ੍ਰੰਥ ਸਾਹਿਬ ਜੀ ਵਿਚ ਦਰਜ ਆਸਾ ਰਾਗ ਵਿਚ ਕੁਲ 36 ਛੰਤ (ਮ:੧ ਦੇ 5, ਮ:੩ ਦੇ 2, ਮ:੪ ਦੇ 14, ਅਤੇ ਮ: ੫ ਦੇ 15) ਦਰਜ ਹਨ। ਗੁਰੂ ਰਾਮ ਦਾਸ ਜੀ ਵੱਲੋਂ ਉਚਾਰਨ ਕੀਤੇ ਗਏ 14 ਛੰਤਾਂ ਵਿਚੋਂ 6 ਛੰਤ (8 ਤੋਂ 13) ਦਾ ਗਾਇਣ, "ਆਸਾ ਕੀ ਵਾਰ" ਨਾਲ ਕੀਤਾ ਜਾਂਦਾ ਹੈ। 'ਆਸਾ ਕੀ ਵਾਰ' ਗੁਰੂ ਨਾਨਕ ਜੀ ਵੱਲੋਂ ਬਖ਼ਸ਼ਿਸ਼ ਕੀਤੀ ਹੋਈ ਹੈ। ਇਸ ਵਾਰ ਦੀਆਂ ਕੁਲ 24 ਪਉੜੀਆਂ ਹਨ। ਗੁਰੂ ਅਰਜਨ ਦੇਵ ਜੀ ਨੇ ਗੁਰੂ ਗ੍ਰੰਥ ਸਾਹਿਬ ਜੀ ਦੀ ਸੰਪਾਦਨਾ ਕਰਨ ਵੇਲੇ, ਹੋਰ ਵਾਰਾਂ ਦੀ ਤਰ੍ਹਾਂ ਆਸਾ ਕੀ ਵਾਰ ਨਾਲ ਵੀ 58 ਸਲੋਕ ਦਰਜ ਕੀਤੇ ਹਨ। ਇਨ੍ਹਾਂ ਵਿਚ 43 ਮ: ਪਹਿਲਾ ਅਤੇ 15 ਮ: ਦੂਜਾ ਦੇ ਉਚਾਰਨ ਕੀਤੇ ਹੋਏ ਹਨ। ਅਠਾਰਾਂ ਪਉੜੀਆਂ ਨਾਲ ਦੋ-ਦੋ ਸਲੋਕ, ਤਿੰਨ ਪਉੜੀਆਂ ਨਾਲ ਤਿੰਨ-ਤਿੰਨ ਸਲੋਕ, ਦੋ ਪਉੜੀਆਂ ਨਾਲ ਚਾਰ-ਚਾਰ ਅਤੇ ਇਕ ਪਉੜੀ ਨਾਲ ਪੰਜ ਸਲੋਕ ਹਨ। ਇਹ ਹੈ ਗੁਰੂ ਅਰਜਨ ਦੇਵ ਜੀ ਵੱਲੋਂ ਪ੍ਰਵਾਨੀ ਗਈ ਬਾਣੀ ਦਰਜ ਕਰਨ ਦੀ ਤਰਤੀਬ।

ਦਰਬਾਰ ਸਾਹਿਬ ਤੋਂ ਆਸਾ ਕੀ ਵਾਰ ਦਾ ਕੀਰਤਨ ਸੁਣ ਰਿਹਾ ਸੀ ਤਾਂ ਧਿਆਨ ਵਿਚ ਆਇਆ ਕਿ ਰਾਗੀ ਸਿੰਘ ਤਾਂ ਗੁਰੂ ਗ੍ਰੰਥ ਸਾਹਿਬ ਜੀ ਵਿਚ ਦਰਜ ਆਸਾ ਕੀ ਵਾਰ ਮੁਤਾਬਕ ਕੀਰਤਨ ਹੀ ਨਹੀਂ ਕਰ ਰਹੇ। ਗੁਰੂ ਗ੍ਰੰਥ ਸਾਹਿਬ ਜੀ ਵਿਚ ਤਾਂ ਆਸਾ ਕੀ ਵਾਰ;

ੴ ਸਤਿਨਾਮੁ ਕਰਤਾ ਪੁਰਖੁ ਨਿਰਭਉ ਨਿਰਵੈਰੁ ਅਕਾਲ ਮੂਰਤਿ ਅਜੂਨੀ ਸੈਭੰ ਗੁਰ ਪ੍ਰਸਾਦਿ ॥ਆਸਾ ਮਹਲਾ 1॥ ਵਾਰ ਸਲੋਕਾ ਨਾਲਿ ਸਲੋਕ ਭੀ ਮਹਲੇ ਪਹਿਲੇ ਕੇ ਲਿਖੇ ਟੁੰਡੇ ਅਸ ਰਾਜੈ ਕੀ ਧੁਨੀ॥ਸਲੋਕੁ ਮ 1॥ ਬਲਿਹਾਰੀ ਗੁਰ ਆਪਣੇ ਦਿਉਹਾੜੀ ਸਦ ਵਾਰ॥ ਜਿਨਿ ਮਾਣਸ ਤੇ ਦੇਵਤੇ ਕੀਏ ਕਰਤ ਨ ਲਾਗੀ ਵਾਰ॥ (ਪੰਨਾ 462) ਤੋਂ ਅਰੰਭ ਹੁੰਦੀ ਹੈ ਪਰ ਰਾਗੀ ਜਥੇ ਤਾਂ, ੴ ਸਤਿਗੁਰ ਪ੍ਰਸਾਦਿ ॥ ਆਸਾ ਮਹਲਾ ੪ ਛੰਤ ਘਰੁ ੪ ॥ ਹਰਿ ਅੰਮ੍ਰਿਤ ਭਿੰਨੇ ਲੋਇਣਾ ਮਨੁ ਪ੍ਰੇਮਿ ਰਤੰਨਾ ਰਾਮ ਰਾਜੇ ॥ (ਪੰਨਾ 448) ਤੋਂ ਅਰੰਭ ਕਰਦੇ ਹਨ। ਜਦੋਂ ਵਾਰ ਦੀਆਂ ਚਾਰ ਪਉੜੀਆਂ ਦਾ ਕੀਰਤਨ ਪੂਰਾ ਹੁੰਦਾ ਹੈ ਤਾਂ ਆਪਣੀ-ਆਪਣੀ ਪਸੰਦ ਦੇ ਇਕ ਸ਼ਬਦ ਦਾ ਕੀਰਤਨ ਕਰਦੇ ਹਨ। ਹੁਣ ਸਵਾਲ ਪੈਦਾ ਹੁੰਦਾ ਹੈ ਕਿ ਅਜੇਹਾ ਕਿਉਂ ਹੋ ਰਿਹਾ ਹੈ। ਕੀਰਤਨੀ ਜਥਿਆਂ ਨੂੰ ਗੁਰੂ ਅਰਜਨ ਦੇਵ ਜੀ ਵੱਲੋਂ ਇਕ ਖ਼ਾਸ ਤਰਤੀਬ ਨਾਲ ਦਰਜ ਕੀਤੀ ਗਈ ਬਣੀ ਵਿਚ ਕੀ ਕਮੀ ਨਜ਼ਰ ਆਈ ਕਿ ਉਨ੍ਹਾਂ ਨੂੰ ਇਹ ਬਦਲਣੀ ਪਈ? ਮੇਰੇ ਪਾਸ ਭਾਈ ਚਤਰ ਸਿੰਘ ਜੀਵਨ ਸਿੰਘ ਵੱਲੋਂ 1912 ਈਸਵੀ ਵਿਚ ਛਾਪੀ ਗਈ "ਆਸਾ ਦੀ ਵਾਰ ਛੰਤ ਤੇ ਸ਼ਬਦਾਂ ਸਮੇਤ" ਕਿਤਾਬ ਹੈ। ਇਸ ਕਿਤਾਬ ਵਿਚ ਹਰ ਪਉੜੀ ਤੋਂ ਪਿੱਛੋਂ ਇਕ ਸ਼ਬਦ ਛਪਿਆ ਹੋਇਆ ਹੈ। ਇਸ ਦਾ ਭਾਵ ਹੈ ਕਿ ਅੱਜ ਤੋਂ 100 ਸਾਲ ਪਹਿਲਾਂ ਕੀਰਤਨੀ ਜਥੇ ਹਰ ਪਉੜੀ ਤੋਂ ਪਿੱਛੋਂ ਸ਼ਬਦ ਪੜ੍ਹਦੇ ਹੋਣਗੇ। ਹੁਣ ਹੋਰ ਸਵਾਲ ਪੈਦਾ ਹੁੰਦਾ ਹੈ ਕਿ ਹਰ ਪਉੜੀ ਦੀ ਥਾਂ ਚਾਰ ਪਉੜੀਆਂ ਤੋਂ ਪਿੱਛੋਂ ਸ਼ਬਦ ਪੜ੍ਹਨ ਦੀ ਰੀਤ ਕਿਸ ਨੇ ਅਤੇ ਕਦੋਂ ਅਰੰਭ ਕੀਤੀ ਗਈ ਹੋਏਗੀ? ਸਭ ਤੋਂ ਵੱਡਾ ਸਵਾਲ ਤਾਂ ਇਹ ਹੈ ਕਿ ਜਦੋਂ ਸ਼੍ਰੋਮਣੀ ਕਮੇਟੀ ਨੇ ਸਿੱਖ ਰਹਿਤ ਮਰਯਾਦਾ ਬਣਾ ਕੇ 1945 ਈਸਵੀ ਇਹ ਲਿਖ ਦਿੱਤਾ ਸੀ ਕਿ, "ਨਾਲ-ਨਾਲ ਜਾਂ ਵਿੱਚ-ਵਿੱਚ ਕਿਸੇ ਹੋਰ ਬਾਣੀ ਦਾ ਪਾਠ ਜਾਰੀ ਰੱਖਣਾ ਮਨਮੱਤ ਹੈ" ਤਾਂ ਪਿਛਲੇ ਸੱਤ ਦਹਾਕਿਆਂ ਵਿਚ ਖ਼ੁਦ ਸ਼੍ਰੋਮਣੀ ਕਮੇਟੀ ਨੇ ਇਸ ਤੇ ਅਮਲ ਕਿਉਂ ਨਹੀਂ ਕੀਤਾ? ਦਰਬਾਰ ਸਾਹਿਬ ਵਿਚ ਰੋਜ਼ਾਨਾ ਉੱਨੀ ਘੰਟੇ (2.30 ਵਜੇ ਸਵੇਰ ਤੋਂ 9.15 ਵਜੇ ਰਾਤ) ਕੀਰਤਨ ਹੁੰਦਾ ਹੈ ਜਿਸ ਵਿਚ ਆਸਾ ਕੀ ਵਾਰ ਦਾ ਕੀਰਤਨ ਤਿੰਨ ਘੰਟੇ (3.30 ਵਜੇ ਤੋਂ 6.30 ਵਜੇ) ਵਿਚ ਪੂਰਾ ਹੁੰਦਾ ਹੈ। ਜਦੋਂ ਕਿ ਆਸਾ ਕੀ ਵਾਰ ਜਿਵੇਂ ਗੁਰੂ ਜੀ ਨੇ ਗੁਰੂ ਗ੍ਰੰਥ ਸਾਹਿਬ ਜੀ ਵਿਚ ਦਰਜ ਕਰਵਾਈ ਹੈ, ਉਸ ਦਾ ਕੀਰਤਨ ਤਕਰੀਬਨ ਇਕ ਘੰਟੇ ਵਿਚ ਹੋ ਜਾਂਦਾ ਹੈ। ਜੇ ਕੋਈ ਜਥਾ, ਮਹਲਾ ੪ ਦੇ ਛੰਤਾਂ ਦਾ ਕੀਰਤਨ ਕਰਨਾ ਚਾਹੇ ਤਾਂ ਕੀ ਵੱਖਰੇ ਤੌਰ 'ਤੇ ਕਰ ਸਕਦਾ। ਗੁਰੂ ਗ੍ਰੰਥ ਸਾਹਿਬ ਵਿਚ ਬਾਣੀ ਨੂੰ ਗੁਰੂ ਸਾਹਿਬ ਨੇ ਅੰਤਿਮ ਸਰੂਪ ਦਿੱਤਾ ਹੈ। ਵਾਰਾਂ ਦੀਆਂ ਪੌੜੀਆਂ ਨਾਲ ਸਲੋਕ ਗੁਰੂ ਸਾਹਿਬ ਨੇ ਦਰਜ ਕਰਵਾਏ ਹਨ, ਉਨ੍ਹਾਂ ਨਾਲ ਹੋਰ ਕੁੱਝ ਜੋੜਨਾ, ਭਾਵੇਂ ਬਾਣੀ ਵਿਚੋਂ ਹੀ ਕਿਉਂ ਨਾ ਹੋਵੇ, ਗੁਰੂ ਸਾਹਿਬ ਜੀ ਵੱਲੋਂ ਬਾਣੀ ਲਿਖਣ ਦੀ ਪ੍ਰਮਾਣਿਤ ਵਿਧੀ ਨਾਲ ਛੇੜ ਛਾੜ ਹੀ ਮੰਨੀ ਜਾਏਗੀ। ਆਸਾ ਕੀ ਵਾਰ ਵਿਚ ਛੰਤ ਪੜ੍ਹਨੇ ਕਦੋਂ ਅਤੇ ਕਿਸ ਨੇ ਅਰੰਭ ਕੀਤੇ ਹੋਣਗੇ? ਇਹ ਸਵਾਲ ਮੈਂ ਕਈ ਜਥਿਆਂ ਨੂੰ ਪੁੱਛਿਆ ਹੈ, ਪਰ ਕੋਈ ਤਸੱਲੀਬਖ਼ਸ਼ ਜਵਾਬ ਨਹੀਂ ਮਿਲਿਆ। ਮਹਾਨ ਕੋਸ਼ ਵਿਚ ਦਰਜ ਜਾਣਕਾਰੀ, ਜਿਸ ਨਾਲ ਗਿਆਨੀ ਹਰਬੰਸ ਸਿੰਘ ਨੇ (ਆਸਾ ਕੀ ਵਾਰ ਦਰਸ਼ਨ-ਨਿਰਣੈ, ਪੰਨਾ 18) ਸਹਿਮਤੀ ਪ੍ਰਗਟਾਈ ਹੈ, ਵੀ ਪਰਖ ਕਸਵੱਟੀ ਤੇ ਪੂਰੀ ਨਹੀਂ ਉਤਰਦੀ। ਇਹ ਸੋਚਣਾ ਕਿ ਕੀਰਤਨ ਜਾਂ ਪਾਠ ਕਰਨ ਵੇਲੇ ਜਿਵੇਂ ਉਹ ਗੁਰੂ ਗ੍ਰੰਥ ਸਾਹਿਬ ਜੀ ਵਿਚ ਦਰਜ ਹੈ, ਵਿਚ ਤਬਦੀਲੀ ਕਰਨ ਨਾਲ ਗੁਰੂ ਗ੍ਰੰਥ ਸਾਹਿਬ ਦੀ ਰਚਨਾ ਵਿਚ ਕਈ ਫ਼ਰਕ ਨਹੀਂ ਪੈਂਦਾ ਇਕ ਗਲਤਫ਼ਹਿਮੀ ਹੈ। ਬਾਣੀ ਅਸਲ ਵਿਚ ਗੁਰੂ ਸਾਹਿਬਾਨ ਜੀ ਦੇ ਬੋਲਾਂ ਦਾ ਸੰਗ੍ਰਿਹ ਹੈ। ਇਸ ਨਾਲ ਛੇੜ ਛਾੜ ਕਰਨ ਦਾ ਅਧਿਕਾਰ ਕਿਸੇ ਪਾਸ ਵੀ ਨਹੀਂ ਹੈ। ਗੁਰਬਾਣੀ ਦਾ ਪਾਠ ਅਤੇ ਕੀਰਤਨ ਉਸੇ ਤਰਤੀਬ ਵਿਚ ਹੋਣਾ ਚਾਹੀਦਾ ਹੈ ਜਿਸ ਤਰਤੀਬ ਨਾਲ ਬਾਣੀ ਗੁਰੂ ਗ੍ਰੰਥ ਸਾਹਿਬ ਵਿਚ ਦਰਜ ਹੈ। ਕੀ ਇਕ ਛੰਤ ਦੇ ਚਾਰ ਪਦਿਆਂ ਨੂੰ ਵੱਖ-ਵੱਖ ਕਰਕੇ ਕੀਰਤਨ ਕਰਨਾ ਜਾਇਜ਼ ਹੈ? ਜੇ ਗੁਰੂ ਗ੍ਰੰਥ ਸਾਹਿਬ ਜੀ ਦੇ ਪਾਠ ਕਰਦੇ ਸਮੇਂ, ਨਾਲ-ਨਾਲ ਕਿਸੇ ਹੋਰ ਬਾਣੀ ਦਾ ਪਾਠ ਕਰਨਾ ਜਾਂ ਹਰ ਸ਼ਬਦ ਪਿਛੋਂ ਬਾਣੀ ਦੀ ਕਿਸੇ ਖ਼ਾਸ ਪੰਗਤੀ ਦਾ ਉਚਾਰਨ ਕਰਨਾ (ਸੰਪਟ ਲਾਉਣਾ) ਮਨਮੱਤ ਹੈ ਤਾਂ ਕੀਰਤਨ ਸਮੇਂ, ਗੁਰੂ ਅਰਜਨ ਦੇਵ ਜੀ ਵੱਲੋਂ ਗੁਰੂ ਗ੍ਰੰਥ ਸਾਹਿਬ ਜੀ ਵਿਚ ਦਰਜ ਕਰਵਾਈ ਗਈ ਆਸਾ ਕੀ ਵਾਰ ਦੀ ਤਰਤੀਬ ਨੂੰ ਭੰਗ ਕਰਕੇ ਛੰਤ ਅਤੇ ਹੋਰ ਸ਼ਬਦਾਂ ਦਾ ਕੀਰਤਨ ਕਰਨਾ, ਮਨਮੱਤ ਕਿਵੇਂ ਨਹੀਂ ਹੈ?

## ਪੰਜਾਬੀ ਸਾਹਿਤ ਅਕਾਡਮੀ ਲੁਧਿਆਣਾ ਵੱਲੋਂ ਪਰਿਵਾਰ ਦੇ ਸਹਿਯੋਗ ਨਾਲ ਕਾਮਰੇਡ ਜਗਜੀਤ ਸਿੰਘ ਲਾਇਲਪੁਰੀ ਯਾਦਗਾਰੀ ਪੁਰਸਕਾਰ ਸਥਾਪਤ

**ਲੁਧਿਆਣਾ/ਬਿਊਰੋ ਨਿਊਜ਼:** ਪੰਜਾਬੀ ਸਾਹਿਤ ਅਕਾਡਮੀ ਲੁਧਿਆਣਾ ਵੱਲੋਂ ਕਾਮਰੇਡ ਜਗਜੀਤ ਸਿੰਘ ਲਾਇਲਪੁਰੀ ਯਾਦਗਾਰੀ ਪੁਰਸਕਾਰ ਸਥਾਪਤ ਕੀਤਾ ਗਿਆ ਹੈ। ਕਾਮਰੇਡ ਜਗਜੀਤ ਸਿੰਘ ਲਾਇਲਪੁਰੀ ਦੇ ਸਪੁੱਤਰਾਂ, ਪਰਿਵਾਰ ਅਤੇ ਸਮੁੱਚੇ ਇਕੱਠ ਨੇ ਉਨ੍ਹਾਂ ਦੀ ਇਸ ਸਾਲ ਪੰਜਾਬੀ ਭਵਨ ਵਿਚ ਮਨਾਈ ਗਈ ਬਰਸੀ ਸਮੇਂ ਐਲਾਨ ਕੀਤਾ ਗਿਆ ਸੀ। ਉਨ੍ਹਾਂ ਨੇ ਢਾਈ ਲੱਖ ਰੁਪਏ ਦਾ ਚੈੱਕ ਜਮ੍ਹਾਂ ਕਰਵਾ ਦਿੱਤਾ ਹੈ ਜਿਸ ਤੋਂ ਆਉਣ ਵਾਲੇ ਵਿਆਜ ਨਾਲ ਹਰ ਸਾਲ ਕਾਮਰੇਡ ਜਗਜੀਤ ਲਾਇਲਪੁਰੀ, ਜਿਹੜੇ ਸਾਰੀ ਉਮਰ ਦੱਬੇ ਕੁਚਲੇ ਲੋਕਾਂ ਦੀ ਬਰਾਬਰੀ ਲਈ ਲੜਦੇ ਰਹੇ, ਉਨ੍ਹਾਂ ਦੀ ਵਿਚਾਰਧਾਰਾ ਦੀ ਦਿਸ਼ਾ ਵਿਚ ਲਿਖਣ ਵਾਲੇ ਲੇਖਕ ਨੂੰ ਪੁਰਸਕਾਰ ਦਿੱਤਾ ਜਾਇਆ ਕਰੇਗਾ। ਪੰਜਾਬੀ ਸਾਹਿਤ ਅਕਾਡਮੀ ਲੁਧਿਆਣਾ ਦੇ ਪ੍ਰਧਾਨ ਡਾ. ਸੁਖਦੇਵ ਸਿੰਘ ਸਿਰਸਾ ਨੇ ਦਸਿਆ ਕਿ ਕਾਮਰੇਡ ਜਗਜੀਤ ਸਿੰਘ ਲਾਇਲਪੁਰੀ ਜੀ ਨੇ ਆਜ਼ਾਦੀ ਦੀ ਲਹਿਰ ਸਮੇਂ ਜੇਲ ਵੀ ਕੱਟੀ। ਉਮਰ ਭਰ ਕਮਿਊਨਿਸਟ ਆਗੂ ਦੀ ਭੂਮਿਕਾ ਨਿਭਾਉਂਦੇ ਰਹੇ। ਉਨ੍ਹਾਂ ਦੀ ਸਵੈਜੀਵਨੀ 'ਮੇਰਾ ਜੀਵਨ ਮੇਰਾ ਯੁੱਗ' ਕਮਿਊਨਿਸਟ ਲਹਿਰ ਬਾਰੇ ਬਹੁਤ ਸਾਰੀ ਜਾਣਕਾਰੀ ਅਤੇ



ਨੁਕਤੇ ਸਾਂਝੇ ਕਰਦੀ ਹੈ। ਅਕਾਡਮੀ ਦੇ ਸੀਨੀਅਰ ਮੀਤ ਪ੍ਰਧਾਨ ਡਾ. ਅਨੂਪ ਸਿੰਘ ਅਤੇ ਜਨਰਲ ਸਕੱਤਰ ਡਾ. ਸੁਰਜੀਤ ਸਿੰਘ ਨੇ ਕਿਹਾ ਕਿ ਕਾਮਰੇਡ ਜਗਜੀਤ ਸਿੰਘ ਲਾਇਲਪੁਰੀ ਪੜ੍ਹੇ ਲਿਖੇ ਮਾਰਕਸਵਾਦੀ ਕਮਿਊਨਿਸਟ ਆਗੂ ਸਨ ਜਿਨ੍ਹਾਂ ਨੇ ਆਪਣੇ ਤਰੀਕੇ ਨਾਲ ਮਾਰਕਸਵਾਦ ਨੂੰ ਲਾਗੂ ਕਰਨ ਦਾ ਤਾਉਮਰ ਯਤਨ ਕੀਤਾ। ਅਕਾਡਮੀ ਦੇ ਸਕੱਤਰ ਡਾ. ਗੁਲਜ਼ਾਰ ਸਿੰਘ ਪੰਧੇਰ ਨੇ ਲਾਇਲਪੁਰੀ ਜੀ ਦੇ ਸਪੁੱਤਰ ਡਾ. ਨਵਦੀਪ ਖਹਿਰਾ ਅਤੇ ਸਮੁੱਚੇ ਪਰਿਵਾਰ ਦਾ ਧੰਨਵਾਦ ਕਰਦਿਆਂ ਆਖਿਆ ਕਿ ਅਕਾਡਮੀ ਪੁਰਸਕਾਰ ਪ੍ਰਾਪਤ ਕਰਨ ਵਾਲੇ ਸਾਹਿਤਕਾਰ ਦੀ ਚੋਣ ਸਮੇਂ ਪਰਿਵਾਰ ਦੀਆਂ ਭਾਵਨਾਵਾਂ ਦਾ ਪੂਰਾ ਖਿਆਲ ਰੱਖੇਗੀ।

## ਫਰਿਜ਼ਨੋ 'ਚ ਟਰੱਕ ਸ਼ੋਅ 'ਚ ਪੰਜਾਬੀ ਭਾਈਚਾਰੇ ਨੇ ਦਿਲਚਸਪੀ ਦਿਖਾਈ



ਫੋਟੋ ਡੇਅ ਐਂਡ ਨਾਈਟ ਵੀਡੀਓ ਫਰਿਜ਼ਨੋ

**ਫਰਿਜ਼ਨੋ/(ਨੀਟਾ ਮਾਛੀਕੇ/ਕੁਲਵੰਤ ਧਾਲੀਆਂ) :** ਤੀਸਰਾ ਸਾਲਾਨਾ ਵਿੱਸਟ ਅਮੈਰਿਕਾ ਟਰੱਕ ਸ਼ੋਅ ਫਰਿਜ਼ਨੋ ਵਿਖੇ ਕਾਮਯਾਬੀ ਨਾਲ ਸੰਪਨ ਹੋਇਆ। ਫਰਿਜ਼ਨੋ ਕਨਵੈਨਸ਼ਨ ਸੈਂਟਰ ਵਿੱਚ ਦੋ ਦਿਨ ਚੱਲੇ ਇਸ ਸ਼ੋਅ ਵਿੱਚ ਸੈਂਕੜੇ ਪੰਜਾਬੀ ਅਤੇ ਹੋਰ ਭਾਈਚਾਰੇ ਦੇ ਲੋਕਾਂ ਨੇ ਸ਼ਿਰਕਤ ਕਰਕੇ ਇਸ ਦਾ ਲਾਹਾ ਲਿਆ। ਇਸ ਮੌਕੇ ਟਰੱਕਿੰਗ ਕੰਪਨੀਆਂ ਅਤੇ ਟਰੱਕਿੰਗ ਇੰਡਸਟਰੀ ਨਾਲ ਸਬੰਧਤ ਕੰਪਨੀਆਂ ਵੱਲੋਂ ਬੂਥ ਲਗਾ ਕੇ ਆਪੋ ਆਪਣੇ ਉਤਪਾਦਾਂ ਸਬੰਧੀ ਲੋਕਾਂ ਨਾਲ ਜਾਣਕਾਰੀ ਸਾਂਝੀ ਕੀਤੀ ਗਈ, ਤਾਂ ਜੋ ਟਰੱਕਿੰਗ ਬਿਜ਼ਨਸ ਨੂੰ ਹੋਰ ਲਾਹੇਵੰਦ ਬਣਾਇਆ ਜਾ ਸਕੇ। ਇਸ ਮੌਕੇ ਪੰਜਾਬੀ ਮੁੰਡਿਆਂ ਵੱਲੋਂ ਲਿਆਂਦੇ ਲਿਸ਼-ਲਿਸ਼ ਕਰਦੇ ਟਰੱਕ ਵੀ ਲੋਕਾਂ ਲਈ ਖਾਸ ਖਿੱਚ ਦਾ ਕੇਂਦਰ ਬਣੇ ਰਹੇ। ਇਸ ਮੌਕੇ ਰੈਫ਼ਲ ਇਨਾਮ ਵੀ ਕੱਢੇ ਗਏ। ਇਸ ਤੋਂ ਬਿਨਾਂ ਜੇਤੂ ਟਰੱਕਰ ਵੀਰਾਂ ਨੂੰ ਨਗਦ ਇਨਾਮ ਵੀ ਦਿੱਤੇ ਗਏ। ਗੋਰੇ ਅਤੇ ਮੈਕਸੀਕਨ ਬੈਂਡ ਲੋਕਾਂ ਲਈ ਖਾਸ ਖਿੱਚ ਦਾ ਕੇਂਦਰ ਰਹੇ।

# .ਗਰੀਬੀ, ਬੇਰੁਜ਼ਗਾਰੀ ਨਾਲ ਯੁੱਧ ਦਾ ਐਲਾਨ, ਮੋਰਚੇ 'ਤੇ ਕਦੋਂ ਤੈਨਾਤ ਹੋਣਗੇ ਐਂਕਰ !!

**ਰਵੀਸ਼ ਕੁਮਾਰ**

ਕੀ ਯੁੱਧ ਹਮਾਇਤੀ ਐਂਕਰ ਅਤੇ ਚੈਨਲ ਗ਼ਰੀਬੀ, ਕੁਪੋਸ਼ਣ, ਬੇਰੁਜ਼ਗਾਰੀ ਅਤੇ ਜੱਚਾ-ਬੱਚਾ ਮੌਤ ਦਰ ਦੇ ਅੰਕੜੇ ਕੱਢ ਕੇ ਪ੍ਰਾਈਮ ਟਾਈਮ ਵਿਚ ਬਹਿਸ ਕਰਨਗੇ?



ਜੇਕਰ ਭਾਰਤ ਅਤੇ ਪਾਕਿਸਤਾਨ ਵਿਚਾਲੇ ਇਨ੍ਹਾਂ ਗੱਲਾਂ 'ਤੇ ਯੁੱਧ ਕਰਨਾ ਹੋਵੇਗਾ ਤਾਂ ਇਨ੍ਹਾਂ ਐਂਕਰਾਂ ਨੂੰ ਕੁਪੋਸ਼ਣ ਤੇ ਗ਼ਰੀਬੀ 'ਤੇ ਬਹਿਸ ਕਰਨ ਲਈ ਉਨ੍ਹਾਂ ਲੋਕਾਂ ਨੂੰ ਹੀ ਸੱਦਣਾ ਹੋਵੇਗਾ, ਜਿਨ੍ਹਾਂ ਨੂੰ ਉਹ ਦਿਨ ਰਾਤ ਬਦਦੁਆਵਾਂ ਦਿੰਦੇ ਰਹਿੰਦੇ ਹਨ, ਜਿਨ੍ਹਾਂ ਨੂੰ ਐਨ.ਜੀ.ਓ. ਟਾਈਪ ਦੱਸ ਕੇ ਪਾਕਿਸਤਾਨ ਦੇ ਪ੍ਰੇਮੀ ਦੱਸਦੇ ਹਨ। ਮੈਂ ਪ੍ਰਧਾਨ ਮੰਤਰੀ ਦੇ ਭਾਸ਼ਣ ਤੋਂ ਖ਼ੁਸ਼ ਵੀ ਹਾਂ, ਇਹ ਸੋਚ ਕੇ ਹਾਸਾ ਵੀ ਆ ਰਿਹਾ ਹੈ ਕਿ ਪਾਕਿਸਤਾਨ ਨਾਲੋਂ ਹਰ ਤਰ੍ਹਾਂ ਦੇ ਸਬੰਧ ਤੋੜ ਲੈਣ ਵਾਲੇ ਗਿਆਨੀ ਕੀ ਸੋਚ ਰਹੇ ਹੋਣਗੇ। ਜਿਨ੍ਹਾਂ ਐਂਕਰਾਂ ਨੇ ਜ਼ਮਾਨੇ ਤੋਂ ਗ਼ਰੀਬੀ ਅਤੇ ਬੇਰੁਜ਼ਗਾਰੀ ਵਰਗੇ ਬੁਨਿਆਦੀ ਮਸਲਿਆਂ ਨੂੰ ਛੱਡ ਦਿੱਤਾ ਸੀ, ਕੀ ਉਹ ਸੇਵਾਮੁਕਤ ਹੋ ਚੁੱਕੇ ਕੁਝ ਜਰਨੈਲਾਂ ਨੂੰ ਹਟਾ ਕੇ ਬੈਂਬ ਦੀ ਥਾਂ ਭਾਰਤ ਅਤੇ ਪਾਕਿਸਤਾਨ ਵਿਚਾਲੇ ਵਿਕਾਸ ਯੁੱਧ ਦੀ ਗੱਲ ਕਰਨਗੇ? ਪ੍ਰਧਾਨ ਮੰਤਰੀ ਨੇ ਸਿਰਫ਼ ਭਾਰਤ ਦੇ ਵਿਕਾਸ ਦੀ ਗੱਲ ਨਹੀਂ ਕੀਤੀ ਹੈ। ਉਸ ਪਾਕਿਸਤਾਨ ਦੇ ਵਿਕਾਸ ਦੀ ਵੀ ਗੱਲ ਕੀਤੀ ਹੈ, ਜਿਸ ਨੂੰ ਮਿੱਟੀ ਵਿਚ ਮਿਲਾ ਦੇਣ ਦੇ ਘੰਟਿਆਂਬੱਧੀ ਪ੍ਰੋਗਰਾਮ ਚਲਾ ਕੇ ਦਰਸ਼ਕਾਂ ਨੂੰ ਠੱਗਿਆ ਗਿਆ ਹੈ।

ਕੇਰਲ ਵਿਚ ਜਦੋਂ ਪ੍ਰਧਾਨ ਮੰਤਰੀ ਨੇ ਅੱਤਵਾਦ 'ਤੇ ਆਪਣੀਆਂ ਪੁਰਾਣੀਆਂ ਗੱਲਾਂ ਦੁਹਰਾਉਣੀਆਂ ਸ਼ੁਰੂ ਕੀਤੀਆਂ ਤਾਂ ਮੰਚ 'ਤੇ ਉਨ੍ਹਾਂ ਦੇ ਸਹਿਯੋਗੀਆਂ ਵਿਚ ਵੀ ਉਦਾਸੀਨਤਾ ਝਲਕ ਰਹੀ ਸੀ। ਲੱਗ ਰਿਹਾ ਸੀ ਕਿ ਕਦੋਂ ਭਾਸ਼ਣ ਖ਼ਤਮ ਹੋਵੇ ਤੇ ਅਸੀਂ ਜਾਈਏ। ਪ੍ਰਧਾਨ ਮੰਤਰੀ ਵੀ ਸੋਸ਼ਲ ਮੀਡੀਆ ਅਤੇ ਮੀਡੀਆ ਦੇ ਵੱਡੇ ਹਿੱਸੇ ਰਾਹੀਂ ਪੈਦਾ ਕੀਤੇ ਗਏ ਮਸਨੂਈ ਢੰਗ ਨਾਲ ਕਥਿਤ ਰਾਸ਼ਟਰੀ ਭਾਵਨਾ ਖ਼ਿਲਾਫ਼ ਜਾ ਕੇ ਬੋਲਦੇ ਹੋਏ ਸੰਘਰਸ਼ ਕਰ ਰਹੇ ਸਨ। ਉਨ੍ਹਾਂ ਨੂੰ ਯੁੱਧ ਹਮਾਇਤੀਆਂ ਦੀਆਂ ਭਾਵਨਾਵਾਂ ਅਤੇ ਸ਼ਾਂਤੀ ਹਮਾਇਤੀਆਂ ਵਿਚਾਲੇ ਸੰਤੁਲਨ ਵੀ ਕਰਨਾ ਚਾਹੀਦਾ ਸੀ। ਭਾਸ਼ਣ ਦੇਣਾ ਉਨ੍ਹਾਂ ਲਈ ਖੱਬੇ ਹੱਥ ਦੀ ਖੇਡ ਹੈ, ਪਰ ਸਮੁੰਦਰੀ ਤੱਟ ਕਿਨਾਰੇ ਢਲਦੇ ਸੂਰਜ ਦੌਰਾਨ ਸੰਤੁਲਨ ਬਣਾਉਣ ਦਾ ਅਜਿਹਾ ਸੰਘਰਸ਼ ਸ਼ਾਇਦ ਹੀ ਉਨ੍ਹਾਂ ਨੂੰ ਕਦੇ ਕਰਨਾ ਪਿਆ ਹੋਵੇਗਾ। ਉਨ੍ਹਾਂ ਦੇ ਚਿਹਰੇ ਤੋਂ ਲੱਗ ਰਿਹਾ ਸੀ ਕਿ ਉਹ ਬੋਲਣਾ ਤਾਂ ਚਾਹੁੰਦੇ ਸਨ ਭਾਜਪਾ ਨੇਤਾ ਵਾਂਗ, ਪਰ ਬੋਲਣਾ ਪੈ ਰਿਹਾ ਹੈ ਪ੍ਰਧਾਨ ਮੰਤਰੀ ਵਾਂਗ। ਉਹ ਪ੍ਰਾਈਮ ਟਾਈਮ ਦੇ ਯੁੱਧ ਹਮਾਇਤੀ ਐਂਕਰਾਂ ਅਤੇ ਸ਼ੋਸ਼ਲ ਮੀਡੀਆ ਦੇ ਪ੍ਰਧਾਨ ਮੰਤਰੀ ਨਹੀਂ ਹਨ। ਫਿਰ ਵੀ ਭਾਸ਼ਣ ਤੋਂ ਪਹਿਲਾਂ ਚੈਨਲਾਂ 'ਤੇ ਖ਼ੂਬ ਮਾਹੌਲ ਬਣਾਇਆ ਗਿਆ। ਉੜੀ ਹਮਲੇ ਮਗਰੋਂ ਪਹਿਲੀ ਵਾਰ ਬੋਲਣਗੇ ਪ੍ਰਧਾਨ ਮੰਤਰੀ, ਕੀ ਸਖ਼ਤ ਸੰਦੇਸ਼ ਦੇਣਗੇ ਪ੍ਰਧਾਨ ਮੰਤਰੀ...?

**ਮੋਦੀ ਨੂੰ ਯੁੱਧ ਹਮਾਇਤੀਆਂ ਦੀਆਂ ਭਾਵਨਾਵਾਂ ਅਤੇ ਸ਼ਾਂਤੀ ਹਮਾਇਤੀਆਂ ਵਿਚਾਲੇ ਸੰਤੁਲਨ ਵੀ ਕਰਨਾ ਚਾਹੀਦਾ ਸੀ। ਭਾਸ਼ਣ ਦੇਣਾ ਉਨ੍ਹਾਂ ਲਈ ਖੱਬੇ ਹੱਥ ਦੀ ਖੇਡ ਹੈ, ਪਰ ਸਮੁੰਦਰੀ ਤੱਟ ਕਿਨਾਰੇ ਢਲਦੇ ਸੂਰਜ ਦੌਰਾਨ ਸੰਤੁਲਨ ਬਣਾਉਣ ਦਾ ਅਜਿਹਾ ਸੰਘਰਸ਼ ਸ਼ਾਇਦ ਹੀ ਉਨ੍ਹਾਂ ਨੂੰ ਕਦੇ ਕਰਨਾ ਪਿਆ ਹੋਵੇਗਾ। ਉਨ੍ਹਾਂ ਦੇ ਚਿਹਰੇ ਤੋਂ ਲੱਗ ਰਿਹਾ ਸੀ ਕਿ ਉਹ ਬੋਲਣਾ ਤਾਂ ਚਾਹੁੰਦੇ ਸਨ ਭਾਜਪਾ ਨੇਤਾ ਵਾਂਗ, ਪਰ ਬੋਲਣਾ ਪੈ ਰਿਹਾ ਹੈ ਪ੍ਰਧਾਨ ਮੰਤਰੀ ਵਾਂਗ।**

ਪ੍ਰਧਾਨ ਮੰਤਰੀ ਨੇ ਜਿਵੇਂ ਹੀ ਯੁੱਧ ਦੀ ਚੁਣੌਤੀ ਸਵੀਕਾਰ ਕਰਨ ਵਾਲੀ ਗੱਲ ਕਹੀ, ਕੈਮਰਾ ਉਨ੍ਹਾਂ ਦੇ ਮੰਤਰੀ ਜਤਿੰਦਰ ਸਿੰਘ 'ਤੇ ਸੀ। ਉਹ ਖ਼ੁਸ਼ੀ ਨਾਲ ਉਛਲ ਪਏ। ਤਾੜੀ ਮਾਰਨ ਲੱਗੇ। ਆਮ ਵਰਕਰ ਵੀ ਕੁਰਸੀ ਛੱਡ ਕੇ ਤਾੜੀਆਂ ਮਾਰਨ ਲੱਗੇ। ਉਨ੍ਹਾਂ ਨੂੰ ਲੱਗਾ ਕਿ ਇਹ ਹੋਈ ਨਾ ਮੋਦੀ ਵਾਲੀ ਗੱਲ। ਇਹ ਹੋਈ ਸਾਰਿਆਂ ਦੇ ਮਨ ਕੀ ਬਾਤ। ਪਰ ਚੰਦ ਸਕਿੰਟਾਂ ਅੰਦਰ ਸਭ ਗ਼ਲਤ ਸਿੱਧ ਹੋ ਗਿਆ। ਪ੍ਰਧਾਨ ਮੰਤਰੀ ਨੇ ਮਨ ਦੀ ਬਾਤ ਨਹੀਂ ਕੀਤੀ। ਮੋਦੀ ਵਾਲੀ ਗੱਲ ਨਹੀਂ ਕੀਤੀ, ਪ੍ਰਧਾਨ ਮੰਤਰੀ ਵਾਲੀ ਗੱਲ ਕਰ ਦਿੱਤੀ। ਉਹ ਉਸ ਯੁੱਧ ਦੀ ਗੱਲ ਕਰਨ ਲੱਗੇ ਜਿਸ ਦੀ ਗੱਲ ਅੱਜ ਕੱਲ੍ਹ ਕੋਈ ਨਹੀਂ ਕਰਦਾ। ਵੈਸੇ ਉਹ ਗੱਲ ਵੀ ਪਹਿਲੀ ਵਾਰ ਨਹੀਂ ਕਰ ਰਹੇ ਸਨ। ਕਈ ਵਾਰ ਕਰ ਚੁੱਕੇ ਹਨ। ਤੁਸੀਂ ਗੂਗਲ ਕਰ ਸਕਦੇ ਹੋ।

ਤੁਹਾਨੂੰ ਟੀ.ਵੀ. ਦੇ ਬਕਸੇ ਵਿਚ ਗ਼ਰੀਬੀ ਅਤੇ ਕੁਪੋਸ਼ਣ ਨੂੰ ਲੈ ਕੇ ਭਾਰਤ-ਪਾਕਿਸਤਾਨ ਵਿਚਾਲੇ ਹੋੜ ਦੀ ਕਲਪਨਾ ਕਰਨ ਵਾਲੇ ਕਿੱਥੇ ਦਿਖਾਈ ਦਿੰਦੇ ਹਨ। ਫਿਰ ਵੀ ਇਹ ਚੈਨਲ ਆਪਣੀ ਆਦਤ ਤੋਂ ਬਾਜ਼ ਨਹੀਂ ਆਉਣਗੇ। ਇਹ ਹੁਣ ਵੀ ਗ਼ਰੀਬੀ ਤੇ ਕੁਪੋਸ਼ਣ 'ਤੇ ਬਹਿਸ ਨਹੀਂ ਕਰਨਗੇ। ਪ੍ਰਧਾਨ ਮੰਤਰੀ ਦਾ ਗੁਣਗਾਨ ਕਰਨਾ ਹੈ ਤਾਂ ਉਹ ਉਨ੍ਹਾਂ ਦੇ ਭਾਸ਼ਣ ਤੋਂ ਉਨ੍ਹਾਂ ਸ਼ਬਦਾਂ ਨੂੰ ਚੁਣ ਲੈਣਗੇ ਕਿ ਦੇਖੋ ਧਮਕਾ ਦਿੱਤਾ ਪ੍ਰਧਾਨ ਮੰਤਰੀ ਨੇ ਪਾਕਿਸਤਾਨ ਨੂੰ। ਇਹ ਹੁੰਦੀ ਹੈ ਲਲਕਾਰ। ਸਖ਼ਤ ਸ਼ਬਦਾਂ ਵਿਚ ਹੋ ਗਈ ਨਿੰਦਾ, ਜਿਸ ਦਾ ਸੀ ਦੇਸ਼ ਨੂੰ ਇੰਤਜ਼ਾਰ। ਇਸ ਟਾਈਪ ਦੇ ਸੁਪਰ ਚੈਨਲਾਂ 'ਤੇ ਫਲੈਸ਼ ਕਰਨ ਲੱਗਣਗੇ।

ਪਾਕਿਸਤਾਨ ਦੀ ਜਨਤਾ ਨਾਲ ਗੱਲ ਕਰਕੇ ਪ੍ਰਧਾਨ ਮੰਤਰੀ ਨੇ ਇਕ ਵਾਰ ਫਿਰ ਉਨ੍ਹਾਂ ਲੋਕਾਂ ਦੀ ਬਣਾਈ ਉਸ ਪਰੰਪਰਾ ਦਾ ਸਨਮਾਨ ਕੀਤਾ ਹੈ ਜੋ ਤਮਾਮ ਯੁੱਧ ਹਮਾਇਤੀ ਲੋਕਾਂ ਦੀਆਂ ਗਾਲ੍ਹਾਂ ਸੁਣਦੇ ਹੋਏ ਭਾਰਤ-ਪਾਕਿ ਸਰਹੱਦ 'ਤੇ ਵਿਵੇਕ ਦੀਆਂ ਮੋਮਬੱਤੀਆਂ ਜਲਾਉਂਦੇ ਹਨ। ਪਿਛਲੇ ਕਈ ਦਿਨਾਂ ਤੋਂ ਵੱਟਸਐਪ, ਐਪ, ਟਵਿਟਰ ਅਤੇ ਟੀ.ਵੀ. 'ਤੇ ਅਜਿਹੇ ਲੋਕਾਂ ਨੂੰ ਗਾਲ੍ਹ ਦਿੱਤੀ ਜਾ ਰਹੀ ਸੀ, ਉਨ੍ਹਾਂ ਨੂੰ ਪਾਕਿਸਤਾਨ ਦਾ ਦਲਾਲ ਦੱਸਿਆ ਜਾ ਰਿਹਾ ਸੀ।



ਅਜਿਹੇ ਸਮੇਂ ਮੈਂ ਪਾਕਿਸਤਾਨ ਦੀ ਜਨਤਾ ਨਾਲ ਸੰਵਾਦ ਕਰਨ ਦੀ ਗੱਲ ਦਾ ਕਾਇਲ ਹੋ ਗਿਆ। ਜਦੋਂ ਕਾਇਲ ਹੋ ਰਿਹਾ ਸੀ ਤਾਂ ਮੈਂ ਪ੍ਰਧਾਨ ਮੰਤਰੀ ਲਈ ਨਹੀਂ, ਕੁਲਦੀਪ ਨਈਅਰ ਵਰਗੇ ਦੀਵਾਨਿਆਂ ਲਈ ਤਾੜੀ ਵਜਾ ਰਿਹਾ ਸੀ। ਮੈਂ ਇਸ ਬਜ਼ੁਰਗ ਪੱਤਰਕਾਰ ਦੇ ਸਨਮਾਨ ਵਿਚ ਖੜ੍ਹਾ ਹੋਣਾ ਚਾਹੁੰਦਾ ਹਾਂ ਜੋ ਆਪਣੇ ਲੜਖੜਾਉਂਦੇ ਕਦਮਾਂ ਨਾਲ ਅੱਜ ਵੀ ਆਪਣੀ ਰਾਹ ਚੱਲਦਾ ਹੈ।

ਉੜੀ ਦੀ ਘਟਨਾ ਮਗਰੋਂ ਜਦੋਂ ਯੁੱਦ ਦਾ ਐਲਾਨ ਨਹੀਂ ਹੋਇਆ, ਦੇਸ਼ ਵਿਚ ਗੁੱਸਾ ਨਹੀਂ ਫੈਲਿਆ, ਤਾਂ ਚੈਨਲਾਂ ਨੇ ਦੂਸਰੀ ਬਹਿਸ ਫੜ ਲਈ ਕਿ ਭਾਰਤ ਆਏ ਪਾਕਿਸਤਾਨੀ ਕਲਾਕਾਰਾਂ ਨੂੰ ਭਜਾ ਦੇਣਾ ਚਾਹੀਦਾ ਹੈ। ਕਈ ਪੜ੍ਹੇ-ਲਿਖੇ ਮੂਰਖ਼ ਟਵੀਟ ਕਰਨ ਲੱਗੇ। ਹੁਣ ਅਜਿਹੇ ਲੋਕ ਕੀ ਕਰਨਗੇ। ਉਨ੍ਹਾਂ ਦੇ ਸਤਿਕਾਰਤ ਨੇਤਾ ਤਾਂ ਪਾਕਿਸਤਾਨ ਦੀ ਜਨਤਾ ਨਾਲ ਗੱਲ ਕਰਨ ਲੱਗੇ ਹਨ। ਤੁਸੀਂ ਜਦੋਂ ਕਲਾਕਾਰਾਂ ਨੂੰ ਭਜਾ ਦੇਵੋਗੇ ਤਾਂ ਕਿਸ ਰਾਹੀਂ ਪਾਕਿਸਤਾਨ ਦੀ ਜਨਤਾ ਨਾਲ ਗੱਲ ਕਰੋਗੇ। ਇਹ ਕਲਾਕਾਰ ਵੀ ਪਾਕਿਸਤਾਨ ਦੀ ਜਨਤਾ ਦੇ ਹੀ ਹਿੱਸੇ ਹਨ। ਪ੍ਰਧਾਨ ਮੰਤਰੀ ਮੋਦੀ ਨੇ ਪਾਕਿਸਤਾਨ ਦੀ ਜਨਤਾ ਨੂੰ ਆਪਣੀ ਲੜਾਈ ਦਾ ਸਾਥੀ ਬਣਾ ਲਿਆ ਹੈ। ਉਨ੍ਹਾਂ ਦੀ ਇਸ ਗੱਲ ਨਾਲ ਪਾਕਿਸਤਾਨੀ ਜਨਤਾ ਨੂੰ ਅੱਤਵਾਦੀ ਕਹਿਣ ਵਾਲਿਆਂ ਨੂੰ ਵੀ ਸੋਚਣਾ ਪਏਗਾ। ਪ੍ਰਧਾਨ ਮੰਤਰੀ ਨੇ ਬਹੁਤ ਸਫਾਈ ਨਾਲ ਪਾਕਿਸਤਾਨ ਦੇ ਹੁਕਮਰਾਨ ਅਤੇ ਫ਼ੌਜ ਮੁਖੀ ਨੂੰ ਅੱਤਵਾਦ ਦਾ ਪ੍ਰੋਫੈਸਰ ਐਲਾਨ ਦਿੱਤਾ। ਉਨ੍ਹਾਂ ਨੂੰ ਉਨ੍ਹਾਂ ਦੀ ਜਨਤਾ ਦੀ ਨਜ਼ਰ ਵਿਚ ਅਲੱਗ-ਥਲੱਗ ਕਰ ਦਿੱਤਾ। ਉਨ੍ਹਾਂ ਨੇ ਪਾਕਿਸਤਾਨ ਦੀ ਜਨਤਾ ਵਿਚ ਆਪਣਾ ਵਿਸ਼ਵਾਸ ਜ਼ਾਹਰ ਕਰਦਿਆਂ ਕਿਹਾ ਕਿ ਉਹ ਦਿਨ ਦੂਰ ਨਹੀਂ ਜਦੋਂ ਪਾਕਿਸਤਾਨੀ ਜਨਤਾ ਅੱਤਵਾਦ ਖ਼ਿਲਾਫ਼ ਸੜਕਾਂ 'ਤੇ ਉਤਰੇਗੀ।

ਪ੍ਰਧਾਨ ਮੰਤਰੀ ਨੇ ਫ਼ੌਜ ਦੀ ਤਾਰੀਫ਼ ਕੀਤੀ ਅਤੇ ਕਿਹਾ ਕਿ ਫ਼ੌਜ ਨੇ 17 ਵਾਰ ਘੁਸਪੈਠ ਦੇ ਯਤਨਾਂ ਨੂੰ ਅਸਫਲ ਕੀਤਾ ਹੈ। ਗਵਾਂਢੀ ਮੁਲਕ ਇਕ ਘਟਨਾ ਵਿਚ ਸਫਲ ਹੋਇਆ ਹੈ। ਜੇਕਰ ਇਨ੍ਹਾਂ 17 ਘਟਨਾਵਾਂ ਵਿਚ ਉਹ ਸਫਲ ਹੋ ਜਾਂਦੇ ਤਾਂ ਦੇਸ਼ ਨੂੰ ਕਿੰਨਾ ਤਬਾਹ ਕਰ ਦਿੰਦੇ, ਇਹ ਤੁਸੀਂ ਅੰਦਾਜ਼ਾ ਲਗਾ ਸਕਦੇ ਹੋ। ਪ੍ਰਧਾਨ ਮੰਤਰੀ ਉੜੀ ਦੀ ਘਟਨਾ ਨੂੰ ਇਕ ਘਟਨਾ ਦੀ ਚੂਕ ਮੰਨਦੇ ਹਨ। ਕੀ ਜਾਣਕਾਰ ਉਨ੍ਹਾਂ ਦੀ ਇਸ ਗੱਲ ਨਾਲ ਸੰਤੁਸ਼ਟ ਹੋਣਗੇ? ਜਿਸ ਇਕ ਘਟਨਾ ਨੂੰ ਲੈ ਕੇ ਮੀਡੀਆ ਦਾ ਇਕ ਹਿੱਸਾ ਹਾਲੇ ਨਹੀਂ ਤਾਂ ਕਦੇ ਨਹੀਂ ਟਾਈਪ ਉਤੇਜਤ ਸੀ, ਉਹ ਕੀ ਇਸ ਨੂੰ ਸਵੀਕਾਰ ਕਰ ਲਏਗਾ? ਜੇਕਰ ਘੁਸਪੈਠ ਦੀਆਂ 17 ਘਟਨਾਵਾਂ ਵਿਚ ਦੇਸ਼ ਨੂੰ ਤਬਾਹ ਕਰਨ ਦੀ ਸਮਰਥਾ ਸੀ ਤਾਂ ਫਿਰ ਭਾਰਤ ਕਿਉਂ ਚੁੱਪ ਰਿਹਾ? ਫਿਰ ਉੜੀ ਵਿਚ ਚੂਕ ਕਿਵੇਂ ਹੋ ਗਈ? ਜਾਣਕਾਰਾਂ ਨੇ ਉਨ੍ਹਾਂ 17 ਘਟਨਾਵਾਂ 'ਤੇ ਨਜ਼ਰ ਕਿਉਂ ਨਹੀਂ ਮਾਰੀ? ਕੀ ਐਂਕਰਾਂ ਨੂੰ ਇਹ ਸਭ ਨਹੀਂ ਦਿਖਿਆ?

ਫ਼ਿਲਹਾਲ ਯੁੱਧ ਹਮਾਇਤੀ ਭਾਵਨਾਵਾਂ ਆਰਾਮ ਫਰਮਾ ਸਕਦੀਆਂ ਹਨ। ਸ਼ੋਸ਼ਲ ਮੀਡੀਆ ਦੇ ਯੁੱਧਵੀਰਾਂ ਨੂੰ ਇਕ ਗੱਲ ਸਮਝ ਲੈਣੀ ਚਾਹੀਦੀ ਹੈ ਕਿ ਸਿਆਸਤ ਉਨ੍ਹਾਂ ਦੀ ਵਰਤੋਂ ਕਰਦੀ ਹੈ ਪਰ ਉਨ੍ਹਾਂ ਦੇ ਹਿਸਾਬ ਨਾਲ ਸਿਆਸਤ ਨਹੀਂ ਚਲਦੀ। ਇਸ ਲਈ ਵੱਟਸਐਪ 'ਤੇ ਪ੍ਰਧਾਨ ਮੰਤਰੀ ਅਤੇ ਮੈਨੂੰ ਤੇ ਕੁਝ ਪੱਤਰਕਾਰਾਂ ਨੂੰ ਚੂੜੀਆਂ ਪਵਾ ਕੇ ਦਿਖਾਉਣ ਵਾਲੇ ਚੌਕਸ ਰਹਿਣ। ਬੁੱਧੀ ਦਾ ਇਸਤੇਮਾਲ ਕਰੋ। ਚੂੜੀਆਂ ਪਵਾਉਣ ਦਾ ਮਤਲਬ ਹੈ ਬੇਟੀ ਬਚਾਣਾ, ਬੇਟੀ ਪੜ੍ਹਾਨਾ। ਹਿੰਮਤ ਹਾਰਨਾ ਨਹੀਂ। ਮੈਂ ਅੱਜ ਯੁੱਧ ਹਮਾਇਤੀ ਭਾਵਨਾਵਾਂ ਦੀ ਹਾਰ 'ਤੇ ਖ਼ੁਸ਼ ਹਾਂ। ਪ੍ਰਧਾਨ ਮੰਤਰੀ ਨੇ ਅੱਜ ਇਕ ਯੁੱਧ ਜਿੱਤ ਲਿਆ ਹੈ। ਕੇਰਲ ਤੋਂ ਉਨ੍ਹਾਂ ਨੇ ਇਹੀ ਦੱਸਿਆ ਹੈ ਕਿ ਉਹ ਸਹੁੰ ਚੁੱਕ ਸਮਾਰੋਹ ਵਿਚ ਨਵਾਜ਼ ਸ਼ਰੀਫ਼ ਨੂੰ ਸੱਦਣ, ਉਨ੍ਹਾਂ ਨੂੰ ਵਧਾਈ ਦੇਣ ਲਾਹੌਰ ਜਾਣ ਤੋਂ ਲੈ ਕੇ ਪਾਕਿਸਤਾਨ ਦੀ ਜਨਤਾ ਨੂੰ ਸੱਦਾ ਦੇਣ ਵਿਚ ਆਪਣੀ ਰਾਏ 'ਤੇ ਕਾਇਮ ਹਨ। ਰਸਤਾ ਵਾਰਤਾ ਦਾ ਹੈ। ਇਸ ਵਾਰ ਪ੍ਰਧਾਨ ਮੰਤਰੀ ਨੇ ਇਕ ਨੇਤਾ ਦੀ ਬਜਾਏ ਕਰੋੜਾਂ ਪਾਕਿਸਤਾਨੀਆਂ ਨਾਲ ਗੱਲਬਾਤ ਦਾ ਐਲਾਨ ਕੀਤਾ ਹੈ। ਵਾਰਤਾ ਦੀ ਗੱਲ ਕਰਨ ਵਾਲਿਆਂ ਨੂੰ ਪ੍ਰਧਾਨ ਮੰਤਰੀ ਦਾ ਸਾਧੂਵਾਦ ਕਰਨਾ ਚਾਹੀਦਾ ਹੈ।

ਅੱਜ ਉਨ੍ਹਾਂ ਦੇ ਕੱਟੜ ਸਮਰਥਕ ਜ਼ਰੂਰ ਨਿਰਾਸ਼ ਹੋਣਗੇ। ਫੇਸਬੁੱਕ ਅਤੇ ਟਵਿੱਟਰ 'ਤੇ ਆਪਣੇ ਸਟੇਟਸ ਨੂੰ ਉਹ ਹੌਲੀ ਜਿਹੀ ਡਲੀਟ ਕਰ ਸਕਦੇ ਹਨ। ਸਰਫ਼ ਦੀ ਖ਼ਰੀਦਦਾਰੀ ਵਿਚ ਹੀ ਸਮਝਦਾਰੀ ਹੈ! ਕੁਝ ਗੱਲਾਂ ਲਲਿਤਾ ਜੀ ਤੋਂ ਵੀ ਸਿੱਖੀਆਂ ਜਾ ਸਕਦੀਆਂ ਹਨ। ਜੋ ਲੋਕ ਇਕ ਦੰਦ ਬਦਲੇ ਜਬਾੜਾ ਕੱਢ ਰਹੇ ਸਨ, ਉਹ ਜਬਾੜੇ ਬਚਾ ਕੇ ਰੱਖਣ। ਪਾਕਿਸਤਾਨੀ ਆਵਾਮ ਨਾਲ ਗੱਲ ਕਰਨ ਲਈ ਬਹੁਤ ਸਾਰੇ ਜਬਾੜਿਆਂ ਦੀ ਲੋੜ ਹੋਵੇਗੀ। ਗੱਲ ਹੋਵੇਗੀ ਤਾਂ ਚਾਹ ਪਾਣੀ ਵੀ ਹੋਵੇਗਾ। ਬਿਰਿਆਨੀ ਤੋਂ ਲੈ ਕੇ ਪਰਾਂਠੇ ਖਾਣ-ਚਬਾਉਣ ਦਾ ਕੰਮ ਆਏਗਾ। ਲਾਹੌਰ ਵਿਚ ਪਨੀਰ ਦੇ ਪਰਾਂਠੇ ਵੀ ਮਿਲਦੇ ਹਨ। ਪਾਕਿਸਤਾਨ ਦੀ ਜਨਤਾ ਸਿਰਫ਼ ਬਿਰਿਆਨੀ ਨਹੀਂ ਖਾਂਦੀ ਹੈ। ਚਲਦੇ ਚਲਦੇ ਚੁਟਕੀ ਲੈਣ ਦੀ ਆਦਤ ਤੋਂ ਬਾਜ਼ ਨਹੀਂ ਆਉਣਾ ਚਾਹੁੰਦਾ। ਕੇਰਲ ਦੀ ਧਰਤੀ ਤੋਂ ਗ਼ਰੀਬੀ, ਕੁਪੋਸ਼ਣ ਤੇ ਬੇਰੁਜ਼ਗਾਰੀ ਨਾਲ ਲੜਨ ਦੀ ਗੱਲ 'ਤੇ ਕਿਤੇ ਖੱਬੇ ਪੱਖੀਆਂ ਦਾ ਅਸਰ ਤਾਂ ਨਹੀਂ ਹੋ ਗਿਆ!!

# ਪੰਜਾਬ ਵਿਚ ਸਪੋਰਟਸ ਕਿੱਟਾਂ 'ਚ ਹੋਇਆ ਕਰੋੜਾਂ ਰੁਪਏ ਦਾ ਘਪਲਾ

**ਬਠਿੰਡਾ/ਬਿਊਰੋ ਨਿਊਜ਼ :**

ਪੰਜਾਬ ਵਿੱਚ ਹੁਣ 'ਸਪੋਰਟਸ ਕਿੱਟਾਂ' ਵਿੱਚ ਕਰੋੜਾਂ ਰੁਪਏ ਦਾ ਘਪਲਾ ਹੋ ਗਿਆ ਹੈ। ਅੱਧੀ ਦਰਜਨ ਜ਼ਿਲ੍ਹਿਆਂ ਵਿੱਚ ਗੈਰ ਮਿਆਰੀ ਸਪੋਰਟਸ ਕਿੱਟਾਂ ਦੀ ਸਪਲਾਈ ਹੋਈ ਹੈ, ਜਿਨ੍ਹਾਂ ਨੂੰ ਡਿਪਟੀ ਕਮਿਸ਼ਨਰਾਂ ਨੇ ਲੈਣ ਤੋਂ ਇਨਕਾਰ ਕਰ ਦਿੱਤਾ ਹੈ। ਉਪ ਮੁੱਖ ਮੰਤਰੀ ਸੁਖਬੀਰ ਸਿੰਘ ਬਾਦਲ 22 ਸਤੰਬਰ ਨੂੰ ਜਲਾਲਾਬਾਦ ਵਿੱਚ ਸਪੋਰਟਸ ਕਿੱਟਾਂ ਵੰਡਣ ਦੀ ਸ਼ੁਰੂਆਤ ਕਰ ਰਹੇ ਹਨ। ਘਪਲੇ ਦੀ ਭਿਣਕ ਪੈਣ 'ਤੇ ਉਪ ਮੁੱਖ ਮੰਤਰੀ ਨੇ ਸੰਗਤ ਦਰਸ਼ਨ ਪ੍ਰੋਗਰਾਮਾਂ ਵਿੱਚ ਇਹ ਕਿੱਟ ਮੰਗਵਾ ਕੇ ਦੇਖੀ। ਸਰਕਾਰ ਵੱਲੋਂ ਆਗਾਮੀ ਵਿਧਾਨ ਸਭਾ ਚੋਣਾਂ ਤੋਂ ਪਹਿਲਾਂ 36 ਕਰੋੜ ਰੁਪਏ ਦੀਆਂ ਸਪੋਰਟਸ ਕਿੱਟਾਂ ਅਤੇ ਜਿਮ ਦਾ ਸਾਮਾਨ ਵੰਡਿਆ ਜਾਣਾ ਹੈ।

ਜਾਣਕਾਰੀ ਅਨੁਸਾਰ ਚਾਰ ਪ੍ਰਾਈਵੇਟ ਫਰਮਾਂ ਵੱਲੋਂ ਮੁਢਲੇ ਪੜਾਅ 'ਤੇ ਪੰਜਾਬ ਭਰ ਵਿੱਚ 3971 ਵਾਲੀਵਾਲ ਕਿੱਟਾਂ, 3971 ਕ੍ਰਿਕਟ ਕਿੱਟਾਂ, 798 ਖੁੱਲ੍ਹੇ ਵੇਟ ਅਤੇ 798 ਜਿਮਾਂ ਦੀ ਸਪਲਾਈ ਦਿੱਤੀ ਹੈ, ਜਿਨ੍ਹਾਂ ਦੀ ਵੰਡ ਲਈ ਹਰ ਜ਼ਿਲ੍ਹੇ ਵਿੱਚ ਸਮਾਗਮ ਹੋ ਰਹੇ ਹਨ। ਕਈ ਜ਼ਿਲ੍ਹਿਆਂ ਦੀ ਛੇ ਮੈਂਬਰੀ ਇੰਸਪੈਕਸ਼ਨ ਕਮੇਟੀ ਨੇ ਕਿੱਟਾਂ ਦੀ ਕੁਆਲਟੀ ਨੂੰ ਰੱਦ ਕੀਤਾ ਹੈ। ਫਾਜ਼ਿਲਕਾ ਵਿੱਚ ਸਪੋਰਟਸ ਕਿੱਟਾਂ ਨੂੰ ਹੁਣ ਰਾਤੋ-ਰਾਤ ਤਬਦੀਲ ਕੀਤਾ ਜਾ ਰਿਹਾ ਹੈ ਤਾਂ ਜੋ ਉਪ ਮੁੱਖ ਮੰਤਰੀ ਦੇ ਸਮਾਗਮ ਵਿੱਚ ਕੋਈ ਵਿਵਾਦ ਨਾ ਹੋਵੇ। ਡਿਪਟੀ ਕਮਿਸ਼ਨਰ ਫਾਜ਼ਿਲਕਾ ਨੇ ਖੇਡ ਵਿਭਾਗ ਦੇ ਸਕੱਤਰ ਨੂੰ ਪੱਤਰ ਲਿਖ ਕੇ ਕਿੱਟਾਂ ਤਬਦੀਲ ਕਰਨ ਬਾਰੇ ਆਖਿਆ ਹੈ। ਇੰਸਪੈਕਸ਼ਨ ਕਮੇਟੀ ਫਾਜ਼ਿਲਕਾ ਨੇ ਜਾਂਚ ਵਿੱਚ ਪਾਇਆ ਕਿ ਕ੍ਰਿਕਟ ਦੀ ਸੈਂਪਲ ਵਾਲੀ ਲੈਦਰ ਬਾਲ ਕਰੀਬ 280 ਰੁਪਏ ਦੀ ਹੈ ਪਰ ਸਪਲਾਈ ਕੀਤੀ ਬਾਲ ਦੀ ਕੀਮਤ ਤਕਰੀਬਨ 170 ਰੁਪਏ ਹੈ। ਸੈਂਪਲ ਵਿੱਚ ਬੈਟ 'ਇੰਗਲਿਸ਼ ਵਿਲੋ' ਦਾ ਦਿਖਾਇਆ ਗਿਆ ਪਰ ਸਪਲਾਈ ਕੀਤਾ ਬੈਟ ਗੈਰਮਿਆਰੀ ਪਾਇਆ ਗਿਆ। ਕਈ ਥਾਈਂ ਗੰਢਾਂ ਵੀ ਲੱਭੀਆਂ। ਕ੍ਰਿਕਟ ਪੈਡ ਤੇ ਗਲੱਵਜ਼ ਵੀ ਅੰਦਰਲੇ ਪਾਸਿਓਂ ਘਟੀਆ ਕੁਆਲਿਟੀ ਦੇ ਪਾਏ ਗਏ ਹਨ। ਇਹੋ ਹੈਲਮਟ ਦਾ ਹਾਲ ਹੈ। ਜ਼ਿਲ੍ਹਾ ਸਪੋਰਟਸ ਅਫ਼ਸਰ ਫਾਜ਼ਿਲਕਾ ਬਲਵੰਤ ਸਿੰਘ ਨੇ ਕਿਹਾ ਕਿ ਕਿੱਟਾਂ ਰੱਦ ਕਰਕੇ ਤਬਦੀਲ ਕਰਾਈਆਂ ਜਾ ਰਹੀਆਂ ਹਨ।

ਜ਼ਿਲ੍ਹਾ ਮੁਕਤਸਰ ਵਿੱਚ ਵਾਲੀਬਾਲ ਨੈੱਟ ਵਿੱਚ 18 ਡੱਬੀਆਂ ਘੱਟ ਲੱਭੀਆਂ ਹਨ। ਜ਼ਿਲ੍ਹਾ ਖੇਡ ਅਫ਼ਸਰ, ਮੁਕਤਸਰ ਸੁਨੀਲ ਕੁਮਾਰ ਨੇ ਕਿਹਾ ਕਿ ਕਿੱਟਾਂ ਨੂੰ ਤਬਦੀਲ ਕਰਨ ਵਾਸਤੇ ਆਖਿਆ ਗਿਆ ਹੈ। ਸੂਤਰਾਂ ਅਨੁਸਾਰ ਫਿਰੋਜ਼ਪੁਰ ਵਿੱਚ ਵੀ ਇਹੋ ਸਮੱਸਿਆ ਆਈ ਹੈ। ਜ਼ਿਲ੍ਹਾ ਪਟਿਆਲਾ ਵਿੱਚ ਸਪਲਾਈ ਕੀਤਾ ਜਿਮ ਦਾ ਸਾਮਾਨ ਰੱਦ ਕੀਤਾ ਗਿਆ ਹੈ। ਏਡੀਸੀ (ਵਿਕਾਸ) ਪਟਿਆਲਾ ਕੁਮਾਰ ਸੌਰਵ ਰਾਜ ਨੇ ਕਿਹਾ ਕਿ ਜਿਮ ਦਾ ਸਾਮਾਨ ਸਪੈਸੀਫਿਕੇਸ਼ਨਾਂ ਅਨੁਸਾਰ ਤਸੱਲੀਬਖ਼ਸ਼ ਨਹੀਂ ਸੀ। ਇਸੇ ਤਰ੍ਹਾਂ ਬਰਨਾਲਾ ਵਿੱਚ ਇੰਸਪੈਕਸ਼ਨ ਕਮੇਟੀ ਨੇ ਸਪੋਰਟਸ ਕਿੱਟਾਂ ਰੱਦ ਕੀਤੀਆਂ ਹਨ। ਡਿਪਟੀ ਕਮਿਸ਼ਨਰ ਬਰਨਾਲਾ ਭੁਪਿੰਦਰ ਸਿੰਘ ਨੇ ਕਿਹਾ ਕਿ ਕ੍ਰਿਕਟ ਕਿੱਟਾਂ ਦੀ ਕੁਆਲਟੀ ਵਿੱਚ ਕਾਫ਼ੀ ਫਰਕ ਹੈ। ਉਨ੍ਹਾਂ ਨੇ ਖੇਡ ਵਿਭਾਗ ਨੂੰ ਕਿੱਟਾਂ ਬਦਲਣ ਵਾਸਤੇ ਲਿਖਿਆ ਹੈ। ਸੂਤਰਾਂ ਅਨੁਸਾਰ ਬਰਨਾਲਾ, ਰਾਮਪੁਰਾ ਤੇ ਮਲੋਟ ਵਿੱਚ ਸਪੋਰਟਸ ਕਿੱਟ ਵੰਡ ਸਮਾਗਮ ਟਾਲਣਾ ਪਿਆ ਹੈ। ਡੀਸੀ ਬਰਨਾਲਾ ਨੇ ਕਿਹਾ ਕਿ ਵਜ਼ੀਰ ਦੇ ਰੁਝੇਵਿਆਂ ਕਾਰਨ ਪ੍ਰੋਗਰਾਮ ਮੁਲਤਵੀ ਕੀਤਾ ਹੈ। ਜ਼ਿਲ੍ਹਾ ਬਠਿੰਡਾ ਵਿੱਚ ਵਜ਼ੀਰ ਸਿਕੰਦਰ ਸਿੰਘ ਮਲੂਕਾ ਦਾ 22 ਸਤੰਬਰ ਦਾ ਪ੍ਰੋਗਰਾਮ ਨਵੇਂ ਵਿਵਾਦ ਮਗਰੋਂ ਟਾਲਣਾ ਪਿਆ ਹੈ। ਰਾਮਪੁਰਾ ਫੂਲ ਵਿੱਚ ਇੰਸਪੈਕਸ਼ਨ ਕਮੇਟੀ ਨੇ ਕਿੱਟਾਂ ਵਿੱਚ ਖ਼ਾਮੀਆਂ ਲੱਭੀਆਂ ਹਨ। ਜ਼ਿਲ੍ਹਾ ਖੇਡ ਅਫ਼ਸਰ ਕਰਮ ਸਿੰਘ ਨੇ ਕਿਹਾ ਕਿ ਕ੍ਰਿਕਟ ਕਿੱਟਾਂ ਤੇ ਵਾਲੀਬਾਲ ਨੈੱਟ ਦੀ ਕੁਆਲਟੀ ਗੈਰਮਿਆਰੀ ਹੈ। ਏਡੀਸੀ (ਵਿਕਾਸ) ਸ਼ੈਨਾ ਅਗਰਵਾਲ ਨੇ ਕਿਹਾ ਕਿ ਇੰਸਪੈਕਸ਼ਨ ਕਮੇਟੀ ਦੀ ਰਿਪੋਰਟ ਨਾ ਮਿਲਣ ਕਰਕੇ ਵਜ਼ੀਰ ਮਲੂਕਾ ਦਾ ਕਿੱਟਾਂ ਵੰਡਣ ਦਾ ਪ੍ਰੋਗਰਾਮ ਮੁਲਤਵੀ ਕੀਤਾ ਗਿਆ ਹੈ। ਦੱਸਣਯੋਗ ਹੈ ਕਿ ਕ੍ਰਿਕਟ ਕਿੱਟਾਂ ਦੀ ਸਪਲਾਈ ਸੰਗਰੂਰ ਦੀ ਫਰਮ ਸਪੋਰਟਸ ਸਪੈਸ਼ਲਿਸਟ ਵੱਲੋਂ ਕੀਤੀ ਗਈ ਹੈ। ਫਰਮਾਂ ਦੇ ਮਾਲਕਾਂ ਨੂੰ ਵੀ ਖੇਡ ਵਿਭਾਗ ਨੇ ਤਲਬ ਕੀਤਾ ਹੈ। ਫਰਮ ਮਾਲਕ ਸਾਮਾਨ ਤਬਦੀਲ ਕਰਨ ਵਿੱਚ ਰੁੱਝੇ ਹੋਏ ਹਨ।

ਖੇਡ ਵਿਭਾਗ ਸਕੱਤਰ ਵਿਵੇਕ ਪ੍ਰਤਾਪ ਸਿੰਘ ਨੇ 29 ਅਗਸਤ ਨੂੰ ਡਿਪਟੀ ਕਮਿਸ਼ਨਰਾਂ ਨੂੰ 'ਸਪੋਰਟਸ ਕਿੱਟਾਂ' ਦੀ ਕੁਆਲਿਟੀ 'ਤੇ ਨਜ਼ਰ ਰੱਖਣ ਦੀ ਵਿਸ਼ੇਸ਼ ਹਦਾਇਤ ਕੀਤੀ ਸੀ। ਖੇਡ ਵਿਭਾਗ ਨੂੰ ਪਹਿਲਾਂ ਸਪਲਾਈ ਨਾ ਮਿਲਣ ਕਰਕੇ 12 ਸਤੰਬਰ ਨੂੰ ਪੰਜਾਬ ਭਰ ਵਿੱਚ ਹੋਣ ਵਾਲੇ ਕਿੱਟ ਵੰਡ ਸਮਾਗਮ ਮੁਲਤਵੀ ਕਰਨੇ ਪਏ ਸਨ। ਹੁਣ 22 ਸਤੰਬਰ ਦੇ ਸਮਾਗਮਾਂ ਤੋਂ ਪਹਿਲਾਂ ਹੀ ਕਿੱਟਾਂ ਵਿਵਾਦਾਂ ਵਿੱਚ ਘਿਰ ਗਈਆਂ ਹਨ। ਖੇਡ ਵਿਭਾਗ ਦੇ ਡਾਇਰੈਕਟਰ ਰਾਹੁਲ ਗੁਪਤਾ ਨੇ ਕਿਹਾ ਕਿ ਸਪੋਰਟਸ ਕਿੱਟਾਂ ਵਿੱਚ ਇੱਕ ਦੋ ਆਈਟਮਾਂ ਦੀ ਸਮੱਸਿਆ ਆਈ ਹੈ, ਜਿਨ੍ਹਾਂ ਨੂੰ ਤਬਦੀਲ ਕਰਾਇਆ ਜਾ ਰਿਹਾ ਹੈ। ਹਰ ਜ਼ਿਲ੍ਹੇ ਵਿੱਚ ਬਣੀਆਂ ਇੰਸਪੈਕਸ਼ਨ ਕਮੇਟੀਆਂ ਨੂੰ ਚੈਕਿੰਗ ਮਗਰੋਂ ਕਿੱਟਾਂ ਲੈਣ ਦੀਆਂ ਸਖ਼ਤ ਹਦਾਇਤਾਂ ਹਨ। ਪ੍ਰਾਈਵੇਟ ਫਰਮਾਂ ਖ਼ਰਾਬ ਕਿੱਟਾਂ ਨੂੰ 6 ਮਹੀਨੇ ਦੇ ਅੰਦਰ ਅੰਦਰ ਮੁਫ਼ਤ ਵਿੱਚ ਤਬਦੀਲ ਕਰਨ ਲਈ ਪਾਬੰਦ ਹਨ। ਉਨ੍ਹਾਂ ਕਿਹਾ ਕਿ ਮਹਿਕਮੇ ਵੱਲੋਂ ਮਾੜੀ ਸਪਲਾਈ ਦੇਣ ਵਾਲੀਆਂ ਫਰਮਾਂ ਖ਼ਿਲਾਫ਼ ਸਖ਼ਤ ਐਕਸ਼ਨ ਲਿਆ ਜਾ ਰਿਹਾ ਹੈ।

# ਜ਼ਿੰਦਗੀ ਮਾਣਨ ਲਈ ਹੈ, ਖ਼ੁਦਕੁਸ਼ੀ ਲਈ ਨਹੀਂ

**ਪਿਛਲੇ ਸਾਲ ਅਮਰੀਕਾ ਵਿਚਲੇ 3.7 ਪ੍ਰਤੀਸ਼ਤ (8.3 ਮਿਲੀਅਨ) ਲੋਕਾਂ ਨੇ ਖ਼ੁਦਕੁਸ਼ੀ ਕਰਨ ਬਾਰੇ ਸੋਚਿਆ ਤੇ 2.3 ਮਿਲੀਅਨ ਨੇ ਆਪਣੇ ਆਪ ਨੂੰ ਮਾਰਨ ਦਾ ਢੰਗ ਵੀ ਸੋਚ ਲਿਆ। ਪਰ ਵੇਲੇ ਸਿਰ ਡਾਕਟਰੀ ਸਹਾਇਤਾ ਮਿਲ ਜਾਣ ਕਾਰਨ ਸਿਰਫ਼ ਇਕ ਮਿਲੀਅਨ ਨੇ ਖ਼ੁਦਕੁਸ਼ੀ ਕਰਨ ਦੀ ਕੋਸ਼ਿਸ਼ ਕੀਤੀ, ਜਿਨ੍ਹਾਂ ਵਿਚੋਂ 30 ਪ੍ਰਤੀਸ਼ਤ ਨੂੰ ਬਚਾ ਕੇ ਉਨ੍ਹਾਂ ਦਾ ਮਾਨਸਿਕ ਪੱਖੋਂ ਪੂਰਾ ਇਲਾਜ ਕਰ ਦਿੱਤਾ ਗਿਆ।**



**ਇਜ਼ਰਾਈਲ ਵਿਖੇ ਹੋਈ ਦਸ ਸਾਲਾਂ ਦੀ ਖੋਜ ਦੌਰਾਨ ਇਹ ਤੱਥ ਸਾਹਮਣੇ ਆਏ :**

- **30 ਪ੍ਰਤੀਸ਼ਤ ਖ਼ੁਦਕੁਸ਼ੀ ਕਰ ਚੁੱਕੇ ਲੋਕ ਦਿਮਾਗ਼ੀ ਬਿਮਾਰੀ ਤੋਂ ਪੀੜਤ ਸਨ**
- **ਕੁਝ ਤਣਾਓ ਅਧੀਨ ਹੋਣ ਸਦਕਾ ਖ਼ੁਦਕੁਸ਼ੀ ਕਰ ਰਹੇ ਸਨ**
- **ਕੁਝ ਸ਼ਰਾਬ ਦੀ ਲਤ ਪਾਲੇ ਹੋਏ ਸਨ**
- **ਦਿਲ ਦੇ ਰੋਗਾਂ ਤੋਂ ਪੀੜਤ ਤੇ ਲਾਇਲਾਜ ਕੈਂਸਰ ਪੀੜਤ (27 ਪ੍ਰਤੀਸ਼ਤ) ਲੋਕ। ਇਹ ਲੋਕ ਹਰ ਪਾਸਿਓਂ ਆਪਣੇ ਆਪ ਨੂੰ ਹਾਰੇ ਹੋਏ ਮੰਨ ਕੇ ਖ਼ੁਦਕੁਸ਼ੀ ਕਰਨ ਵਰਗਾ ਕਦਮ ਚੁੱਕ ਰਹੇ ਸਨ।**



**ਡਾ. ਹਰਸ਼ਿੰਦਰ ਕੌਰ, ਐਮ. ਡੀ.,**

ਅਮਰੀਕਾ ਵਿਖੇ ਹੋਈ ਖੋਜ ਨੇ ਕੁਝ ਹੋਰ ਚਾਨਣਾ ਪਾਇਆ। ਉਸ ਖੋਜ ਅਨੁਸਾਰ ਮਾਨਸਿਕ ਤਣਾਓ ਖ਼ੁਦਕੁਸ਼ੀ ਕਰਨ ਦਾ ਮੁੱਖ ਕਾਰਨ ਹੈ। ਇਹ ਤਣਾਓ ਕੰਮਕਾਰ ਵਾਲੀ ਥਾਂ ਉੱਤੇ ਹੋ ਸਕਦਾ ਹੈ, ਦਿਮਾਗ਼ੀ ਬਿਮਾਰੀ, ਸ਼ਰਾਬ, ਖ਼ੁਰਾਕ ਦੀ ਕਮੀ, ਪੈਸੇ ਦੀ ਕਮੀ, ਪਿਆਰ ਵਿਚ ਧੋਖੇ ਵਰਗੇ ਅਨੇਕ ਕਾਰਨ ਲੱਭੇ ਗਏ।

ਸਭ ਤੋਂ ਜ਼ਰੂਰੀ ਗੱਲ ਇਹ ਸਾਹਮਣੇ ਆਈ ਕਿ ਖ਼ੁਦਕੁਸ਼ੀ ਕਰਨ ਵਾਲੇ ਦਾ ਪੂਰਾ ਇਲਾਜ ਨਹੀਂ ਕੀਤਾ ਜਾਂਦਾ ਤੇ ਸਿਰਫ਼ ਸਲਾਹਾਂ ਜਾਂ ਝਿੜਕਾਂ ਦੇ ਕੇ ਸਾਰ ਲਿਆ ਜਾਂਦਾ ਹੈ। ਸੋ, ਮੈਡੀਕਲ ਪੱਖੋਂ ਪੂਰਾ ਇਲਾਜ ਨਾ ਹੋਣ ਖੁਣੋਂ ਦਿਮਾਗ਼ ਵਿਚ ਹੋਈ ਉਥਲ-ਪੁਥਲ ਬੰਦੇ ਨੂੰ ਆਪਣੀ ਜਾਨ ਲੈਣ ਤਕ ਮਜਬੂਰ ਕਰ ਦਿੰਦੀ ਹੈ।

ਭਾਰਤ ਵਿਚ ਵੀ ਇਹੀ ਹੋ ਰਿਹਾ ਹੈ ਕਿਉਂਕਿ ਢਹਿੰਦੀ ਕਲਾ ਨੂੰ ਬਿਮਾਰੀ ਨਹੀਂ ਮੰਨਿਆ ਜਾਂਦਾ। ਵਿਕਸਿਤ ਦੇਸ਼ਾਂ ਵਿਚ ਇਸ ਬਾਰੇ ਖੋਜਾਂ ਲਗਾਤਾਰ ਜਾਰੀ ਹਨ ਅਤੇ ਢਹਿੰਦੀ ਕਲਾ ਵਾਲੇ ਮਰੀਜ਼ਾਂ ਨੂੰ ਤੁਰੰਤ ਇਲਾਜ ਕਰਵਾਉਣ ਲਈ ਪ੍ਰੇਰ ਕੇ ਉਸ ਦੀ ਦਿਮਾਗ਼ੀ ਹਾਲਤ ਅਨੁਸਾਰ ਹਸਪਤਾਲ ਵਿਚ ਦਾਖ਼ਲ ਤਕ ਕਰ ਲਿਆ ਜਾਂਦਾ ਹੈ।

ਇਸ ਵੇਲੇ ਦੁਨੀਆ ਭਰ ਵਿਚ ਲਗਭਗ 3000 ਲੋਕ ਰੋਜ਼ ਖ਼ੁਦਕੁਸ਼ੀ ਕਰ ਰਹੇ ਹਨ। ਪਿਛਲੇ ਸਾਲ ਅਮਰੀਕਾ ਵਿਚਲੇ 3.7 ਪ੍ਰਤੀਸ਼ਤ (8.3 ਮਿਲੀਅਨ) ਲੋਕਾਂ ਨੇ ਖ਼ੁਦਕੁਸ਼ੀ ਕਰਨ ਬਾਰੇ ਸੋਚਿਆ ਤੇ 2.3 ਮਿਲੀਅਨ ਨੇ ਆਪਣੇ ਆਪ ਨੂੰ ਮਾਰਨ ਦਾ ਢੰਗ ਵੀ ਸੋਚ ਲਿਆ। ਪਰ ਵੇਲੇ ਸਿਰ ਡਾਕਟਰੀ ਸਹਾਇਤਾ ਮਿਲ ਜਾਣ ਕਾਰਨ ਸਿਰਫ਼ ਇਕ ਮਿਲੀਅਨ ਨੇ ਖ਼ੁਦਕੁਸ਼ੀ ਕਰਨ ਦੀ ਕੋਸ਼ਿਸ਼ ਕੀਤੀ, ਜਿਨ੍ਹਾਂ ਵਿਚੋਂ 30 ਪ੍ਰਤੀਸ਼ਤ ਨੂੰ ਬਚਾ ਕੇ ਉਨ੍ਹਾਂ ਦਾ ਮਾਨਸਿਕ ਪੱਖੋਂ ਪੂਰਾ ਇਲਾਜ ਕਰ ਦਿੱਤਾ ਗਿਆ।

ਇਹ ਸਭ ਵੇਖਦੇ ਹੋਏ ਵਰਲਡ ਹੈਲਥ ਆਰਗੇਨਾਈਜ਼ੇਸ਼ਨ ਨੇ ਕੁਝ ਅੰਕੜੇ ਜਗ ਜ਼ਾਹਰ ਕਰਕੇ, ਹਰ ਮੁਲਕ ਨੂੰ ਇਸ ਬਾਰੇ ਨਿੱਠ ਕੇ ਕੰਮ ਕਰਨ ਅਤੇ ਆਪੋ ਆਪਣੇ ਮੁਲਕ ਵਾਸੀਆਂ ਨੂੰ ਖ਼ੁਦਕੁਸ਼ੀ ਤੋਂ ਬਚਾਉਣ ਵਾਸਤੇ ਜਤਨ ਕਰਨ ਲਈ ਪ੍ਰੇਰਿਆ ਹੈ।

1. ਦੁਨੀਆ ਭਰ ਵਿਚ ਹਰ ਸਾਲ ਇਕ ਮਿਲੀਅਨ ਬੰਦੇ ਖ਼ੁਦਕੁਸ਼ੀ ਨਾਲ ਮਰਦੇ ਹਨ। ਲਗਭਗ ਇਕ ਮੌਤ ਹਰ 40 ਸਕਿੰਟਾਂ ਵਿਚ।

2. ਪਿਛਲੇ 45 ਸਾਲਾਂ ਵਿਚ ਪੂਰੀ ਦੁਨੀਆ ਵਿਚ ਖ਼ੁਦਕੁਸ਼ੀ ਕਰਨ ਵਾਲਿਆਂ ਦੀ ਗਿਣਤੀ 60 ਪ੍ਰਤੀਸ਼ਤ ਵੱਧ ਚੁੱਕੀ ਹੈ। ਪੰਦਰਾਂ ਤੋਂ 44 ਸਾਲਾਂ ਦੇ ਲੋਕਾਂ ਵਿਚਲੇ ਮੌਤ ਦੇ ਸਾਰੇ ਕਾਰਨਾਂ ਵਿਚੋਂ ਪਹਿਲੇ ਤਿੰਨ ਕਾਰਨਾਂ ਵਿਚ ਖ਼ੁਦਕੁਸ਼ੀ ਵੀ ਗਿਣੀ ਜਾਣ ਲੱਗ ਪਈ ਹੈ। ਦਸ ਤੋਂ 24 ਸਾਲਾਂ ਦੀ ਉਮਰ ਵਿਚ ਹੋ ਰਹੀਆਂ ਮੌਤਾਂ ਦੇ ਕਾਰਨਾਂ ਦੀ ਜਾਂਚ ਕੀਤੀ ਜਾਵੇ ਤਾਂ ਖ਼ੁਦਕੁਸ਼ੀ ਦੂਜੇ ਨੰਬਰ ਉੱਤੇ ਪਹੁੰਚ ਚੁੱਕੀ ਹੈ। ਇਨ੍ਹਾਂ ਵਿਚ ਉਹ ਕੇਸ ਸ਼ਾਮਲ ਨਹੀਂ ਕੀਤੇ ਗਏ, ਜਿਨ੍ਹਾਂ ਨੇ ਖ਼ਦਕੁਸ਼ੀ ਦੀ ਕੋਸ਼ਿਸ਼ ਕੀਤੀ ਤੇ ਬਚ ਗਏ। ਜੇ ਉਹ ਵੀ ਸ਼ਾਮਲ ਕੀਤੇ ਜਾਣ ਤਾਂ 20 ਗੁਣਾ ਗਿਣਤੀ ਹੋਰ ਵੱਧ ਜਾਂਦੀ ਹੈ, ਇੰਜ ਦੁਨੀਆ ਭਰ ਵਿਚ ਖ਼ੁਦਕੁਸ਼ੀ ਨਾਲ ਹੋਈਆਂ ਮੌਤਾਂ, ਮੌਤ ਦਰ ਵਧਣ ਦਾ ਪਹਿਲਾ ਕਾਰਨ ਬਣ ਜਾਣਾ ਹੈ।

3. ਦੁਨੀਆ ਦੀਆਂ ਸਾਰੀਆਂ ਬਿਮਾਰੀਆਂ ਦੇ ਇਲਾਜ ਉੱਤੇ ਲੱਗੇ ਖ਼ਰਚੇ ਦਾ ਹਿਸਾਬ ਕਰੀਏ ਤਾਂ 1.8 ਪ੍ਰਤੀਸ਼ਤ ਖ਼ਰਚਾ ਸੰਨ 1998 ਵਿਚ ਖ਼ੁਦਕੁਸ਼ੀ ਕਰਨ ਲਈ ਸੋਚਣ ਵਾਲਿਆਂ ਉੱਤੇ ਕੀਤਾ ਗਿਆ। ਇਹੀ ਖ਼ਰਚ ਹੁਣ 2020 ਤੱਕ 2.4 ਪ੍ਰਤੀਸ਼ਤ ਤਕ ਪਹੁੰਚ ਜਾਣਾ ਹੈ।

4. ਹੁਣ ਤੱਕ ਦੁਨੀਆ ਭਰ ਵਿਚ, ਖਾਸ ਕਰ ਵਿਕਸਿਤ ਦੇਸ਼ਾਂ ਵਿਚ ਬਜ਼ੁਰਗ ਪੁਰਸ਼ ਜ਼ਿਆਦਾਤਰ ਖ਼ੁਦਕੁਸ਼ੀ ਕਰ ਰਹੇ ਸਨ, ਪਰ ਵਿਕਾਸਸ਼ੀਲ ਦੇਸਾਂ ਵਿਚ ਨੌਜਵਾਨ ਬੱਚਿਆਂ ਵਿਚ ਇਹ ਰੁਝਾਨ ਵਧਦਾ ਜਾ ਰਿਹਾ ਹੈ।

5. ਅਮਰੀਕਾ ਤੇ ਯੂਰਪ ਵਿਚ ਆਮ ਤੌਰ ਉੱਤੇ ਢਹਿੰਦੀ ਕਲਾ, ਸ਼ਰਾਬ ਤੇ ਮਾਨਸਿਕ ਰੋਗ ਮੁੱਖ ਕਾਰਨ ਲੱਭੇ ਗਏ ਹਨ। ਪਰ, ਚੀਨ ਤੇ ਭਾਰਤ ਵਿਚ ਗੁੱਸਾ, ਪਿਆਰ ਵਿਚ ਧੋਖਾ, ਬੱਚਿਆਂ ਉੱਤੇ ਵਾਧੂ ਬੰਦਸ਼ਾਂ, ਸਮਾਜਿਕ ਮਕੜ-ਜਾਲ ਤੇ ਪੜ੍ਹਾਈ ਦਾ ਲੋੜੋਂ ਵੱਧ ਬੋਝ, ਆਮ ਕਾਰਨ ਮੰਨੇ ਗਏ ਹਨ। ਇਨ੍ਹਾਂ ਤੋਂ ਇਲਾਵਾ ਵੀ ਹੋਰ ਨਿੱਕੇ ਮੋਟੇ ਅਨੇਕ ਕਾਰਨ ਹਨ।

**ਗਿਣਤੀ ਵਧ ਕਿਉਂ ਰਹੀ ਹੈ ?**

- ਤਣਾਓ ਤੇ ਢਹਿੰਦੀ ਕਲਾ ਨੂੰ ਪਛਾਣ ਨਾ ਸਕਣਾ
- ਮਾਨਸਿਕ ਰੋਗਾਂ ਦੇ ਇਲਾਜ ਕਰਵਾਉਣ ਨਾਲ ਜੁੜੀ ਸਮਾਜਿਕ ਸ਼ਰਮ
- ਗੁਆਂਢੀਆਂ ਜਾਂ ਰਿਸ਼ਤੇਦਾਰਾਂ ਵੱਲੋਂ ਦਰਸਾਏ ਓਹੜ ਪੋਹੜ
- ਬੱਚਿਆਂ ਦੀਆਂ ਮਾਨਸਿਕ ਸਮੱਸਿਆਵਾਂ ਨੂੰ ਸਮਝਣ ਲਈ ਮਾਪਿਆਂ ਵੱਲੋਂ ਵਕਤ ਨਾ ਕੱਢਣਾ
- ਸ਼ੋਸ਼ਲ ਮੀਡੀਆ ਉੱਤੇ ਝਟਪਟ ਬਦਨਾਮੀ ਹੋ ਜਾਣ ਦੇ ਡਰ ਖੁਣੋਂ
- ਵੱਖੋ ਵੱਖ ਰਾਜਸੀ ਪਾਰਟੀਆਂ ਵੱਲੋਂ ਖ਼ੁਦਕੁਸ਼ੀ ਨੂੰ ਚੋਣਾਂ ਦਾ ਮੁੱਦਾ ਬਣਾ ਕੇ ਉਭਾਰਨ ਲਈ ਅਜਿਹੇ ਮਰੀਜ਼ਾਂ ਦੇ ਇਲਾਜ ਵੱਲ ਉੱਕਾ ਹੀ ਧਿਆਨ ਨਾ ਦੇਣਾ
- ਮੀਡੀਆ ਵੱਲੋਂ ਖ਼ੁਦਕੁਸ਼ੀ ਪੀੜਤ ਨੂੰ ਵਾਰ-ਵਾਰ ਉਜਾਗਰ ਕਰ ਕੇ ਖ਼ੁਦਕੁਸ਼ੀ ਦੇ ਵਿਚਾਰ ਮਨ ਵਿਚ ਵਸਾਈ ਬੈਠਿਆਂ ਨੂੰ ਹੋਰ ਉਕਸਾਉਣਾ
- ਸ਼ਰਾਬ ਤੇ ਨਸ਼ੇ ਦੇ ਆਦੀ ਮਰੀਜ਼ ਨੂੰ ਪੂਰਾ ਇਲਾਜ ਕਰਵਾਏ ਬਗ਼ੈਰ ਇਕਦਮ ਨਸ਼ਾ ਛੁਡਾ ਦੇਣਾ

**ਖ਼ੁਦਕੁਸ਼ੀ ਕਰਨ ਵਾਲਿਆਂ ਵਿਚਲੇ ਲੱਛਣ ਜਿਹੜੇ ਤੁਰੰਤ ਧਿਆਨ ਮੰਗਦੇ ਹਨ :-**

- ਆਪਣੇ ਆਪ ਨੂੰ ਨਕਾਰਾ ਸਮਝਣਾ
- ਨੀਂਦਰ ਨਾ ਆਉਣੀ
- ਜ਼ਿੰਦਗੀ ਤੋਂ ਕੋਈ ਉਮੀਦ ਨਾ ਦਿਸਣੀ
- ਘਬਰਾਹਟ ਦੇ ਅਟੈਕ ਹੋਣੇ-ਧੜਕਣ ਵਧ ਜਾਣੀ ਤੇ ਪਸੀਨਾ ਆਉਣਾ
- ਇਕੱਲਾ ਰਹਿਣਾ ਸ਼ੁਰੂ ਕਰ ਦੇਣਾ
- ਚਿੜਚਿੜਾ ਤੇ ਲੜਾਕਾ ਹੋ ਜਾਣਾ
- ਗੁੱਸੇ ਦੇ ਅਟੈਕ ਹੋਣੇ/ਇਕਦਮ ਮਾਰ-ਕੁਟਾਈ ਉੱਤੇ ਉਤਾਰੂ ਹੋ ਜਾਣਾ
- ਆਪਣੇ ਆਪ ਨੂੰ ਬੋਝ ਸਮਝਣ ਲੱਗ ਪੈਣਾ

ਅਮਰੀਕਨ ਫਾਊਂਡੇਸ਼ਨ ਫਾਰ ਸੂਈਸਾਈਡ ਪਰੀਵੈਨਸ਼ਨ ਨੇ ਸਪਸ਼ਟ ਕੀਤਾ ਹੈ ਕਿ 50 ਤੋਂ 75 ਪ੍ਰਤੀਸ਼ਤ ਲੋਕ ਜਿਹੜੇ ਖ਼ੁਦਕੁਸ਼ੀ ਕਰਨ ਬਾਰੇ ਸੋਚ ਰਹੇ ਹੁੰਦੇ ਹਨ, ਉਹ ਖ਼ੁਦਕੁਸ਼ੀ ਕਰਨ ਤੋਂ ਪਹਿਲਾਂ ਕਦੇ ਨਾ ਕਦੇ ਇਸ ਦਾ ਜ਼ਿਕਰ ਜ਼ਰੂਰ ਕਰ ਦਿੰਦੇ ਹਨ। ਅਜਿਹੀ ਗੱਲ ਨੂੰ ਗੰਭੀਰਤਾ ਨਾਲ ਲੈਂਦੇ ਹੋਏ ਝਿੜਕਣ ਨਾਲੋਂ ਉਸ ਦਾ ਤੁਰੰਤ ਇਲਾਜ ਕਰਵਾਉਣ ਦੀ ਲੋੜ ਹੁੰਦੀ ਹੈ।

ਜਿਹੜੇ ਜਣੇ ਹਾਲੇ ਢਹਿੰਦੀ ਕਲਾ ਵਿਚ ਹਨ :

ਜਿਹੜੇ ਹਾਲੇ ਖ਼ੁਦਕੁਸ਼ੀ ਕਰਨ ਬਾਰੇ ਨਹੀਂ ਸੋਚ ਰਹੇ ਤੇ ਢਹਿੰਦੀ ਕਲਾ ਦੇ ਸ਼ੁਰੂਆਤੀ ਦੌਰ ਵਿਚ ਹਨ, ਉਨ੍ਹਾਂ ਲਈ ਅੱਗੇ ਦੱਸੇ ਨੁਕਤੇ ਕਾਰਗਰ ਸਾਬਤ ਹੋਏ ਹਨ :-

ਜੇ ਤੁਹਾਡੇ ਕੋਲ ਘਰ ਵਿਚ ਫਰਿੱਜ ਵਿਚ ਖਾਣਾ ਹੈ, ਕਪੜੇ ਪਾਏ ਹੋਏ ਹਨ, ਸਿਰ ਉੱਤੇ ਛੱਤ ਹੈ ਤੇ ਸੌਣ ਲਈ ਥਾਂ ਵੀ ਹੈ, ਤਾਂ ਤੁਸੀਂ ਦੁਨੀਆ ਦੇ 75 ਪ੍ਰਤੀਸ਼ਤ ਲੋਕਾਂ ਤੋਂ ਜ਼ਿਆਦਾ ਖੁਸ਼ਕਿਸਮਤ ਹੋ ਕਿਉਂਕਿ ਉਨ੍ਹਾਂ ਨੂੰ ਇਹ ਸਭ ਨਸੀਬ ਨਹੀਂ ਹੋ ਰਿਹਾ।

ਜੇ ਤੁਹਾਡੇ ਕੋਲ ਬੈਂਕ ਵਿਚ ਪੈਸੇ ਹਨ ਤੇ ਤੁਹਾਡੇ ਪਰਸ ਵਿਚ ਖਰਚਣ ਲਈ ਵੀ ਪੈਸੇ ਹਨ, ਤਾਂ ਤੁਸੀਂ ਦੁਨੀਆ ਦੇ ਚੋਟੀ ਦੇ 8 ਪ੍ਰਤੀਸ਼ਤ ਖੁਸ਼ਕਿਸਮਤ ਲੋਕਾਂ ਵਿਚ ਸ਼ਾਮਲ ਹੋ ਚੁੱਕੇ ਹੋ।

ਜੇ ਤੁਸੀਂ ਅੱਜ ਸਵੇਰੇ ਮੰਜੇ ਤੋਂ ਠੀਕ ਠਾਕ ਉੱਠ ਕੇ ਖੜ੍ਹੇ ਹੋ ਸਕੇ ਹੋ ਤਾਂ ਤੁਹਾਡੇ ਉੱਤੇ ਰਬ ਦੀ ਖ਼ਾਸ ਮਿਹਰ ਹੈ ਕਿਉਂਕਿ ਇਕ ਮਿਲੀਅਨ ਬੰਦੇ ਜਿਹੜੇ ਇਸ ਦਿਨ ਮਰ ਗਏ, ਤੁਸੀਂ ਉਨ੍ਹਾਂ ਵਿਚ ਸ਼ਾਮਲ ਨਹੀਂ ਹੋ।

ਜੇ ਤੁਸੀਂ ਜੰਗ ਦੇ ਮੈਦਾਨ ਵਿਚ ਲੜ ਕੇ ਲੱਤ ਨਹੀਂ ਗੁਆਈ, ਐਕਸੀਡੈਂਟ ਵਿਚ ਪਾਸਾ ਨਹੀਂ ਮਾਰਿਆ ਗਿਆ, ਜੇਲ੍ਹ ਵਿਚ ਕੈਦ ਹੋ ਕੇ ਆਜ਼ਾਦੀ ਨਹੀਂ ਗੁਆਈ ਤੇ ਭੁੱਖੇ ਢਿੱਡ ਰੋਜ਼ ਸੜਕ ਦੇ ਕਿਨਾਰੇ ਨਹੀਂ ਸੌਂ ਰਹੇ, ਤਾਂ ਤੁਸੀਂ ਦੁਨੀਆ ਦੇ 500 ਮਿਲੀਅਨ ਲੋਕਾਂ ਤੋਂ ਵੱਧ ਖੁਸ਼ਕਿਸਮਤ ਹੋ।

ਜੇ ਤੁਸੀਂ ਮੇਰਾ ਇਹ ਲੇਖ ਪੜ੍ਹ ਸਕਦੇ ਹੋ ਤਾਂ ਤੁਹਾਡੇ ਉੱਤੇ ਰਬ ਦੀ ਅਪਾਰ ਕਿਰਪਾ ਹੈ ਕਿਉਂਕਿ ਦੁਨੀਆ ਦੇ ਤਿੰਨ ਬਿਲੀਅਨ ਲੋਕ ਵੇਖ ਹੀ ਨਹੀਂ ਸਕਦੇ ਜਾਂ ਪੜ੍ਹ ਨਹੀਂ ਸਕਦੇ।

ਸਵੇਰੇ ਉੱਠ ਕੇ ਘਰੋਂ ਬਾਹਰ ਖਿੜਕੀ ਵਿਚੋਂ ਜੇ ਬਾਹਰੋਂ ਕੋਈ ਨੰਗੇ ਧੜ ਤੇ ਨੰਗੇ ਪੈਰ ਪਲਾਸਟਿਕ ਦੇ ਲਿਫਾਫੇ ਚੁੱਕਦਾ ਪਿਆ ਵੇਖੋ ਤਾਂ ਢਹਿੰਦੀ ਕਲਾ ਛੱਡ ਕੇ ਸ਼ੁਕਰਾਨਾ ਕਰਨ ਦੀ ਲੋੜ ਹੈ।

ਜੇ ਸੜਕ ਉੱਤੇ ਖਿਲਰੇ ਵਾਲਾਂ ਨਾਲ ਰੋਟੀ ਮੰਗਦਾ, ਧੱਕੇ ਖਾਂਦਾ ਕੋਈ ਮਾਨਸਿਕ ਰੋਗੀ ਵੇਖੋ ਤਾਂ ਵੀ ਆਪਣੇ ਵੱਲ ਝਾਕ ਕੇ ਸ਼ੁਕਰਾਨਾ ਕਰਨਾ ਚਾਹੀਦਾ ਹੈ।

ਹਸਪਤਾਲਾਂ ਵਿਚ ਅੱਡੀਆਂ ਰਗੜ ਕੇ ਮਰਦਿਆਂ ਤੇ ਮੁਰਦਾਘਰਾਂ ਵਿਚ ਸੁੱਟੀਆਂ ਲਾਸ਼ਾਂ ਵੱਲ ਤਕ ਅੱਜ ਦੇ ਸੁਆਸਾਂ ਦਾ ਸ਼ੁਕਰਾਨਾ ਕਰਨਾ ਜ਼ਰੂਰੀ ਹੈ।

ਮੁਰਦੇ ਸ਼ੁਕਰਾਨਾ ਨਹੀਂ ਕਰ ਸਕਦੇ। ਸਿਰਫ਼ ਜ਼ਿੰਦਾ ਇਨਸਾਨ ਹੀ ਕਰ ਸਕਦੇ ਹਨ। ਇਹ ਸਭ ਵੇਖਦਿਆਂ ਕਿਉਂ ਅੰਕੜੇ ਇਹ ਕਹਿੰਦੇ ਹਨ ਕਿ ਪੈਸੇ ਵਾਲੇ ਹੀ ਖ਼ੁਦਕੁਸ਼ੀ ਵੱਧ ਕਰਦੇ ਹਨ ? ਕਿਉਂ ਆਪਣੇ ਤੋਂ ਹੇਠਾਂ ਵੱਲ ਨਿਗਾਹ ਨਹੀਂ ਮਾਰਦੇ ਤੇ ਸਿਰਫ਼ ਉੱਪਰਲੇ ਵੱਲ ਤੱਕ ਕੇ ਢਹਿੰਦੀ ਕਲਾ ਵੱਲ ਚਲੇ ਜਾਂਦੇ ਹਨ। ਜੇ ਕੋਈ ਗ਼ਰੀਬ ਹੈ ਤਾਂ ਗ਼ਰੀਬੀ ਕਿਸੇ ਵੀ ਹਾਲ ਵਿਚ ਖ਼ੁਦਕੁਸ਼ੀ ਦਾ ਕਾਰਨ ਨਹੀਂ ਹੈ। ਮਿਹਨਤ ਨਾਲ ਲੋਕ ਪਹਾੜ ਤੱਕ ਹਿਲਾ ਦਿੰਦੇ ਹਨ।

**ਪਿਆਰ ਵਿਚ ਧੋਖਾ ਮਿਲਣ ਉੱਤੇ ਖ਼ੁਦਕੁਸ਼ੀ :**

- ਅਜਿਹੇ ਆਸ਼ਕਾਂ ਲਈ ਵੀ ਨੁਕਤੇ ਬਣੇ ਹੋਏ ਹਨ। ਦਰਅਸਲ ਪਿਆਰ ਦੇ ਅਸਲ ਮਾਇਨਿਆਂ ਤੋਂ ਬਹੁਗਿਣਤੀ ਵਾਕਿਫ਼ ਨਹੀਂ ਹਨ।
- ਪਿਆਰ ਦਾ ਮਤਲਬ ਹੈ ਦੇਣਾ, ਦੇਣਾ ਤੇ ਦਿੰਦੇ ਰਹਿਣਾ।
- ਦੂਜੇ ਲਈ ਆਪਾ ਵਾਰ ਦੇਣਾ
- ਦੂਜੇ ਨੂੰ ਆਪਣੇ ਖ਼ਿਆਲਾਂ ਵਿਚ ਕੈਦ ਕਰ ਕੇ ਖੁੱਲ੍ਹੀ ਹਵਾ ਵਿਚ ਉੱਡਣ ਤੇ ਹੋਰ ਪ੍ਰਾਪਤੀਆਂ ਕਰਨ ਲਈ ਆਜ਼ਾਦੀ ਦੇਣੀ
- ਪਿਆਰ ਕੁਰਬਾਨੀ ਦਾ ਜਜ਼ਬਾ ਹੈ, ਹਾਸਲ ਕਰਨ ਦਾ ਨਹੀਂ।
- ਦੂਜੇ ਦੀ ਸਲਾਮਤੀ ਲਈ ਦੁਆ ਹੀ ਅਸਲ ਪਿਆਰ ਹੈ।

ਏਨੇ ਕੁ ਨੁਕਤਿਆਂ ਨਾਲ ਅਸਲ ਪਿਆਰ ਦੀ ਪਰਿਭਾਸ਼ਾ ਸਮਝੀ ਜਾ ਸਕਦੀ ਹੈ ਤੇ ਇਸ ਵਿਚ ਖ਼ੁਦਕੁਸ਼ੀ ਲਈ ਕੋਈ ਥਾਂ ਹੈ ਹੀ ਨਹੀਂ। ਸਗੋਂ ਜ਼ਿਆਦਾ ਲੰਮੇ ਸਮੇਂ ਤਕ ਜੀਅ ਕੇ ਆਪਣੇ ਪਿਆਰੇ ਦੀ ਯਾਦ ਮਨ ਵਿਚ ਤਾਜ਼ਾ ਰਖਦਿਆਂ ਉਸ ਲਈ ਦੁਆਵਾਂ ਦਾ ਢੇਰ ਵਧਾਇਆ ਜਾ ਸਕਦਾ ਹੈ। ਇਹੀ ਯਾਦ ਦਿਲ ਵਿਚ ਕੁਤਕੁਤਾਰੀਆਂ ਪੈਦਾ ਕਰ ਕੇ ਵਧੀਆ ਹਾਰਮੋਨ ਕੱਢਦੀ ਹੈ ਜੋ ਜੀਣ ਦਾ ਕਾਰਣ ਬਣਦੇ ਹਨ।

**ਸਾਰ :-**

ਖ਼ਦਕੁਸ਼ੀ ਕਰਨ ਵਾਲੇ ਮਨੁੱਖ ਨੂੰ ਬਚਾਇਆ ਜਾ ਸਕਦਾ ਹੈ। ਢਹਿੰਦੀ ਕਲਾ ਦੇ ਲੱਛਣ ਤੁਰੰਤ ਪਛਾਣ ਕੇ ਇਲਾਜ ਕਰਨ ਦੀ ਲੋੜ ਹੈ। ਜ਼ਿੰਦਗੀ ਉਤਾਰ ਚੜ੍ਹਾਅ ਦਾ ਨਾਂ ਹੈ। ਇਸ ਵਿੱਚ ਜੇ ਮਾੜੇ ਪਲ ਹਨ ਤਾਂ ਚੰਗੇ ਵੀ ਜ਼ਰੂਰ ਹਨ। ਹੱਦੋਂ ਵੱਧ ਉਮੀਦ ਹੀ ਢਹਿੰਦੀ ਕਲਾ ਦਾ ਕਾਰਨ ਬਣਦੀ ਹੈ। ਜ਼ਿੰਦਗੀ ਨੂੰ ਬਹੁਤ ਜ਼ਿਆਦਾ ਗੰਭੀਰਤਾ ਨਾਲ ਲੈਣ ਦੀ ਲੋੜ ਨਹੀਂ। ਹਰ ਨਿੱਕੇ ਪਲ ਵਿਚੋਂ ਖ਼ੁਸ਼ੀ ਮਾਣੀ ਜਾ ਸਕਦੀ ਹੈ। ਜੋ ਹੈ, ਉਸ ਨੂੰ ਮਾਣ ਕੇ ਉਸ ਵਿਚੋਂ ਸੰਤੁਸ਼ਟ ਹੋਣ ਦੀ ਲੋੜ ਹੈ। ਆਪਣੇ ਤੋਂ ਘੱਟ ਹਾਸਲ ਕੀਤੇ ਲੋਕਾਂ ਵਲ ਵੇਖ ਕੇ ਸ਼ੁਕਰਾਨਾ ਕਰਨ ਨਾਲ ਢਹਿੰਦੀ ਕਲਾ ਨੇੜੇ ਨਹੀਂ ਫਟਕਦੀ।

ਅੰਤ ਵਿਚ ਇਹ ਸਪਸ਼ਟ ਕਰ ਦਿਆਂ ਕਿ ਹਾਰਨ ਵਾਲੇ ਹੀ ਜਿੱਤ ਦੇ ਅਸਲ ਮਾਇਨੇ ਸਮਝਦੇ ਹਨ। ਇਸੇ ਲਈ ਢਹਿ ਢੇਰੀ ਹੋ ਕੇ ਬਹਿ ਜਾਣ ਨਾਲੋਂ ਉੱਠੋ, ਜੁਟ ਜਾਓ, ਸੰਘਰਸ਼ ਕਰੋ ਤੇ ਜਿੱਤ ਹਾਸਲ ਕਰੋ। ਮਰਨ ਨਾਲ ਕੁਝ ਹਾਸਲ ਨਹੀਂ ਹੋਣਾ। ਇਸ ਧਰਤੀ ਉੱਤੇ ਪਹਿਲਾਂ ਹੀ ਅਣਖ ਮਾਰ ਕੇ ਤੁਰਦੀਆਂ ਜ਼ਿੰਦਾਂ ਲਾਸ਼ਾਂ ਦਾ ਬਥੇਰਾ ਬੋਝ ਹੈ।

ਜਾਂਦੇ-ਜਾਂਦੇ ਇਕ ਅਸਲ ਘਟਨਾ ਬਾਰੇ ਦੱਸਣਾ ਚਾਹਾਂਗੀ। ਦੂਜੀ ਜਮਾਤ ਵਿਚ ਇਕ ਅਧਿਆਪਿਕਾ ਨੇ ਬੱਚਿਆਂ ਨੂੰ ਦੁਨੀਆ ਦੇ ਸੱਤ ਅਜੂਬਿਆਂ ਬਾਰੇ ਪੁੱਛਿਆ ਤਾਂ ਹਰ ਕਿਸੇ ਨੇ ਆਪੋ ਆਪਣੇ ਹਿਸਾਬ ਨਾਲ ਆਪਣੇ ਪਸੰਦੀਦਾ ਸੱਤ ਥਾਂ ਲਿਖ ਦਿੱਤੇ ਪਰ ਇਕ ਬੱਚੀ ਬੜਾ ਚਿਰ ਸੋਚਦੀ ਰਹੀ। ਜਦੋਂ ਅਧਿਆਪਿਕਾ ਨੇ ਪੁੱਛਿਆ ਤਾਂ ਉਸ ਕਿਹਾ, "ਸਮਝ ਨਹੀਂ ਆ ਰਹੀ ਕਿ ਏਨੇ ਅਜੂਬਿਆਂ ਨੂੰ ਸੱਤ ਵਿਚ ਕਿਵੇਂ ਸਮੇਟਾਂ! ਛੋਹ ਦਾ ਅਹਿਸਾਸ, ਪੀੜ ਨੂੰ ਮਹਿਸੂਸ ਕਰਨ ਦਾ ਵਲ਼, ਚੁਫ਼ੇਰੇ ਕਮਾਲ ਦਾ ਨਜ਼ਾਰਾ ਵੇਖਣ ਦੀ ਇੰਦਰੀ, ਕੁਦਰਤੀ ਚੀਜ਼ਾਂ ਦੀਆਂ ਬੇਮਿਸਾਲ ਆਵਾਜ਼ਾਂ ਸੁਣਨ ਦੀ ਸ਼ਕਤੀ, ਸੁਆਦੀ ਚੀਜ਼ਾਂ ਨੂੰ ਮਾਣਨ ਦਾ ਅਹਿਸਾਸ, ਖੁੱਲ੍ਹ ਕੇ ਹੱਸਣ, ਗੀਤ ਗਾਉਣ, ਬੋਲਣ ਤੇ ਪਿਆਰ ਕਰ ਸਕਣ ਵਰਗੇ ਅਨੇਕ ਸੂਖ਼ਮ ਅਜੂਬੇ ਮੇਰੇ ਆਸ-ਪਾਸ ਭਰੇ ਪਏ ਹਨ। ਕਿਵੇਂ ਸਾਰਿਆਂ ਨੂੰ ਸੱਤ ਵਿਚ ਸਮੇਟਾਂ!"

ਇਸ ਬੱਚੀ ਦੀ ਹੀ ਮੰਨ ਲਈਏ ਅਤੇ ਕੁਝ ਪਲ ਤਕਲੀਫ਼ਾਂ, ਔਖਿਆਈਆਂ ਤੇ ਝਮੇਲਿਆਂ ਵਿਚੋਂ ਕੱਢ ਕੇ, ਚੌਗਿਰਦੇ ਵੱਲ ਧਿਆਨ ਮਾਰ ਕੇ, ਕੁਦਰਤੀ ਅਜੂਬੇ ਮਾਣੀਏ ਤੇ ਮਨਮੋਹਕ ਦ੍ਰਿਸ਼ਾਂ ਦੇ ਅਲੌਕਿਕ ਆਨੰਦ ਨੂੰ ਮਹਿਸੂਸ ਕਰੀਏ ਤਾਂ ਯਕੀਨਨ ਉਹ ਪਲ ਜੀਊਣ ਜੋਗਾ ਹੋਵੇਗਾ।

# ਰਾਜ ਸੱਤਾ ਸਿਆਸਤ ਵਿਚੋਂ ਤੇ ਸੱਚ ਵਿਚੋਂ ਪੈਦਾ ਹੁੰਦਾ ਹੈ ਧਰਮ

**ਗੁਰਚਰਨ ਸਿੰਘ ਪੱਖੋਕਲਾਂ**
(ਮੋਬਾਈਲ : 9417727245)

**ਵਰਤਮਾਨ ਸਮਿਆਂ ਵਿਚ ਆਮ ਲੋਕਾਂ ਨੂੰ ਰਾਜ ਸੱਤਾ ਧਰਮ ਸੱਤਾ ਦੀ ਨਕਲੀ ਹੋਂਦ ਦੇ ਘੇਰੇ ਵਿਚ ਫਸਾ ਕੇ ਗੁਮਰਾਹ ਕਰ ਰਹੀ ਹੈ। ਅਖੌਤੀ ਵਿੱਦਿਆ ਜੋ ਗਿਆਨ ਵਿਹੂਣੀ ਵਪਾਰਕ ਅਤੇ ਨਿੱਜੀ ਹਿਤਾਂ ਵਾਲੀ ਹੈ ਰਾਹੀਂ ਵਰਤਮਾਨ ਪੀੜ੍ਹੀ ਦੇ ਦਿਮਾਗ਼ ਧੋਣ ਲਈ ਵਰਤੀ ਜਾ ਰਹੀ ਹੈ। ਇਹ ਪੀੜ੍ਹੀ ਰਾਜ ਸੱਤਾ ਦੇ ਗ਼ੁਲਾਮ ਅਤੇ ਪੈਦਾਇਸ਼ ਅਖੌਤੀ ਧਾਰਮਿਕ ਸਥਾਨਾਂ, ਧਾਰਮਿਕ ਆਗੂਆਂ ਨੂੰ ਹੀ ਧਰਮ ਦੇ ਪ੍ਰਤੀਕ ਮੰਨ ਰਹੀ ਹੈ।**



ਮਨੁੱਖੀ ਸੰਸਾਰ ਹਮੇਸ਼ਾ ਦੋ ਹੁਕਮਾਂ ਦੇ ਅਧੀਨ ਹੀ ਵਿਚਰਦਾ ਹੈ ਪਹਿਲਾ ਰਾਜ ਸੱਤਾ ਦਾ ਹੁਕਮ ਦੂਸਰਾ ਧਰਮ ਸੱਤਾ ਦਾ ਹੁਕਮ। ਰਾਜ ਸੱਤਾ ਦੇ ਮਾਲਕ ਬਣਨ ਲਈ ਹੁਕਮ ਚਲਾਉਣ ਵਾਲੀ ਕੁਰਸੀ ਦੀ ਲੋੜ ਹੁੰਦੀ ਹੈ ਅਤੇ ਇਸ ਨੂੰ ਹਾਸਲ ਕਰਨ ਲਈ ਸਾਰਾ ਸੰਸਾਰ ਹੀ ਦੌੜ ਲਾ ਰਿਹਾ ਹੈ। ਦੂਸਰੇ ਪਾਸੇ ਧਰਮ ਸੱਤਾ ਵਾਸਤੇ ਸਾਰੀਆਂ ਸੰਸਾਰਕ ਦੌੜਾਂ ਰੋਕਣੀਆਂ ਪੈਂਦੀਆਂ ਹਨ। ਸੰਸਾਰਕ ਦੌੜਾਂ ਉਹੀ ਮਨੁੱਖ ਰੋਕ ਸਕਦਾ ਹੈ, ਜਿਸ ਵਿਚ ਅਟੱਲ ਕੁਦਰਤ ਦੇ ਪੰਜ ਜਮਦੂਤ ਕਾਮ (ਇੱਛਾਵਾਂ), ਕਰੋਧ, ਲੋਭ, ਮੋਹ ਅਤੇ ਹੰਕਾਰ ਨੂੰ ਵੱਸ ਵਿਚ ਕਰਨ ਦੀ ਤਾਕਤ ਹੋਵੇ। ਇਸ ਅਵਸਥਾ ਵਾਲਾ ਮਨੁੱਖ ਸੱਚ ਦੇ ਰਾਹ 'ਤੇ ਹੀ ਤੁਰਦਾ ਹੈ। ਇਹ ਰਾਹ ਈਸਾ ਮਸੀਹ ਨੂੰ ਸੂਲੀ, ਮੁਹੰਮਦ ਸਾਹਿਬ ਨੂੰ ਕਰਬਲਾਂ ਦੀ ਜੰਗ, ਗੁਰੂ ਅਰਜਨ ਦੇਵ ਨੂੰ ਤੱਤੀ ਤਵੀ, ਗੁਰੂ ਤੇਗ਼ ਬਹਾਦਰ ਨੂੰ ਚਾਂਦਨੀ ਚੌਕ ਤੱਕ ਲੈ ਜਾਂਦਾ ਹੈ। ਵਰਤਮਾਨ ਸਮਿਆਂ ਵਿਚ ਵੀ ਬਹੁਤ ਸਾਰੇ ਮਰਦ ਅਗੰਮੜੇ ਪੈਦਾ ਹੁੰਦੇ ਰਹਿੰਦੇ ਹਨ। ਕਰਤਾਰ ਸਿੰਘ ਸਰਾਭਾ ਅਤੇ ਸੰਤ ਜਰਨੈਲ ਸਿੰਘ ਭਿੰਡਰਾਂਵਾਲੇ ਵਰਗੇ ਲੋਕ ਵਰਤਮਾਨ ਸਮਿਆਂ ਦੀ ਹੀ ਦੇਣ ਹਨ, ਜਿਨ੍ਹਾਂ ਆਪਣੀਆਂ ਜਾਨਾਂ ਦੀ ਅਹੂਤੀ ਦੇ ਕੇ ਧਰਮ ਸਤਾ ਦੀ ਹੋਂਦ ਦਿਖਾਈ ਹੈ। ਸੰਸਾਰ ਦੇ ਦੂਸਰੇ ਹਿੱਸਿਆਂ ਵਿਚ ਵੀ ਅਸੰਖ ਲੋਕ ਹਨ ਜੋ ਕੁਰਬਾਨੀਆਂ ਸਹੀਦੀਆਂ ਦੇ ਕੇ ਆਪੋ ਆਪਣੇ ਮੁਲਕਾਂ ਸੂਬਿਆਂ ਵਿਚ ਸੱਚ 'ਤੇ ਪਹਿਰਾ ਦੇ ਕੇ ਆਪਣੇ ਨੇੜੇ ਦੇ ਲੋਕਾਂ ਨੂੰ ਧਰਮ ਸੱਤਾ ਦੇ ਦਰਸ਼ਨ ਕਰਵਾਉਂਦੇ ਹਨ। ਇਹੋ ਜਿਹੇ ਕੁਰਬਾਨੀ ਦੇ ਪੁੰਜ ਲੋਕ ਹੀ ਧਰਮ ਸੱਤਾ ਦੇ ਪ੍ਰਤੀਕ ਹੁੰਦੇ ਹਨ ਜਿਨ੍ਹਾਂ ਦੀ ਹੋਂਦ ਲੋਕਾਂ ਦੇ ਦਿਲਾਂ ਵਿਚ ਹੁੰਦੀ ਹੈ ਜਦੋਂ ਕਿ ਦੂਸਰੇ ਦਰਜੇ 'ਤੇ ਰਹਿਣ ਵਾਲੀ ਰਾਜ ਸੱਤਾ ਲੋਕਾਂ ਦੇ ਸਿਰਾਂ 'ਤੇ ਹੁਕਮ ਚਲਾਉਣ ਵਾਲੀ ਹੁੰਦੀ ਹੈ। ਰਾਜ ਸੱਤਾ ਦੀ ਕੁਰਸੀ ਆਪਣੀ ਹੋਂਦ ਬਣਾਈ ਰੱਖਣ ਲਈ ਧਰਮ ਸੱਤਾ ਦੇ ਰਾਹੀ ਲੋਕਾਂ ਦੇ ਸਿਰ ਵੀ ਕਤਲ ਕਰਕੇ ਆਪਣੀ ਲੰਬੀ ਉਮਰ ਲਈ ਕੁਰਸੀ ਦੇ ਪਾਵਿਆਂ ਥੱਲੇ ਚਿਣਨ ਤੋਂ ਗੁਰੇਜ਼ ਨਹੀਂ ਕਰਦੀ। ਹਰ ਸਮੇਂ ਦੀ ਰਾਜ ਸੱਤਾ ਹੁਕਮ ਮੰਨਵਾ ਕੇ ਹੀ ਚੱਲਦੀ ਰਹੀ ਹੈ ਅਤੇ ਹੁਕਮ ਨਾ ਮੰਨਣ ਵਾਲਿਆਂ ਨੂੰ ਕਤਲ ਕਰਵਾ ਦੇਣਾ ਹੀ ਇਸ ਦੀ ਹੋਂਦ ਦਾ ਜ਼ਾਮਨ ਬਣਦਾ ਹੈ।

ਵਰਤਮਾਨ ਸਮਿਆਂ ਵਿਚ ਆਮ ਲੋਕਾਂ ਨੂੰ ਰਾਜ ਸੱਤਾ ਧਰਮ ਸੱਤਾ ਦੀ ਨਕਲੀ ਹੋਂਦ ਦੇ ਘੇਰੇ ਵਿਚ ਫਸਾ ਕੇ ਗੁਮਰਾਹ ਕਰ ਰਹੀ ਹੈ। ਅਖੌਤੀ ਵਿੱਦਿਆ ਜੋ ਗਿਆਨ ਵਿਹੂਣੀ ਵਪਾਰਕ ਅਤੇ ਨਿੱਜੀ ਹਿਤਾਂ ਵਾਲੀ ਹੈ ਰਾਹੀਂ ਵਰਤਮਾਨ ਪੀੜ੍ਹੀ ਦੇ ਦਿਮਾਗ਼ ਧੋਣ ਲਈ ਵਰਤੀ ਜਾ ਰਹੀ ਹੈ। ਇਹ ਪੀੜ੍ਹੀ ਰਾਜ ਸੱਤਾ ਦੇ ਗ਼ੁਲਾਮ ਅਤੇ ਪੈਦਾਇਸ਼ ਅਖੌਤੀ ਧਾਰਮਿਕ ਸਥਾਨਾਂ, ਧਾਰਮਿਕ ਆਗੂਆਂ ਨੂੰ ਹੀ ਧਰਮ ਦੇ ਪ੍ਰਤੀਕ ਮੰਨ ਰਹੀ ਹੈ। ਧਾਰਮਿਕ ਸਥਾਨ ਉਹ ਹੁੰਦਾ ਹੈ, ਜਿੱਥੇ ਮੌਤ ਦੇ ਡਰ ਤੋਂ ਬਿਨਾਂ ਸੱਚ ਬੋਲਿਆ ਜਾਂਦਾ ਹੋਵੇ। ਧਾਰਮਿਕ ਆਗੂ ਉਹ ਹੁੰਦਾ ਹੈ ਜੋ ਸੱਚ ਬੋਲਣ ਲਈ ਸਿਆਸਤ ਦੀ ਸਰਦਲ 'ਤੇ ਆਪਣਾ ਸਿਰ ਕਟਵਾ ਸਕਦਾ ਹੋਵੇ। ਵਰਤਮਾਨ ਸਮੇਂ ਦੇ ਸਿਆਸਤਦਾਨਾਂ ਦੇ ਬਣਾਏ ਧਾਰਮਿਕ ਆਗੂ ਸਿਆਸਤ ਮੂਹਰੇ ਡੰਡੌਤ ਵਦਨਾ ਕਰਦੇ ਰਹਿੰਦੇ ਹਨ। ਦੁਨੀਆ ਦੇ ਹਰ ਧਰਮ ਹਰ ਦੇਸ਼ ਵਿਚ ਇਹੋ ਜਿਹੇ ਰਾਜਨੀਤਕਾਂ ਦੇ ਗ਼ੁਲਾਮ ਆਗੂਆਂ ਦੀ ਜੋ ਅਸਲ ਵਿਚ ਸਿਆਸਤਦਾਨ ਹੀ ਹਨ, ਕੋਈ ਥੋੜ੍ਹ ਨਹੀਂ ਹੈ। ਦੁਨੀਆ ਦੇ ਅਸਲੀ ਧਾਰਮਿਕ ਰਹਿਬਰਾਂ, ਜਿਹੜੇ ਕਦੇ ਵੀ ਮਰਦੇ ਨਹੀਂ ਹੁੰਦੇ, ਨੂੰ ਵਰਤਮਾਨ ਸਿਆਸਤ ਨੇ ਧਾਰਮਿਕ ਸਥਾਨ ਅਤੇ ਧਰਮ ਬਣਾ ਕੇ ਅਤੇ ਉਨ੍ਹਾਂ ਦੀ ਸੋਚ ਨੂੰ ਮਾਰਨ ਦੀ ਕੋਸ਼ਿਸ਼ ਕੀਤੀ ਹੈ। ਦੁਨੀਆ ਦੇ ਵੱਡੇ ਅਵਤਾਰੀ ਪੁਰਸ਼ਾਂ ਦੇ ਨਾਮ 'ਤੇ ਹੀ ਧਰਮ ਚਲਾ ਕੇ ਉਨ੍ਹਾਂ ਦੀ ਸੋਚ ਨੂੰ ਆਪਣੇ ਗ਼ੁਲਾਮਾਂ ਰਾਹੀਂ ਮਾਰਨ ਦੀ ਪੂਰੀ ਕੋਸ਼ਿਸ਼ ਕੀਤੀ ਜਾਂਦੀ ਹੈ। ਇੱਥੋਂ ਤੱਕ ਕਿ ਸ੍ਰੀ ਲੰਕਾ ਦੇ ਗਿਆਨਵਾਨ ਇਬਰਾਹੀਮ ਟੀ ਕਾਵੂਰ ਵਰਗੇ ਬੰਦੇ ਦੇ ਨਾਂ 'ਤੇ ਵੀ ਤਰਕਸ਼ੀਲ ਨਾਂ ਦਾ ਧਰਮ ਖੜ੍ਹਾ ਕਰ ਲਿਆ ਗਿਆ ਹੈ ਜਿਸ ਨੂੰ ਸਿਆਸਤਦਾਨਾਂ ਦਾ ਗ਼ੁਲਾਮ ਅਮੀਰ ਵਰਗ ਤਰਕਾਂ ਦੇ ਸਹਾਰੇ ਚਲਾ ਰਿਹਾ ਹੈ ਅਤੇ ਇਨ੍ਹਾਂ ਦੀ ਦੁਕਾਨਦਾਰੀ ਵੀ ਵਧੀਆ ਚੱਲ ਰਹੀ ਹੈ। ਅਸਲ ਵਿਚ ਸਮੁੱਚੀ ਦੁਨੀਆ ਦਾ ਧਰਮ ਇੱਕ ਹੀ ਹੁੰਦਾ ਹੈ ਇਨਸਾਨੀਅਤ ਜੋ ਕਿ ਗਿਆਨ ਵਿਚੋਂ ਪੈਦਾ ਹੁੰਦਾ ਹੈ। ਭਗਤ ਕਬੀਰ ਜੀ ਦਾ ਫ਼ਰਮਾਨ ਜਹਾਂ ਗਿਆਨ ਤਹਾਂ ਧਰਮ ਇਸ ਦੀ ਗਵਾਹੀ ਪਾਉਂਦਾ ਹੈ। ਭਗਤ ਨਾਮਦੇਵ ਜੀ ਵੀ ਦੁਨੀਆ ਦੇ ਦੂਸਰੇ ਅਵਤਾਰੀ ਯੁੱਗ ਪੁਰਸ਼ਾਂ ਵਾਂਗ ਧਾਰਮਿਕ ਜਨ ਸਮੂਹਾਂ ਨੂੰ ਅੰਨ੍ਹੇ ਕਾਣੇ ਹੋਣ ਦਾ ਖ਼ਿਤਾਬ ਬਖ਼ਸ਼ਦੇ ਹਨ ਜਦੋਂ ਕਿ ਗਿਆਨਵਾਨ ਮਨੁੱਖ ਨੂੰ ਸਿਆਣਾ ਅਤੇ ਧਰਮੀ ਹੋਣ ਦਾ ਖ਼ਿਤਾਬ ਬਖ਼ਸ਼ਦੇ ਹਨ। ਸਿਆਸਤ ਦੀ ਪੈਦਾਵਾਰ ਰਾਜ ਸੱਤਾ ਗਿਆਨਵਾਨ ਮਨੁੱਖ ਨੂੰ ਹਮੇਸ਼ਾ ਗ਼ੁਲਾਮ ਬਣਾਉਣਾ ਲੋਚਦੀ ਹੈ ਅਤੇ ਗ਼ੁਲਾਮ ਨਾ ਬਣਨ 'ਤੇ ਕਤਲ ਵੀ ਕਰਦੀ ਹੈ।

ਲੋਕਾਂ ਨੂੰ ਇਨਸਾਫ਼ ਦੇ ਨਾਂ ਬੇਇਨਸਾਫ਼ੀਆਂ ਦੇਣ ਵਾਲੀ ਰਾਜ ਸੱਤਾ ਹਮੇਸ਼ਾ ਜ਼ਾਲਮ ਰੂਪ ਹੀ ਹੁੰਦੀ ਹੈ। ਦੁਨੀਆ ਦੀ ਹਰ ਰਾਜ ਸੱਤਾ ਨੇ ਆਪਣੀ ਹੋਂਦ ਬਣਾਈ ਰੱਖਣ ਲਈ ਤਾਕਤ ਦਾ ਸਹਾਰਾ ਲਿਆ ਹੈ। ਹਮਲਾਵਰ ਸਿਆਸਤ ਦੀ ਇਹ ਤਾਕਤ ਤੀਰਾਂ, ਤਲਵਾਰਾਂ ਤੋਂ ਬੰਦੂਕ ਦੀ ਨਾਲੀ ਵਿਚੋਂ ਨਿਕਲਣ ਤੱਕ ਲੰਬਾ ਸਫ਼ਰ ਤਹਿ ਕਰ ਚੁੱਕੀ ਹੈ। ਵਰਤਮਾਨ ਸਮਿਆਂ ਵਿਚ ਹਵਾਈ ਜਹਾਜ਼ਾਂ ਤੋਂ ਮਿਜ਼ਾਈਲਾਂ ਤੱਕ ਦੇ ਸਫ਼ਰ ਤਹਿ ਕਰ ਚੁੱਕੀ ਹੋਈ ਐਟਮ ਬੰਬਾਂ ਨਾਲ ਸ਼ਿੰਗਾਰੀ ਗਈ ਹੈ। ਇਹ ਸਭ ਕੁਝ ਗਿਆਨ ਵਿਹੂਣੇ ਲੋਕਾਂ ਦੀ ਅਨੇਕ ਤਰ੍ਹਾਂ ਦੀ ਹਵਸ ਵਿਚੋਂ ਪੈਦਾ ਹੋ ਰਹੀ ਹੈ। ਇਹ ਲੋਕ ਆਪਣੀ ਲੁੱਟ ਦੀ ਕਮਾਈ ਨਾਲ ਲੁੱਟ ਬਰਕਰਾਰ ਰੱਖਣ ਲਈ ਅਤੇ ਹੋਰ ਲੁੱਟ ਕਰਨ ਲਈ ਅਣਗਿਣਤ ਅਮਰੀਕੀ ਉਬਾਮੇ, ਅਫਗਾਨੀ ਉਸਾਮੇ, ਭਾਰਤੀ ਮਨਮੋਹਨ, ਮੋਦੀ ਅਤੇ ਧਾਰਮਿਕ ਅਖੌਤੀ ਆਗੂ ਪੈਦਾ ਕਰਦੇ ਹਨ। ਇਨ੍ਹਾਂ ਤੋਂ ਬਾਅਦ ਵੀ ਦੂਸਰੀ ਲਾਈਨ ਦੇ ਭਵਿੱਖ ਲਈ ਨਵੇਂ ਜਮੂਰੇ ਵੀ ਸ਼ਿੰਗਾਰ ਕੇ ਰੱਖਦੇ ਹਨ ਜਿਨ੍ਹਾਂ ਵਿਚ ਅਮਰੀਕੀ ਹਿਲੇਰੀਆਂ, ਭਾਰਤੀ ਕੇਜਰੀਵਾਲਾਂ, ਪੰਜਾਬੀ ਭੰਡਾਂ ਦੀ ਕੋਈ ਥੋੜ੍ਹ ਨਹੀਂ ਹੁੰਦੀ। ਸਿਆਸਤ ਦੀ ਰਾਜ ਸੱਤਾ ਕਦੇ ਵੀ ਆਪਣੇ ਭੇਤ ਜ਼ਾਹਰ ਨਹੀਂ ਕਰਦੀ ਕਿਉਂਕਿ ਲੋੜ ਅਨੁਸਾਰ ਧਾਰਮਿਕ ਚੋਗ਼ੇ ਵੀ ਪਹਿਨਦੀ ਹੈ ਅਤੇ ਜ਼ਾਲਮ ਰੂਪ ਹੋ ਕੇ ਧਾਰਮਿਕ ਸਥਾਨ ਅਤੇ ਧਾਰਮਿਕ ਲੋਕਾਂ ਨੂੰ ਵੀ ਢਾਹ ਦਿੰਦੀ ਹੈ। ਆਮ ਲੋਕ ਜਦ ਤੱਕ ਇਸ ਨੂੰ ਸਮਝਦੇ ਹਨ ਤਦ ਤੱਕ ਇਹ ਗਿਰਗਿਟ ਰੂਪੀ ਸਿਆਸਤ ਆਪਣੇ ਨਵੇਂ ਰੰਗਾਂ ਵਿਚ ਪਹੁੰਚ ਜਾਂਦੀ ਹੈ। ਅਸਲ ਵਿਚ ਆਮ ਲੋਕ ਸੱਚ ਧਰਮ ਦੇ ਰਾਹੀ ਹੁੰਦੇ ਹਨ ਅਤੇ ਚੁੱਪ ਚੁਪੀਤੇ ਹੀ ਰਾਜ ਸੱਤਾ ਦੀ ਸਰਦਲ 'ਤੇ ਆਪਣੇ ਖ਼ੂਨ ਪਸੀਨੇ ਦੀ ਮਿਹਨਤ ਵਿਚੋਂ ਉਪਜੀ ਕਿਰਤ ਦਾ ਮੁੱਲ ਕੁਰਬਾਨ ਕਰਦੇ ਰਹਿੰਦੇ ਹਨ। ਇਸ ਕਿਰਤ ਦੇ ਪੈਸੇ ਨੂੰ ਸਿਆਸਤਦਾਨਾਂ ਅਤੇ ਉਨ੍ਹਾਂ ਦੇ ਟੁੱਕੜਬੋਚ ਖਾਂਦੇ ਰਹਿੰਦੇ ਹਨ। ਆਮ ਲੋਕ ਆਪਣੇ ਦੁੱਖ ਦਰਦਾਂ ਦੀ ਦਵਾਈ ਨਹੀਂ ਸਿਰਫ਼ ਦੁਆ ਹੀ ਮੰਗਦੇ ਰਹਿੰਦੇ ਹਨ। ਇਹ ਦੁਆ ਸੱਚ ਧਰਮ ਦੇ ਰਾਹੀਆਂ ਦੀ ਜ਼ਿੰਦਗੀ ਨੂੰ ਦੇਖ ਕੇ ਹੀ ਸਬਰ ਸੰਤੋਖ ਵਾਲੇ ਬਣਨਾ ਹੀ ਉਨ੍ਹਾਂ ਦੀ ਕਿਸਮਤ ਹੁੰਦਾ ਹੈ। ਦੁੱਖਾਂ ਅਤੇ ਜ਼ੁਲਮਾਂ ਦੀ ਇੰਤਹਾ ਹੋਣ ਤੇ ਇਨ੍ਹਾਂ ਆਮ ਲੋਕਾਂ ਦੇ ਹੱਥ ਦੁਆ ਲਈ ਕਦੇ ਗੁਰੂ ਨਾਨਕ ਵੱਲ, ਕਦੇ ਮੱਕੇ ਮਦੀਨਿਆਂ ਦੀ ਦਰਗਾਹਾਂ ਵਿਚ ਮੁਹੰਮਦ ਸਾਹਿਬ ਵੱਲ, ਕਦੇ ਸੂਲੀ ਚੜ੍ਹੇ ਈਸਾ ਮਸੀਹ ਵੱਲ ਜਾਂ ਕਿਸੇ ਮੰਦਰ ਵੱਲ ਹੀ ਉੱਠ ਜਾਂਦੇ ਹਨ। ਲੁੱਟ ਦੇ ਉੱਪਰ ਕਾਬਜ਼ ਇੱਕ ਵਰਗ ਨੂੰ ਛੱਡ ਕੇ ਦੁਨੀਆ ਦੀ ਆਬਾਦੀ ਦਾ ਵੱਡਾ ਹਿੱਸਾ ਰਾਜ ਸੱਤਾ ਦੀਆਂ ਕੁਰਸੀਆਂ ਅੱਗੇ ਨਹੀਂ, ਖ਼ੁਦਾਈ ਤਾਕਤਾਂ ਜਾਂ ਮਰ ਚੁੱਕੇ ਧਾਰਮਿਕ ਰਹਿਬਰਾਂ ਅੱਗੇ ਹੀ ਦੁਆ ਲਈ ਝੋਲੀ ਅੱਡਦਾ ਹੈ। ਰਾਜ ਸੱਤਾ ਦੀ ਜ਼ਾਲਮ ਕੁਰਸੀ ਨਾਲੋਂ ਧਰਮ ਸੱਤਾ ਦੀ ਸੱਚ ਵਿਚੋਂ ਪੈਦਾ ਹੋਈ ਕੁਰਸੀ ਆਮ ਲੋਕਾਂ ਲਈ ਅੱਜ ਵੀ ਵੱਡੀ ਅਤੇ ਪੂਜਣਯੋਗ ਹੈ। ਜਦ ਤੱਕ ਮਨੁੱਖੀ ਸੰਸਾਰ ਵਿਚ ਜਬਰ ਜ਼ੁਲਮ, ਲੁੱਟ ਖਸੁੱਟ ਦਾ ਪਹਿਰਾ ਰਹੇਗਾ, ਤਦ ਤੱਕ ਦੁਨੀਆ ਵਿਚ ਦੋ ਸੱਤਾਵਾਂ ਰਾਜ ਸੱਤਾ ਤੇ ਧਰਮ ਸੱਤਾ ਜਿਉਂਦੀਆਂ ਰਹਿਣਗੀਆਂ। ਇਹ ਵਕਤ ਦੱਸੇਗਾ ਕਿ ਰਾਜ ਸੱਤਾ ਦੀ ਤਾਕਤ ਦੁਨੀਆ ਨੂੰ ਕਦ ਤਬਾਹ ਕਰੇਗੀ ਜਿਸ ਤੋਂ ਬਾਅਦ ਫਿਰ ਧਰਮ ਸੱਤਾ ਦੀ ਕੁਰਸੀ ਇਕੱਲੀ ਰਹਿ ਜਾਵੇਗੀ। ਹੋ ਸਕਦਾ ਹੈ ਇਹ ਉਸ ਵਕਤ ਆਧੁਨਿਕ ਤਰੱਕੀ ਯਾਫ਼ਤਾ ਭੁੱਖਾ, ਲੁਟੇਰਾ, ਜ਼ਾਲਮ ਵਰਤਮਾਨ ਮਨੁੱਖ ਨਹੀਂ ਹੋਵੇਗਾ।

## 'ਆਪ' ਵਿਧਾਇਕ ਸੋਮਨਾਥ ਭਾਰਤੀ ਗ੍ਰਿਫ਼ਤਾਰ



**ਨਵੀਂ ਦਿੱਲੀ/ਬਿਊਰੋ ਨਿਊਜ਼ :** ਆਮ ਆਦਮੀ ਪਾਰਟੀ (ਆਪ) ਦੇ ਵਿਧਾਇਕ ਸੋਮਨਾਥ ਭਾਰਤੀ ਨੂੰ ਏਮਜ਼ ਦੇ ਸੁਰੱਖਿਆ ਕਰਮਚਾਰੀਆਂ ਨਾਲ ਕੁੱਟਮਾਰ ਕਰਨ ਦੇ ਦੋਸ਼ ਹੇਠ ਦਿੱਲੀ ਪੁਲੀਸ ਨੇ ਗ੍ਰਿਫ਼ਤਾਰ ਕਰ ਲਿਆ ਹੈ। ਪੁਲੀਸ ਨੇ ਏਮਜ਼ ਦੇ ਮੁੱਖ ਸੁਰੱਖਿਆ ਅਧਿਕਾਰੀ ਆਰ.ਐਸ. ਰਾਵਤ ਦੀ ਸ਼ਿਕਾਇਤ 'ਤੇ ਐਫ.ਆਈ.ਆਰ ਦਰਜ ਕੀਤੀ ਸੀ। ਇਸ ਵਿਚ ਭਾਰਤੀ ਅਤੇ ਉਨ੍ਹਾਂ ਦੇ ਸਮਰਥਕਾਂ ਖ਼ਿਲਾਫ਼ ਏਮਜ਼ ਦੀ ਸੰਪਤੀ ਨੂੰ ਨੁਕਸਾਨ ਪਹੁੰਚਾਉਣ ਅਤੇ ਸੁਰੱਖਿਆ ਗਾਰਡਾਂ ਨਾਲ ਦੁਰਵਿਹਾਰ ਕਰਨ ਦਾ ਦੋਸ਼ ਲਾਇਆ ਗਿਆ ਸੀ। ਹਾਲਾਂਕਿ ਭਾਰਤੀ ਨੇ ਇਨ੍ਹਾਂ ਦੋਸ਼ਾਂ ਤੋਂ ਇਨਕਾਰ ਕੀਤਾ ਹੈ। ਦਿੱਲੀ ਦੇ ਹੌਜ ਖਾਸ ਪੁਲੀਸ ਥਾਣੇ ਵਿਚ ਆਪਣੀ ਲਿਖਤੀ ਸ਼ਿਕਾਇਤ ਵਿਚ ਰਾਵਤ ਨੇ ਕਿਹਾ ਸੀ ਕਿ ਭਾਰਤੀ ਨੇ 9 ਸਤੰਬਰ ਨੂੰ ਸਵੇਰੇ ਕਰੀਬ 10 ਵਜੇ ਸਰਕਾਰੀ ਏਮਜ਼ ਦੀ ਚਾਰਦੀਵਾਰੀ ਨੂੰ ਨੁਕਸਾਨ ਪਹੁੰਚਾਉਣ ਲਈ ਭੀੜ ਨੂੰ ਉਕਸਾਇਆ। ਪੁਲੀਸ ਦੇ ਇਕ ਅਧਿਕਾਰੀ ਨੇ ਰਾਵਤ ਦੀ ਸ਼ਿਕਾਇਤ ਦੇ ਹਵਾਲੇ ਨਾਲ ਕਿਹਾ, 'ਭਾਰਤੀ ਨੇ ਭੀੜ ਨੂੰ ਜੇ.ਸੀ.ਬੀ. ਮਸ਼ੀਨ ਨਾਲ ਗੌਤਮ ਨਗਰ ਨਾਲਾ ਮਾਰਗ ਵੱਲ ਏਮਜ਼ ਵਿਚ ਦਾਖ਼ਲ ਹੋਣ ਲਈ ਕਿਹਾ ਤੇ ਸੁਰੱਖਿਆ ਮੁਲਾਜ਼ਮਾਂ ਨਾਲ ਦੁਰਵਿਹਾਰ ਕੀਤਾ। ਸ਼ਿਕਾਇਤ ਵਿਚ ਇਹ ਵੀ ਕਿਹਾ ਗਿਆ ਹੈ ਕਿ ਭੀੜ ਵਲੋਂ ਧੱਕਾਮੁੱਕੀ ਕਾਰਨ ਸੁਰੱਖਿਆ ਮੁਲਾਜ਼ ਜ਼ਖ਼ਮੀ ਹੋ ਗਏ।

## ਮੈਂ ਕੇਜਰੀਵਾਲ ਦਾ ਨੌਕਰ ਨਹੀਂ ਹਾਂ : ਡਾ. ਗਾਂਧੀ

**ਜਲੰਧਰ/ਬਿਊਰੋ ਨਿਊਜ਼ :** ਆਮ ਆਦਮੀ ਪਾਰਟੀ ਵੱਲੋਂ ਡਾ. ਧਰਮਵੀਰ ਗਾਂਧੀ ਤੋਂ ਮੰਗੇ ਜਾ ਰਹੇ ਅਸਤੀਫ਼ੇ ਦੇ ਜਵਾਬ ਵਿੱਚ ਡਾ. ਗਾਂਧੀ ਨੇ 'ਆਪ' ਦੇ ਕੌਮੀ ਕਨਵੀਨਰ ਅਰਵਿੰਦ ਕੇਜਰੀਵਾਲ 'ਤੇ ਤਿੱਖਾ ਨਿਸ਼ਾਨਾ ਲਾਉਂਦਿਆਂ ਕਿਹਾ ਕਿ ਉਹ ਕੇਜਰੀਵਾਲ ਦੇ ਘਰੇਲੂ ਨੌਕਰ ਨਹੀਂ ਹਨ, ਜੋ ਆਪਣੇ ਅਹੁਦੇ ਤੋਂ ਅਸਤੀਫ਼ਾ ਦੇ ਦੇਣ। ਉਨ੍ਹਾਂ ਕਿਹਾ ਕਿ ਅਸਤੀਫ਼ਾ ਤਾਂ ਕੇਜਰੀਵਾਲ ਨੂੰ ਦੇਣਾ ਚਾਹੀਦਾ ਹੈ, ਜੋ ਦੇਸ਼ ਵਿਚ ਬਦਲਵੀਂ ਇਮਾਨਦਾਰ ਤੇ ਸਾਫ-ਸੁਥਰੀ ਰਾਜਨੀਤੀ ਲਿਆਉਣ ਦੇ ਦਾਅਵੇ ਕਰਦੇ ਨਹੀਂ ਸੀ ਥੱਕਦੇ ਪਰ ਆਪਣੇ ਹੀ ਬਿਆਨਾਂ ਤੋਂ ਥਿੜ੍ਹਕ ਗਏ ਹਨ। ਉਨ੍ਹਾਂ ਦੋਸ਼ ਲਾਇਆ ਕਿ ਕੇਜਰੀਵਾਲ ਨੇ ਪੰਜਾਬ ਦੀ ਲੀਡਰਸ਼ਿਪ ਨੂੰ ਉਭਰਨ ਦਾ ਮੌਕਾ ਨਹੀਂ ਦਿੱਤਾ।



ਡਾ. ਗਾਂਧੀ ਇੱਥੇ ਦੇਸ਼ ਭਗਤ ਯਾਦਗਾਰ ਹਾਲ ਵਿੱਚ ਸ਼ਹੀਦ-ਏ-ਆਜ਼ਮ ਭਗਤ ਸਿੰਘ ਦੇ ਮਨਾਏ ਗਏ ਜਨਮ ਦਿਨ ਦੇ ਸਮਾਗਮ ਵਿਚ ਸ਼ਾਮਲ ਹੋਣ ਲਈ ਆਏ ਹੋਏ ਸਨ। ਇਹ ਸਮਾਗਮ ਆਮ ਆਦਮੀ ਪਾਰਟੀ ਵਾਲੰਟੀਅਰ ਫਰੰਟ ਵੱਲੋਂ ਕਰਵਾਇਆ ਗਿਆ ਸੀ। ਡਾ. ਗਾਂਧੀ ਨੇ ਫਰੰਟ ਵੱਲੋਂ ਸ਼ਹੀਦ ਭਗਤ ਸਿੰਘ ਦੀ ਜ਼ਿੰਦਗੀ ਬਾਰੇ ਪਾਕਿਸਤਾਨੀ ਨਾਗਰਿਕ ਹਫੀਜ਼ ਚਾਂਚੜ, ਜੈਕਬ ਡਾਰ ਵੱਲੋਂ ਬਣਾਈ ਗਈ ਇੱਕ ਡਾਕੂਮੈਂਟਰੀ ਫਿਲਮ ਦਾ ਉਦਘਾਟਨ ਕੀਤਾ, ਜਿਸ ਵਿਚ ਸ਼ਹੀਦ ਭਗਤ ਸਿੰਘ ਦੀ ਜ਼ਿੰਦਗੀ ਬਾਰੇ ਜ਼ਿਕਰ ਕੀਤਾ ਗਿਆ ਹੈ। ਦੱਸਣਯੋਗ ਹੈ ਕਿ ਪ੍ਰਬੰਧਕਾਂ ਨੇ ਸਮਾਗਮ ਵਿੱਚ ਚਰਚਿਤ ਆਗੂ ਕਨ੍ਹਈਆ ਕੁਮਾਰ ਦੇ ਆਉਣ ਦੀ ਗੱਲ ਕਹੀ ਸੀ ਪਰ ਉਨ੍ਹਾਂ ਦੇ ਆਉਣ ਬਾਰੇ ਕਿਸੇ ਨੂੰ ਜਾਣਕਾਰੀ ਨਹੀਂ ਸੀ। ਭਾਜਪਾਈਆਂ ਨੇ ਕਨ੍ਹਈਆ ਦੀ ਆਮਦ ਨੂੰ ਲੈ ਕੇ ਪ੍ਰਦਰਸ਼ਨ ਕੀਤਾ।

## ਹਰਿਆਣਾ ਗੁਰਦੁਆਰਾ ਕਮੇਟੀ ਦੇ ਦੋ ਹੋਰ ਮੈਂਬਰਾਂ ਨੇ ਅਸਤੀਫ਼ਾ ਦਿੱਤਾ

**ਚੰਡੀਗੜ੍ਹ/ਬਿਊਰੋ ਨਿਊਜ਼ :** ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਅੰਮ੍ਰਿਤਸਰ ਦੇ 2 ਹੋਰ ਮੈਂਬਰ ਸਿਰਸਾ ਤੋਂ ਸੰਤ ਗੁਰਮੀਤ ਸਿੰਘ ਤ੍ਰਿਲੋਕੀ ਵਾਲਾ ਤੇ ਅਸੰਧ ਤੋਂ ਸ. ਭੁਪਿੰਦਰ ਸਿੰਘ ਨੇ ਵੀ ਆਪਣੇ ਆਪ ਨੂੰ ਹਰਿਆਣਾ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ (ਐਡਹਾਕ) ਤੋਂ ਵੱਖ ਕਰ ਲਿਆ ਹੈ। ਇਸ ਸਬੰਧੀ ਦੋਵਾਂ ਨੇ ਕਿਹਾ ਹੈ ਕਿ ਉਹ ਸ਼੍ਰੋਮਣੀ ਕਮੇਟੀ ਅੰਮ੍ਰਿਤਸਰ ਦੇ ਵਫ਼ਾਦਾਰ ਸਿਪਾਹੀ ਹਨ। ਸ. ਭੁਪਿੰਦਰ ਸਿੰਘ ਤੇ ਸੰਤ ਤ੍ਰਿਲੋਕੀ ਵਾਲਾ ਨੂੰ ਲਗਭਗ 2 ਸਾਲ ਪਹਿਲਾਂ ਉਦੋਂ ਦੀ ਭੁਪਿੰਦਰ ਸਿੰਘ ਹੁੱਡਾ ਦੀ ਅਗਵਾਈ ਵਾਲੀ ਕਾਂਗਰਸ ਸਰਕਾਰ ਨੇ ਹਰਿਆਣਾ ਸਿੱਖ ਗੁਰਦੁਆਰਾ ਕਮੇਟੀ ਦਾ ਮੈਂਬਰ ਨਾਮਜ਼ਦ ਕੀਤਾ ਸੀ। ਇਸ ਦੌਰਾਨ ਹਰਿਆਣਾ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ (ਐਡਹਾਕ) ਦੇ ਜਨਰਲ ਸਕੱਤਰ ਜੋਗਾ ਸਿੰਘ ਨੇ ਦੱਸਿਆ ਕਿ ਉਕਤ ਕਮੇਟੀ ਦੀ ਕਾਨੂੰਨੀ ਹੋਂਦ ਨੂੰ ਸੁਪਰੀਮ ਕੋਰਟ ਵਿਚ ਚੈਲੰਜ ਕਰਨ ਵਾਲੀ ਪਟੀਸ਼ਨ ਦੀ ਸੁਣਵਾਈ 4 ਅਕਤੂਬਰ 'ਤੇ ਪੈ ਗਈ ਹੈ। ਪਹਿਲਾਂ ਇਹ ਸੁਣਵਾਈ 27 ਸਤੰਬਰ ਨੂੰ ਹੋਣੀ ਸੀ।

# ਪ੍ਰੋਗਰੈਸਿਵ ਕਲਚਰਲ ਐਸੋਸੀਏਸ਼ਨ ਕੈਲਗਰੀ ਦੇ ਦੋ ਰੋਜ਼ਾ ਪੁਸਤਕ ਮੇਲੇ ਨੂੰ ਭਰਵਾਂ ਹੁੰਗਾਰਾ




**ਕੈਲਗਰੀ/ਹਰਬੰਸ ਬੁੱਟਰ:** ਪ੍ਰੋਗਰੈਸਿਵ ਕਲਚਰਲ ਐਸੋਸੀਏਸ਼ਨ,ਕੈਲਗਰੀ ਦੀ ਕਮਾਨ ਹੇਠ ਦੋ ਰੋਜ਼ਾ ਪੰਜਾਬੀ ਪੁਸਤਕ ਮੇਲਾ ਕੈਲਗਰੀ ਦੇ ਗਰੀਨ ਪਲਾਜ਼ਾ ਵਿੱਚ ਲਗਾਇਆ ਗਿਆ। 24 ਅਤੇ 25 ਸਤੰਬਰ ਨੂੰ ਲਗਾਏ ਇਸ ਮੇਲੇ ਦੇ ਦੋਵੇਂ ਦਿਨ ਸਾਹਿੱਤ ਦਾ ਲੰਗਰ ਖੁੱਲ੍ਹ ਕੇ ਵਰਤਿਆ। ਕਾਮਗਾਟਾਮਾਰੂ ਜਹਾਜ਼ ਦੀ ਘਟਨਾ ਬਾਰੇ ਅੰਗਰੇਜ਼ੀ ਵਿੱਚ ਨਾਟਕ ਲਿਖਣ ਵਾਲ਼ੀ ਸ਼ੈਰਨ ਪਲਕ ਨੇ ਇਸ ਮੇਲੇ ਦਾ ਉਦਘਾਟਨ ਕਰਦਿਆਂ ਕਿਹਾ ਕਿ ਕਿਤਾਬਾਂ ਦੇ ਜ਼ਰੀਏ ਚੰਗੀ ਸੋਚ ਪੈਦਾ ਕਰਨਾ ਬਹੁਤ ਵੱਡਾ ਉਦਮ ਹੈ। ਆਪਣੇ ਨਾਟਕ ਬਾਰੇ ਉਹਨਾਂ ਕਿਹਾ ਕਿ ਕੈਨੇਡੀਅਨ ਸਾਹਿੱਤ ਵਿੱਚ ਇਸ ਘਟਨਾ ਨੂੰ ਬਹੁਤਾ ਵੱਡਾ ਕਰਕੇ ਨਹੀਂ ਦੇਖਿਆ ਜਾਂਦਾ ਸਗੋਂ ਇਸ ਘਟਨਾ ਨੂੰ ਇੱਕ ਹਾਸੋਹੀਣੀ ਜਿਹੀ ਕਿਹਾ ਗਿਆ ਹੈ। ਇਸ ਘਟਨਾ ਬਾਰੇ ਕੈਨੇਡਾ ਦੀ ਸਰਕਾਰ ਵਲੋਂ ਮੰਗੀ ਮਾਫੀ ਨੂੰ ਨਾਕਾਫੀ ਦੱਸਦਿਆਂ ਉਹਨਾਂ ਕਾਮਗਾਟਾਮਾਰੂ ਦੀ ਘਟਨਾ ਨੂੰ ਆਉਣ ਵਾਲ਼ੀਆਂ ਪੀੜ੍ਹੀਆਂ ਲਈ ਯਾਦ ਰੱਖਣ ਲਈ ਵਿਦਿਆਰਥੀਆਂ ਲਈ ਵਜ਼ੀਫਾ ਸ਼ੁਰੂ ਕਰਨ ਦੀ ਮੰਗ ਕੀਤੀ। ਉਹਨਾਂ ਦੇ ਭਾਸ਼ਣ ਨੂੰ ਕਮਲਪ੍ਰੀਤ ਪੰਧੇਰ ਨੇ ਪੰਜਾਬੀ ਵਿੱਚ ਅਨੁਵਾਦ ਕੀਤਾ। ਇਸ ਮੇਲੇ ਦੇ ਸੰਚਾਲਕ ਮਾਸਟਰ ਭਜਨ ਨੇ ਕਿਹਾ ਕਿ ਕੈਨੇਡਾ ਵਰਗੇ ਅਗਾਂਹਵਧੂ ਮੁਲਕ ਵਿੱਚ ਵੀ ਲੋਕਾਂ ਨੂੰ ਚੇਤਨਤਾ ਦੀ ਲੋੜ ਹੈ ਤੇ ਕਿਤਾਬਾਂ ਤੋਂ ਵਧੀਆ ਇਹ ਕੋਈ ਹੋਰ ਨਹੀਂ ਕਰ ਸਕਦਾ। ਉਹਨਾਂ ਕੈਲਗਰੀ ਵਾਸੀਆਂ ਦਾ ਵੱਡੇ ਹੁੰਗਾਰੇ ਲਈ ਧੰਨਵਾਦ ਕੀਤਾ। ਪੁਸਤਕ ਮੇਲੇ ਵਿੱਚ ਜ਼ਿਆਦਾਤਰ ਕਿਤਾਬਾਂ ਤਰਕਸ਼ੀਲ ਸਨ ਪਰ ਹਰ ਵਰਗ ਦੀਆਂ ਕਿਤਾਬਾਂ ਨੂੰ ਜਗ੍ਹਾ ਦਿੱਤੀ ਗਈ ਸੀ। ਦੱਸਣਯੋਗ ਹੈ ਕਿ ਮਾਸਟਰ ਭਜਨ ਪਿਛਲੇ ਕਈ ਸਾਲਾਂ ਤੋਂ ਅਜਿਹੇ ਪੁਸਤਕ ਮੇਲੇ ਕੈਲਗਰੀ ਵਿੱਚ ਲਗਾ ਰਹੇ ਹਨ। ਉਹ ਪੱਲਿਓਂ ਖਰਚਾ ਕਰਕੇ ਪੰਜਾਬ ਤੋਂ ਕਿਤਾਬਾਂ ਮੰਗਾਉਂਦੇ ਹਨ ਤੇ ਫਿਰ ਬਿਨਾਂ ਕਿਸੇ ਮੁਨਾਫੇ ਦੇ ਕਿਤਾਬਾਂ ਪਾਠਕਾਂ ਪੁੱਜਦੀਆਂ ਕਰਦੇ ਹਨ।

## ਬਾਬਾ ਫ਼ਰੀਦ ਜੀ ਦਾ ਆਗਮਨ ਪੁਰਬ ਉਤਸ਼ਾਹ ਤੇ ਸ਼ਰਧਾ ਨਾਲ ਮਨਾਇਆ

ਰੀਨੋ ਨਿਵਾਡਾ ਤੋਂ ਆਏ ਤੇ ਉਸੇ ਦਿਨ ਵਾਪਸ ਸੈਕਰਾਮੈਂਟੋ ਚਲੇ ਗਏ। ਹਰ ਵਾਰ ਦੀ ਤਰ੍ਹਾਂ ਸੰਗਤਾਂ ਦਾ ਉਤਸ਼ਾਹ ਤੇ ਹਾਜ਼ਰੀ ਭਰਪੂਰ ਰਹੀ।

ਇਨ੍ਹਾਂ ਸਮਾਗਮਾਂ ਦੀ ਵਿਲੱਖਣਤਾ ਦਾ ਅੰਦਾਜ਼ਾ ਇਸੇ ਗੱਲ ਤੋਂ ਹੀ ਲਾਇਆ ਜਾ ਸਕਦਾ ਹੈ ਕਿ ਭਾਰਤ ਤੋਂ ਆਪਣੇ ਬੱਚੇ-ਬੱਚੀਆਂ ਨੂੰ ਮਿਲਣ ਆਏ ਇਲਾਕਾ ਨਿਵਾਸੀ ਦੂਰੋਂ ਨੇੜਿਉਂ ਸ਼ਿਰਕਤ ਕਰਨ ਪਹੁੰਚੇ। ਫਰੀਦਕੋਟ ਤੇ ਆਸ ਪਾਸ ਦੇ ਇਲਾਕੇ ਦੀਆਂ ਸੰਗਤਾਂ ਫਰੀਮੌਂਟ ਗੁਰੂ ਘਰ ਵਿਖੇ ਪਿਛਲੇ ਕਈ ਸਾਲਾਂ ਤੋਂ ਬਾਬਾ ਫ਼ਰੀਦ ਜਨਮ ਦਿਹਾੜਾ ਮਨਾਉਂਦੀਆਂ ਆ ਰਹੀਆਂ ਹਨ। ਬਾਬਾ ਫ਼ਰੀਦ ਆਗਮਨ ਪੁਰਬ ਸੁਸਾਇਟੀ ਵੱਲੋਂ ਸਮੂਹ ਸੰਗਤ ਦੇ ਮਿਲਦੇ ਸਹਿਯੋਗ ਤੇ ਇਸ ਦੀ ਕਾਮਯਾਬੀ ਲਈ ਧੰਨਵਾਦ ਕੀਤਾ ਗਿਆ। ਸਾਰੇ ਹੀ ਵਾਲੰਟੀਅਰ ਤੇ ਪ੍ਰਬੰਧਕ ਵਧਾਈ ਦੇ ਪਾਤਰ ਹਨ। ਅਗਲੇ ਸਾਲ ਇਨ੍ਹਾਂ ਹੀ ਤਰੀਕਾਂ ਵਿੱਚ ਫਿਰ ਮਿਲਣ ਦੇ ਵਾਅਦੇ ਨਾਲ ਕੁਲ ਮਿਲਾ ਕੇ ਇਹ ਸਮਾਗਮ ਵਧੀਆ ਛਾਪ ਛੱਡ ਗਿਆ। ਸੁਸਾਇਟੀ ਦੇ ਮੈਂਬਰ ਤੇ ਵਾਲੰਟੀਅਰ ਨਾਲ ਸੰਪਰਕ ਤੇ ਸੁਝਾਵਾਂ ਲਈ ਵੈੱਬਸਾਈਟ ਬਾਬਾਫ਼ਰੀਦ.ਨੈਟ (babafarid.net) 'ਤੇ ਜਾਇਆ ਜਾ ਸਕਦਾ ਹੈ। ਇਸ ਸਾਲ ਅਤੇ ਆਉਣ ਵਾਲੇ ਸਮਾਗਮਾਂ ਤੇ ਗਤੀਵਿਧੀਆਂ ਦੀ ਸਾਰੀ ਜਾਣਕਾਰੀ ਇਸ ਵੈੱਬਸਾਈਟ ਤੋਂ ਲਈ ਜਾ ਸਕਦੀ ਹੈ।

## ਪੰਜਾਬ ਨੂੰ ਰਾਜਨੀਤਕ ਖ਼ੁਦਕੁਸ਼ੀ ਤੋਂ ਬਚਾਉਣ ਦੀ ਲੋੜ

ਦੀ ਬੇਉਮੀਦੀ ਅਤੇ ਨਿਰਾਸ਼ਤਾ ਹੈ। ਇਸ ਕਰਕੇ ਅੱਜ ਪੰਜਾਬ ਅੰਦਰ ਲੋਕ-ਪੱਖੀ ਰਾਜਨੀਤੀ ਦਾ ਮੈਦਾਨ ਖਾਲੀ ਪਿਆ ਹੈ। ਖਾਲੀ ਮੈਦਾਨ ਵੇਖ ਕੇ ਕੇਂਦਰੀ ਹਾਕਮ ਜਮਾਤ ਵਜੋਂ ਸਥਾਪਤ ਇੱਕ ਨਵੀਂ ਰਾਜਸੀ ਧਿਰ ਪੰਜਾਬ ਉੱਪਰ ਕਬਜ਼ਾ ਕਰਨ ਦੇ ਸਿਰਤੋੜ ਯਤਨ ਕਰ ਰਹੀ ਹੈ। ਇਸ ਸ਼ਕਤੀ ਨੇ ਪੰਜਾਬ ਵਿੱਚ ਆਪਣੇ ਪੈਰ ਜਮਾਉਣ ਲਈ ਪਹਿਲਾਂ ਪੰਜਾਬ ਦੇ ਕਈ ਨਾਮੀ ਦਾਨਿਸ਼ਵਾਰਾਂ, ਬੁੱਧੀਜੀਵੀਆਂ, ਪੇਸ਼ਾਵਰਾਂ ਅਤੇ ਕਲਾਕਾਰਾਂ ਨੂੰ ਵਰਤਿਆ ਅਤੇ ਫਿਰ ਬੇਕਿਰਕੀ ਨਾਲ ਵਗਾਹ ਕੇ ਬਾਹਰ ਸੁੱਟ ਦਿੱਤਾ। ਉਨ੍ਹਾਂ ਦੀ ਥਾਂ ਰਾਜਸੀ ਸੱਤਾ ਦੇ ਭੁੱਖੇ ਲੋਕਾਂ ਦੀ ਸੈਨਾ ਤਿਆਰ ਕਰ ਲਈ। ਵਿਦੇਸ਼ਾਂ ਵਿਚ ਵਸਦੇ ਪੰਜਾਬੀਆਂ ਦੀ ਲਹੂ-ਪਸੀਨੇ ਦੀ ਕਮਾਈ ਨਾਲ ਲੈਸ ਹੋ ਕੇ ਇਹ ਸ਼ਕਤੀ ਅੱਜ ਪੰਜਾਬ ਦੇ ਸਿਆਸੀ ਆਕਾਸ਼ 'ਤੇ ਟਿੱਡੀ ਦਲ ਵਾਂਗ ਘੁੰਮਾ ਰਹੀ ਹੈ। ਇਸ ਰਾਜਨੀਤਿਕ ਟਿੱਡੀ ਦਲ ਕੋਲ ਬਚੇ ਖੁਚੇ ਪੰਜਾਬੀ ਸਵੈਮਾਣ, ਆਰਥਿਕਤਾ ਅਤੇ ਸਭਿਆਚਾਰ ਨੂੰ ਚਟਮ ਕਰਨ ਦੀ ਸਮਰੱਥਾ ਹੈ। ਮੌਜੂਦਾ ਰਾਜਸੀ ਵਿਵਸਥਾ ਦੇ ਸਤਾਏ ਪੰਜਾਬੀ ਲੋਕ ਅਤੇ ਗੁੱਸੇ ਨਾਲ ਭਰੀ ਜਵਾਨੀ ਇਹ ਜ਼ਹਿਰ ਚੱਖਣ ਨੂੰ ਤਿਆਰ ਬੈਠੀ ਜਾਪਦੀ ਹੈ। ਰਾਜਸੀ ਸੂਝ, ਸੰਵੇਦਨਾ ਅਤੇ ਸੁਹਿਰਦਤਾ ਪੱਖੋਂ ਭੁੱਖੇ ਮਰਦੇ ਪੰਜਾਬ ਦਾ ਵੀ ਅੱਜ ਇਹੀ ਹਾਲ ਹੈ। ਪੰਜਾਬ ਦੇ ਲੋਕਾਂ ਕੋਲ (1) ਅਕਾਲੀ+ਭਾਜਪਾ (2) ਕਾਂਗਰਸ ਜਾਂ (3) ਆਮ ਆਦਮੀ ਪਾਰਟੀ ਦਾ ਸਮਰਥਨ ਕਰਨ ਵਾਲੇ ਰਾਜਸੀ ਆਤਮਹੱਤਿਆ ਦੇ ਤਿੰਨ ਰਾਹ ਹਨ। ਇਨ੍ਹਾਂ ਤਿੰਨਾਂ ਵਿਚੋਂ ਚੁਣਿਆ ਕੋਈ ਵੀ ਰਾਹ ਪੰਜਾਬ ਨੂੰ ਬਰਬਾਦੀ ਵੱਲ ਹੀ ਧੱਕੇਗਾ। ਅਜਿਹੀ ਸਥਿਤੀ ਬਾਰੇ ਪੰਜਾਬ ਦੇ ਨੌਜਵਾਨ ਚਿੰਤਕ ਅਤੇ ਕਵੀ ਜਸਵੰਤ ਜ਼ਫ਼ਰ ਨੇ ਫੇਸ ਬੁੱਕ ਦੇ ਜ਼ਰੀਏ 12 ਸਤੰਬਰ ਨੂੰ ਇਹ ਭਵਿੱਖਬਾਣੀ ਕੀਤੀ ਹੈ: "ਅਗਲੀਆਂ ਚੋਣਾਂ ਵਿੱਚ ਸਰਗਰਮ ਸਾਰੀਆਂ ਪਾਰਟੀਆਂ ਜਿੱਤ ਹੀ ਲੈਣਗੀਆਂ ਵੱਧ-ਘੱਟ ਸੀਟਾਂ, ਪਰ ਹਾਰੇਗਾ ਪੰਜਾਬ, ਪੱਕਾ। ਪੰਜਾਬ ਦਾ ਅਜੇ ਹੋਰ ਨਿਵਾਣਾਂ ਵੱਲ ਜਾਣਾ ਤੈਅ ਹੋ ਗਿਆ ਹੈ।" ਜ਼ਫ਼ਰ ਖ਼ੁਦ ਵੀ ਨਹੀਂ ਚਾਹੁੰਦਾ ਹੋਵੇਗਾ ਕਿ ਉਸ ਦੀ ਇਹ ਭਵਿੱਖਬਾਣੀ ਸਹੀ ਸਾਬਤ ਹੋਵੇ। ਪਰ ਇਸ ਨੂੰ ਗ਼ਲਤ ਸਾਬਤ ਕਰਨ ਲਈ ਪੰਜਾਬ ਦੇ ਲੋਕਾਂ ਨੂੰ ਪੰਜਾਬ ਦੀ ਰਾਜਨੀਤੀ ਦੀ ਦਿਸ਼ਾ ਬਦਲਣ ਲਈ ਤਕੜੀ ਘਾਲਣਾ ਘਾਲਣੀ ਪਏਗੀ। ਆਸਵੰਦੀ ਗੱਲ ਇਹ ਹੈ ਕਿ ਪੰਜਾਬ ਕੋਈ ਰਾਜਨੀਤਿਕ ਮਾਰੂਥਲ ਨਹੀਂ ਸਗੋਂ ਜ਼ਰਖੇਜ਼ ਸਰਜ਼ਮੀਨ ਹੈ। ਇੱਥੇ ਲਾਇਕ, ਜਝਾਰੂ ਅਤੇ ਇਮਾਨਦਾਰ ਲੋਕਾਂ ਦੀ ਅਣਹੋਂਦ ਨਹੀਂ। ਪੰਜਾਬ ਨੂੰ ਪਿਆਰ ਕਰਨ ਵਾਲੇ ਸਾਰੇ ਬੰਦਿਆਂ ਦਾ ਇਕ ਰਾਜਸੀ ਮੰਚ ਉੱਤੇ ਇਕੱਠ ਹੋ ਕੇ ਪੰਜਾਬ ਨੂੰ ਰਾਜਨੀਤਿਕ ਆਤਮ-ਹੱਤਿਆ ਤੋਂ ਬਚਾਉਣਾ ਸਮੇਂ ਦੀ ਮੁੱਖ ਲੋੜ ਹੈ।

## ਯੁੱਧ ਨਾਲ ਬਣਿਆ ਰਹਿੰਦਾ ਹੈ ਯੁੱਧਾਂ ਦਾ ਸਿਲਸਿਲਾ...

ਇਹ ਦਲੀਲ ਇਹ ਵੀ ਦਿੱਤੀ ਜਾਂਦੀ ਹੈ ਕਿ ਅਮਰੀਕਾ ਜੇਕਰ 9/11 ਦੇ ਦਹਿਸ਼ਤੀ ਹਮਲੇ ਮਗਰੋਂ ਅਫ਼ਗਾਨਿਸਤਾਨ ਅਤੇ ਇਰਾਕ ਵਿਚ ਸਿੱਧਾ ਸਬਕ ਸਿਖਾਉਣ 'ਤੇ ਉਤਰ ਸਕਦਾ ਹੈ, ਜਾਂ ਇਹ ਪਾਕਿਸਤਾਨ ਵਿਚ ਘੁਸ ਕੇ ਓਸਾਮਾ ਬਿਨ ਲਾਦੇਨ ਨੂੰ ਚੁੱਕ ਸਕਦਾ ਹੈ ਤਾਂ ਅਸੀਂ ਕਿਉਂ ਨਹੀਂ..। ਸਿੱਧਾ ਜਿਹਾ ਜਵਾਬ ਹੈ ਕਿ ਅਸੀਂ ਅਮਰੀਕਾ ਨਹੀਂ ਹਾਂ, ਜਿਸ ਦੇ ਆਰਥਿਕ ਤੇ ਸਿਆਸੀ ਬੋਜ ਹੇਠ ਪਾਕਿਸਤਾਨ ਦਬਿਆ ਰਿਹਾ ਹੈ। ਅਫ਼ਗਾਨਿਸਤਾਨ ਅਤੇ ਇਰਾਕ ਵਿਚ ਐਟਮੀ ਹਥਿਆਰ ਵੀ ਨਹੀਂ ਸਨ। ਅਮਰੀਕ ਇਰਾਨ ਵਿਚ ਕਿੱਥੇ ਉਤਰਿਆ। ਉਸ ਨੂੰ ਸਮਝੌਤਾ ਹੀ ਕਰਨਾ ਪਿਆ।

ਇਹੀ ਨਹੀਂ, ਅਮਰੀਕਾ ਵਿਚ ਇਰਾਕ 'ਤੇ ਹਮਲੇ ਨੂੰ ਜਾਰਜ ਬੁੱਸ਼ ਦੀ ਭਾਰੀ ਗ਼ਲਤੀ ਮੰਨਿਆ ਜਾ ਰਿਹਾ ਹੈ। ਉਨ੍ਹਾਂ ਦੀ ਰਿਪਬਲਿਕਨ ਪਾਰਟੀ ਦੇ ਰਾਸ਼ਟਰਪਤੀ ਅਹੁਦੇ ਦੇ ਮੌਜੂਦਾ ਉਮੀਦਵਾਰ ਡੋਨਾਲਡ ਟਰੰਪ ਵੀ ਬੁੱਸ਼ ਨੂੰ ਵੱਡਾ ਦੋਸ਼ੀ ਮੰਨ ਰਹੇ ਹਨ। ਬਰਤਾਨੀਆ ਵਿਚ ਤਾਂ ਇਰਾਕ ਯੁੱਧ 'ਤੇ ਚਿਲਕਟ ਰਿਪੋਰਟ ਮਗਰੋਂ ਸਾਬਕਾ ਪ੍ਰਧਾਨ ਮੰਤਰੀ ਟੋਨੀ ਬਲੇਅਰ ਨੂੰ ਯੁੱਧ ਅਪਰਾਧੀ ਤਕ ਦੱਸਿਆ ਜਾ ਰਿਹਾ ਹੈ। ਉਨ੍ਹਾਂ 'ਤੇ ਮੁਕੱਦਮਾ ਚਲਾਉਣ ਦੀ ਤਿਆਰੀ ਦੀਆਂ ਗੱਲਾਂ ਵੀ ਚੱਲ ਰਹੀਆਂ ਹਨ। ਅਮਰੀਕਾ ਵਿਚ ਮੰਨਿਆ ਜਾ ਰਿਹਾ ਹੈ ਕਿ ਅਫ਼ਗਾਨਿਸਤਾਨ ਅਤੇ ਇਰਾਕ ਯੁੱਧ ਵਿਚ ਜੋ ਖ਼ਰਬਾਂ ਡਾਲਰ ਖ਼ਰਚ ਹੋਏ, ਉਸ ਤੋਂ ਉਥੇ ਸਬ-ਪ੍ਰਾਈਮ ਸੰਕਟ ਖੜ੍ਹਾ ਹੋਇਆ। 2008 ਦੀ ਵਿਸ਼ਵਵਿਆਪੀ ਮੰਦੀ ਵਿਚ ਵੀ ਉਸ ਦਾ ਵੱਡਾ ਯੋਗਦਾਨ ਮੰਨਿਆ ਜਾ ਰਿਹਾ ਹੈ, ਜਿਸ ਨਾਲ ਸਮੁੱਚੀ ਦੁਨੀਆ ਅੱਜ ਤਕ ਉਭਰ ਨਹੀਂ ਸਕੀ ਹੈ। ਪੱਛਮੀ ਯੂਰਪ ਦੇ ਕਈ ਮੁਲਕਾਂ ਵਿਚ ਇਸ ਆਰਥਿਕ ਸੰਕਟ ਦਾ ਡੰਗ ਸਭ ਤੋਂ ਜ਼ਿਆਦਾ ਦਿਖਿਆ ਹੈ। ਬਰਤਾਨੀਆ ਦੇ ਯੂਰਪੀ ਸੰਘ ਤੋਂ ਬਾਹਰ ਜਾਣ ਦਾ ਵੱਡਾ ਕਾਰਨ ਇਹੀ ਆਰਥਿਕ ਸੰਕਟ ਬਣਿਆ ਹੈ।

ਇਸ ਲਈ ਯੁੱਧ ਕਿੰਨਾ ਵੱਡਾ ਸੰਕਟ ਲੈ ਕੇ ਆਉਂਦਾ ਹੈ, ਇਸ ਦਾ ਅਹਿਸਾਸ ਯੁੱਧ ਨੂੰ ਆਪਣੀ ਅਰਥਵਿਵਸਥਾ ਨੂੰ ਦਰੁਸਤ ਕਰਨ ਦਾ ਔਜਾਰ ਮੰਨਣ ਵਾਲੀਆਂ ਵੱਡੀਆਂ ਤਾਕਤਾਂ ਨੂੰ ਵੀ ਸ਼ਿੱਦਤ ਨਾਲ ਹੋ ਰਿਹਾ ਹੈ। ਸਾਡੇ ਮੁਲਕ ਵਿਚ ਯੁੱਧਾਂ ਨਾਲ ਆਏ ਸੰਕਟ ਤੋਂ ਵੀ ਮੂੰਹ ਨਹੀਂ ਮੋੜਿਆ ਜਾ ਸਕਦਾ। 1962, 1965 ਤੇ 1971 ਦੇ ਯੁੱਧਾਂ ਨਾਲ ਦੇਸ਼ ਵਿਚ ਕੀ ਹਾਲਾਤ ਬਣੇ ਸਨ, ਅੱਜ ਵੀ ਲੋਕਾਂ ਨੂੰ ਯਾਦ ਹਨ। ਜੇਕਰ ਇਨ੍ਹਾਂ ਗੱਲਾਂ ਨੂੰ ਭੁਲਾ ਵੀ ਦਈਏ ਤਾਂ ਇਹ ਸਵਾਲ ਮੌਜੂਦ ਰਹਿਣਗੇ ਕਿ ਯੁੱਧਾਂ ਨਾਲ ਕੀ ਸਾਨੂੰ ਇਸ ਦੁਸ਼ਚੱਕਰ ਵਿਚੋਂ ਨਿਕਲਣ ਵਿਚ ਮਦਦ ਮਿਲੀ ਹੈ...।

ਬੰਗਲਾਦੇਸ਼ ਦਾ ਹਵਾਲਾ ਵਾਕਿਆ ਮਾਣ ਨਾਲ ਦਿੱਤਾ ਜਾਂਦਾ ਹੈ ਤੇ ਇਹ ਵੀ ਕਿ ਅਸੀਂ ਪਾਕਿਸਤਾਨ ਨੂੰ ਝੁਕਣ 'ਤੇ ਮਜਬੂਰ ਕਰ ਦਿੱਤਾ। ਪਰ ਉਸ ਮਗਰੋਂ ਪਾਕਿਸਤਾਨ ਦੇ ਝੂਠੇ ਯੁੱਧ ਤੋਂ ਕੀ ਅਸੀਂ ਅੱਜ ਤਕ ਉਭਰ ਸਕੇ ਹਾਂ? ਪੰਜਾਬ ਅਤੇ ਕਸ਼ਮੀਰ ਵਿਚ '80 ਤੇ '90 ਦੇ ਦਹਾਕੇ ਵਿਚ ਜਾਰੀ ਕਾਲੇ ਦੌਰ ਦੌਰਾਨ ਹੀ ਓਨੇ ਲੋਕ ਮਾਰੇ ਜਾ ਚੁੱਕੇ ਸਨ, ਜਿੰਨੇ ਪਿਛਲੇ ਚਾਰ ਯੁੱਧਾਂ ਵਿਚ ਨਹੀਂ ਮਾਰੇ ਗਏ। ਕਸ਼ਮੀਰ ਫਿਰ ਉਬਲਨ ਲੱਗਾ ਹੈ। ਦਹਿਸ਼ਤੀ ਘਟਨਾਵਾਂ ਵਿਚ ਮਾਰੇ ਗਏ ਲੋਕਾਂ ਅਤੇ ਉਸ ਨਾਲ ਸਾਡੀ ਅਰਥਵਿਵਸਥਾ 'ਤੇ ਪੈਣ ਵਾਲੇ ਅਸਰ ਦੀਆਂ ਗੱਲਾਂ ਵੀ ਜ਼ਿਕਰਯੋਗ ਹਨ। ਇਸ ਨਾਲ ਪੈਦਾ ਹੋਇਆ ਸਮਾਜਿਕ ਸੰਕਟ ਤਾਂ ਤਰ੍ਹਾਂ ਤਰ੍ਹਾਂ ਨਾਲ ਸੰਕਟ ਪੈਦਾ ਕਰ ਰਿਹਾ ਹੈ।

ਇਸ ਲਈ ਯੁੱਧ ਨਾਲ ਯੁੱਧਾਂ ਦਾ ਸਿਲਸਿਲਾ ਹੀ ਬਣਿਆ ਰਹਿੰਦਾ ਹੈ, ਜੋ ਸਾਡੀ ਖ਼ੁਸ਼ਹਾਲੀ ਲਈ ਬਿਲਕੁਲ ਵੀ ਮੁਨਾਸਿਬ ਨਹੀਂ ਹੈ। ਸਾਨੂੰ ਆਪਣੇ ਰਾਸ਼ਟਰੀ ਅਹਿਮ 'ਤੇ ਬੇਸ਼ੱਕ ਕਾਇਮ ਰਹਿਣਾ ਚਾਹੀਦਾ ਹੈ, ਪਰ ਇਸ ਦੁਸ਼ਚੱਕਰ ਨੂੰ ਤੋੜਨ ਲਈ ਸਥਾਈ ਹੱਲ 'ਤੇ ਗੌਰ ਕਰਨਾ ਚਾਹੀਦਾ ਹੈ।

(ਐਨ.ਡੀ.ਟੀ.ਵੀ ਤੋਂ ਧੰਨਵਾਦ ਸਹਿਤ)

## ਝੱਖੜ ਕਾਰਨ 81 ਫੁੱਟ ਉੱਚਾ ਖੰਡਾ ਡਿੱਗਿਆ

ਦੀ ਦੇਖ ਰੇਖ ਹੇਠ ਸਿਰੇ ਚੜ੍ਹਿਆ। ਪਹਿਲਾਂ ਇਹ ਖੰਡਾ ਤਖ਼ਤ ਸ੍ਰੀ ਕੇਸਗੜ੍ਹ ਸਾਹਿਬ ਦੇ ਸਾਹਮਣੇ ਵਾਲੇ ਮੈਦਾਨ ਵਿੱਚ ਸਥਾਪਤ ਕੀਤਾ ਜਾਣਾ ਸੀ। ਫਿਰ ਸ੍ਰੀ ਆਨੰਦਪੁਰ ਸਾਹਿਬ ਦੇ 350 ਸਾਲਾ ਸਥਾਪਨਾ ਦਿਵਸ ਦੇ ਮੱਦੇਨਜ਼ਰ ਇਸ ਨੂੰ ਸੰਗਤਾਂ ਦੀ ਸਹੂਲਤ ਲਈ ਪੰਜ ਪਿਆਰਾ ਪਾਰਕ ਵਿੱਚ ਸਥਾਪਤ ਕੀਤਾ ਗਿਆ। ਇਲਾਕਾ ਵਾਸੀ ਨੰਬਰਦਾਰ ਕੁਲਦੀਪ ਸਿੰਘ, ਗੁਰਅਵਤਾਰ ਸਿੰਘ, ਬਲਵਿੰਦਰ ਸਿੰਘ, ਬਲਵੀਰ ਸਿੰਘ ਨੇ ਕਿਹਾ ਕਿ ਉਨ੍ਹਾਂ ਖੰਡੇ ਦੇ ਆਪਣੀ ਥਾਂ ਤੋਂ ਹਿੱਲਣ ਸਬੰਧੀ ਕਈ ਵਾਰ ਸਬੰਧਤ ਅਧਿਕਾਰੀਆਂ ਨੂੰ ਸੂਚਿਤ ਕੀਤਾ ਸੀ, ਪਰ ਕਿਸੇ ਨੇ ਵੀ ਇਸ ਪਾਸੇ ਧਿਆਨ ਨਾ ਦਿੱਤਾ। ਸਿੱਟੇ ਵਜੋਂ ਸੰਗਤਾਂ ਦੇ ਆਕਰਸ਼ਣ ਦਾ ਕੇਂਦਰ ਬਣ ਚੁੱਕਾ ਖੰਡਾ ਅੱਜ ਡਿੱਗ ਗਿਆ। ਅਕਾਲ ਤਖ਼ਤ ਦੇ ਜਥੇਦਾਰ ਗਿਆਨੀ ਗੁਰਬਚਨ ਸਿੰਘ ਨੇ ਕਿਹਾ ਹੈ ਕਿ ਸਿੱਖਾਂ ਦੀ ਕੌਮੀ ਨਿਸ਼ਾਨੀ ਖੰਡੇ ਦੀ ਸਥਾਪਤੀ ਮੌਕੇ ਅਣਗਹਿਲੀ ਵਰਤਣ ਵਾਲੇ ਪ੍ਰਬੰਧਕਾਂ ਖ਼ਿਲਾਫ਼ ਸਖ਼ਤ ਕਾਰਵਾਈ ਕੀਤੀ ਜਾਵੇਗੀ। ਉਨ੍ਹਾਂ ਕਿਹਾ ਕਿ ਜਦੋਂ ਖੰਡੇ ਦੇ ਟੇਢੇ ਹੋਣ ਬਾਰੇ ਪਤਾ ਲੱਗ ਚੁੱਕਾ ਸੀ ਤਾਂ ਪ੍ਰਬੰਧਕਾਂ ਨੇ ਇਸ ਨੂੰ ਠੀਕ ਕਰਵਾਉਣ ਲਈ ਸੰਜੀਦਾ ਪਹੁੰਚ ਕਿਉਂ ਨਹੀਂ ਅਪਣਾਈ। ਉਂਜ ਉਨ੍ਹਾਂ ਇਸ ਸਾਰੇ ਘਟਨਾਕ੍ਰਮ ਨੂੰ ਮੰਦਭਾਗਾ ਦੱਸਿਆ।

## ਪਟਨਾ ਸਾਹਿਬ ਵਿਖੇ 3 ਦਿਨਾਂ ਕੌਮਾਂਤਰੀ ਸਿੱਖ ਸੰਮੇਲਨ

ਰਿਹਾ ਹੈ ਜੋ ਗੁਰੂ ਸਾਹਿਬ ਦੀ ਮਿਹਰ ਸਦਕਾ ਹੀ ਸੰਭਵ ਹੋ ਰਿਹਾ ਹੈ। ਉਨ੍ਹਾਂ ਕਿਹਾ ਕਿ ਬਿਹਾਰ ਸ੍ਰੀ ਗੁਰੂ ਨਾਨਕ ਦੇਵ ਜੀ, ਸ੍ਰੀ ਤੇਗ ਬਹਾਦਰ ਸਾਹਿਬ ਅਤੇ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੀ ਚਰਨ ਛੋਹ ਪਵਿੱਤਰ ਧਰਤੀ ਹੈ। ਇਸ ਮੌਕੇ ਤਖ਼ਤ ਸ੍ਰੀ ਹਰਿਮੰਦਰ ਸਾਹਿਬ ਜੀ ਪਟਨਾ ਸਾਹਿਬ ਦੇ ਜਥੇਦਾਰ ਗਿਆਨੀ ਇਕਬਾਲ ਸਿੰਘ ਨੇ ਕਿਹਾ ਕਿ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਸਦੀਆਂ ਪੁਰਾਣੀ ਗੁਲਾਮੀ ਦੀਆਂ ਜੰਜ਼ੀਰਾਂ ਤੋੜਣ ਦਾ ਪ੍ਰਣ ਕੀਤਾ ਸੀ ਅਤੇ ਇਸ ਦੀ ਖਾਤਰ ਉਨ੍ਹਾਂ ਨੇ ਆਪਣਾ ਸਾਰਾ ਪਰਿਵਾਰ ਤੱਕ ਵਾਰ ਦਿੱਤਾ। ਉਨ੍ਹਾਂ ਕਿਹਾ ਕਿ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਸਮੁੱਚੀ ਲੋਕਾਈ ਨੂੰ ਮਾਨਵਤਾ ਪ੍ਰਤੀ ਪ੍ਰੇਮ ਦੇ ਮਾਰਗ 'ਤੇ ਚੱਲਣ ਦਾ ਉਪਦੇਸ਼ ਦਿੱਤਾ। ਕੇਂਦਰੀ ਖੇਤੀਬਾੜੀ ਰਾਜ ਮੰਤਰੀ ਸ. ਐਸ.ਐਸ. ਆਹਲੂਵਾਲੀਆ ਨੇ ਕਿਹਾ ਕਿ ਸਿੱਖਾਂ ਨੇ ਦੁਨੀਆ ਭਰ ਵਿਚ ਆਪਣੀ ਪਹਿਚਾਣ ਬਣਾਈ। ਉਨ੍ਹਾਂ ਨੇ ਬਿਹਾਰ ਦੇ ਮੁੱਖ ਮੰਤਰੀ ਪਾਸੋਂ ਮੰਗ ਕੀਤੀ ਕਿ ਬਿਹਾਰ ਵਿਚ ਸ੍ਰੀ ਗੁਰੂ ਨਾਨਕ ਦੇਵ ਜੀ ਅਤੇ ਸ੍ਰੀ ਗੁਰੂ ਤੇਗ ਬਹਾਦਰ ਜੀ ਦੀ ਚਰਨ ਛੋਹ ਪ੍ਰਾਪਤ ਅਸਥਾਨਾਂ ਨੂੰ ਇਤਿਹਾਸਕ ਨਗਰਾਂ ਵਜੋਂ ਵਿਕਸਤ ਕੀਤਾ ਜਾਵੇ। ਇਸ ਮੌਕੇ ਸਾਬਕਾ ਪ੍ਰਧਾਨ ਮੰਤਰੀ ਡਾ. ਮਨਮੋਹਨ ਸਿੰਘ ਵੱਲੋਂ ਆਏ ਨੁਮਾਇੰਦੇ ਸ. ਮਹਿੰਦਰ ਸਿੰਘ ਨੇ ਉਨ੍ਹਾਂ ਦਾ ਸੰਦੇਸ਼ ਪੜ੍ਹ ਕੇ ਸੁਣਾਇਆ। ਗੁਰੂ ਨਾਨਕ ਮਿਸ਼ਨ ਨਿਸ਼ਕਾਮ ਸੇਵਕ ਜਥਾ ਦੇ ਮੁਖੀ ਭਾਈ ਮਹਿੰਦਰ ਸਿੰਘ ਵੱਲੋਂ ਆਏ ਨੁਮਾਇੰਦੇ ਭਾਈ ਗੁਰਚਰਨ ਸਿੰਘ ਚੰਦਨ, ਕੈਨੇਡਾ ਦੀ ਸਾਬਕਾ ਸੰਸਦ ਮੈਂਬਰ ਰੂਬੀ ਢਾਲਾ, ਕੌਮੀ ਘੱਟ ਗਿਣਤੀ ਕਮਿਸ਼ਨ ਦੇ ਚੇਅਰਮੈਨ ਸ. ਤਰਲੋਚਨ ਸਿੰਘ ਨੇ ਵੀ ਸੰਬੋਧਨ ਕੀਤਾ। ਇਸ ਮੌਕੇ ਮੁੱਖ ਮੰਤਰੀ ਸ੍ਰੀ ਨਿਤੀਸ਼ ਕੁਮਾਰ ਅਤੇ ਮੁੱਖ ਮੰਤਰੀ ਸ. ਪ੍ਰਕਾਸ਼ ਸਿੰਘ ਬਾਦਲ ਵੱਲੋਂ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਮਹਾਨ ਜੀਵਨ ਤੇ ਸਿੱਖਿਆਵਾਂ 'ਤੇ ਆਧਾਰਤ ਇਕ ਕਿਤਾਬ ਜਾਰੀ ਕੀਤੀ ਗਈ। ਇਸ ਮੌਕੇ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ 350ਵੇਂ ਪ੍ਰਕਾਸ਼ ਪੁਰਬ ਨੂੰ ਸਮਰਪਿਤ ਮੋਬਾਈਲ ਐਪ ਵੀ ਜਾਰੀ ਕੀਤੀ ਗਈ।

## ਸਰਪੰਚਾਂ ਨੂੰ ਵੀ ਮਿਲ ਸਕਦੀਆਂ ਨੇ ਲਾਲ ਬੱਤੀ ਵਾਲੀਆਂ ਕਾਰਾਂ ਤੇ ਗੰਨਮੈਨ

ਗੰਨਮੈਨ ਲੈਣ ਲਈ ਮੁੱਖ ਮੰਤਰੀ ਅਤੇ ਪੰਚਾਇਤ ਮੰਤਰੀ ਨੂੰ ਪੱਤਰ ਭੇਜੇ ਸਨ, ਜਿਨ੍ਹਾਂ 'ਤੇ ਸਰਕਾਰ ਨੇ ਹੁਣ ਗੌਰ ਕਰਨੀ ਸ਼ੁਰੂ ਕਰ ਦਿੱਤੀ ਹੈ। ਪਿੰਡ ਜਿਊਲੀ ਦੇ ਸਰਪੰਚ ਨਰਿੰਦਰ ਸਿੰਘ ਨੇ ਦੱਸਿਆ ਕਿ ਇਹ ਮੰਗ ਕਾਨੂੰਨੀ ਦਾਇਰੇ ਵਿੱਚ ਆਉਂਦੀ ਹੈ ਕਿਉਂਕਿ ਸਰਪੰਚਾਂ ਨੂੰ ਪੰਚਾਇਤੀ ਕੰਮਾਂ ਕਾਰਾਂ ਲਈ ਅਦਾਲਤਾਂ ਅਤੇ ਦਫ਼ਤਰਾਂ ਵਿੱਚ ਜਾਣਾ ਪੈਂਦਾ ਹੈ, ਜਿਸ ਵਾਸਤੇ ਗੱਡੀ ਦੀ ਜ਼ਰੂਰਤ ਪੈਂਦੀ ਹੈ। ਪੰਚਾਇਤ ਯੂਨੀਅਨ ਪੰਜਾਬ ਦੇ ਪ੍ਰਧਾਨ ਹਰਦੇਵ ਸਿੰਘ ਸਿਆਲੂ ਦਾ ਕਹਿਣਾ ਹੈ ਕਿ ਪੰਜਾਬ ਸਰਕਾਰ ਲਾਲ ਬੱਤੀ ਅਤੇ ਗੰਨਮੈਨ ਦੇਣ ਦੀ ਥਾਂ ਪਹਿਲਾਂ ਸਰਪੰਚਾਂ ਨੂੰ ਬਣਦੇ ਅਧਿਕਾਰ ਦੇਵੇ।

ਪੇਂਡੂ ਵਿਕਾਸ ਤੇ ਪੰਚਾਇਤ ਵਿਭਾਗ ਪੰਜਾਬ ਦੇ ਡਾਇਰੈਕਟਰ ਜੀ.ਕੇ. ਸਿੰਘ ਦਾ ਕਹਿਣਾ ਹੈ ਕਿ ਅਜਿਹਾ ਕੋਈ ਮਾਮਲਾ ਵਿਚਾਰ ਅਧੀਨ ਨਹੀਂ ਹੈ। ਕੁਝ ਸਰਪੰਚਾਂ ਨੇ ਗੱਡੀ ਤੇ ਗੰਨਮੈਨ ਲੈਣ ਸਬੰਧੀ ਮਹਿਕਮੇ ਨੂੰ ਮੰਗ ਪੱਤਰ ਦਿੱਤਾ ਸੀ, ਜਿਸ ਉਪਰ ਫੀਲਡ ਅਫਸਰਾਂ ਤੋਂ ਟਿੱਪਣੀ ਮੰਗੀ ਗਈ ਹੈ। ਉਨ੍ਹਾਂ ਆਖਿਆ ਕਿ ਸਿਰਫ਼ ਸੁਝਾਅ ਮੰਗੇ ਗਏ ਹਨ।

# ਭਾਰਤੀ ਡਾਕਟਰ 'ਤੇ 95 ਲੱਖ ਅਮਰੀਕੀ ਡਾਲਰ ਦੀ ਸਿਹਤ ਸੰਭਲ ਸਬੰਧੀ ਧੋਖਾਧੜੀ ਦਾ ਦੋਸ਼

**ਅਲਬਾਮਾ/ਬਿਊਰੋ ਨਿਊਜ਼ :** ਅਲਬਾਮਾ ਵਿੱਚ 48 ਸਾਲਾ ਭਾਰਤੀ-ਅਮਰੀਕੀ ਡਾਕਟਰ ਉਤੇ 95 ਲੱਖ ਅਮਰੀਕੀ ਡਾਲਰਾਂ ਦੀ ਸਿਹਤ ਸੰਭਾਲ ਧੋਖਾਧੜੀ ਦਾ ਦੋਸ਼ ਲੱਗਿਆ ਹੈ। ਨਿਆਂ ਵਿਭਾਗ ਨੇ ਦੱਸਿਆ ਕਿ ਜਿਸ ਸਮੇਂ ਸ਼ੈਲੇਂਦਰ ਅਗਰਵਾਲ ਉਤੇ ਦੋਸ਼ ਲਾਏ ਜਾ ਰਹੇ ਸਨ ਤਾਂ ਉਸੇ ਸਮੇਂ ਮੁਲਜ਼ਮ ਨੇ ਅਰਜ਼ੀ ਦਾਇਰ ਕਰ ਕੇ ਆਪਣਾ ਜੁਰਮ ਕਬੂਲ ਕਰ ਲਿਆ ਹੈ। ਆਪਣੀ ਅਰਜ਼ੀ ਵਿੱਚ ਉਸ ਨੇ 67 ਲੱਖ ਡਾਲਰ ਦੇਣ ਸਮੇਤ ਹੰਸਵਿਲੇ ਵਿੱਚ ਟਰਨਰ ਸਟਰੀਟ ਸਾਊਥਵੈਸਟ ਵਿੱਚ ਸਥਿਤ ਆਪਣੇ ਪੁਰਾਣੇ ਕਲੀਨਿਕ ਨੂੰ ਜ਼ਬਤ ਕਰਨ ਦੀ ਸਹਿਮਤੀ ਦਿੱਤੀ ਹੈ। ਇਕਬਾਲੀਆ ਜੁਰਮ ਬਦਲੇ ਸਜ਼ਾ ਵਿੱਚ ਛੋਟ ਸਬੰਧੀ ਸਰਕਾਰੀ ਧਿਰ ਨਾਲ ਹੋਏ ਸਮਝੌਤੇ ਮੁਤਾਬਕ ਅਗਰਵਾਲ ਨੇ ਦੱਸਿਆ ਕਿ ਉਸ ਨੇ ਆਡਿਟ ਤੋਂ ਬਾਅਦ ਮੈਡੀਕੇਅਰ ਨੂੰ 28 ਲੱਖ ਡਾਲਰ ਅਤੇ ਬਲੂ ਕਰੌਸ ਨੂੰ 45,843 ਡਾਲਰਾਂ ਦੀ ਅਦਾਇਗੀ ਕਰ ਦਿੱਤੀ ਹੈ। ਇਸ ਸਮਝੌਤੇ ਵਿੱਚ 15 ਸਾਲਾ ਦੀ ਸਜ਼ਾ ਦੀ ਤਜਵੀਜ਼ ਹੈ। ਹਾਲਾਂਕਿ ਸਮਝੌਤੇ ਦੀਆਂ ਸ਼ਰਤਾਂ ਉਤੇ ਸੰਘੀ ਜੱਜ ਦੀ ਮਨਜ਼ੂਰੀ ਲਾਜ਼ਮੀ ਹੋਵੇਗੀ। ਡਾਕਟਰ ਉਤੇ ਦੋਸ਼ ਹੈ ਕਿ ਉਸ ਨੇ ਆਪਣੀ ਪੇਸ਼ੇਵਰ ਪ੍ਰੈਕਟਿਸ ਦੇ ਦਾਇਰੇ ਤੋਂ ਬਾਹਰ ਜਾ ਕੇ ਨਸ਼ੇ ਵਾਲੀਆਂ ਦਵਾਈਆਂ ਵੰਡੀਆਂ। ਦੂਜਾ ਦੋਸ਼ ਮੈਡੀਕੇਅਰ ਤੇ ਬਲੂ ਕਰੌਸ ਬਲੂ ਸ਼ੀਲਡ ਨਾਲ ਸਿਹਤ ਸੰਭਾਲ ਸਕੀਮ ਸਬੰਧੀ ਧੋਖਾਧੜੀ ਨਾਲ ਸਬੰਧਿਤ ਹੈ। ਨਿਆਂ ਵਿਭਾਗ ਮੁਤਾਬਕ ਅਗਰਵਾਲ ਨੇ 2013 ਵਿੱਚ ਡਰੱਗ ਐਨਫੋਰਸਮੈਂਟ ਐਡਮਨਿਸਟਰੇਸ਼ਨ ਸਰਟੀਫਿਕੇਟਾਂ ਸਣੇ ਆਪਣਾ ਮੈਡੀਕਲ ਲਾਇਸੈਂਸ ਵਾਪਸ ਕਰ ਦਿੱਤਾ ਸੀ।

## ਪਹਿਲੇ ਮੁਕਾਬਲੇ ਵਿੱਚ ਹਿਲੇਰੀ ਨੇ ਟਰੰਪ ਨੂੰ ਪਛਾੜਿਆ

ਨਜ਼ਰ ਆਏ। ਬਹਿਸ ਮਗਰੋਂ ਕਈ ਅਮਰੀਕੀ ਮੀਡੀਆ ਦੇ ਸਰਵੇਖਣ ਵਿਚ ਵੀ ਟਰੰਪ ਪਛੜੇ ਰਹੇ ਹਨ। ਹਾਲਾਂਕਿ ਟਰੰਪ ਦੇ ਸਮਰਥਕ ਇਹ ਦਾਅਵਾ ਕਰ ਰਹੇ ਹਨ ਕਿ ਉਨ੍ਹਾਂ ਨੇ ਪਹਿਲੀ ਬਹਿਸ ਜਿੱਤੀ ਹੈ। ਟਰੰਪ ਨੇ ਅਜਿਹੇ ਕਈ ਟਵੀਟਸ ਨੂੰ ਰੀਟਵੀਟ ਕੀਤਾ। ਜ਼ਿਕਰਯੋਗ ਹੈ ਕਿ ਦੋਹਾਂ ਵਿਚਾਲੇ ਅਗਲੀ ਸਿੱਧੀ ਬਹਿਸ 9 ਅਕਤੂਬਰ, ਦਿਨ ਐਤਵਾਰ ਨੂੰ ਹੋਵੇਗੀ।

**ਅਰਥ ਵਿਵਸਥਾ** : ਲਾਲ ਡਰੈੱਸ ਵਿਚ ਆਈ ਹਿਲੇਰੀ ਨੇ ਟਰੰਪ ਦੀ ਖਿਚਾਈ ਕਰਦੇ ਹੋਏ ਕਿਹਾ ਕਿ ਟਰੰਪ ਆਰਥਿਕਤਾ ਬਾਰੇ ਜਾਣਦੇ ਹੀ ਨਹੀਂ। ਅਸੀਂ ਅਜਿਹੀ ਅਰਥ ਵਿਵਸਥਾ ਬਣਾਉਣਾ ਚਾਹੁੰਦੇ ਹਾਂ ਜੋ ਸਾਰਿਆਂ ਲਈ ਕੰਮ ਕਰੇ, ਸਿਰਫ਼ ਸ਼ਿਖ਼ਰ 'ਤੇ ਬੈਠੇ ਲੋਕਾਂ ਲਈ ਨਹੀਂ। ਉਨ੍ਹਾਂ ਨੇ ਆਪਣੇ ਪਿਤਾ ਤੋਂ 40 ਮਿਲੀਅਨ ਡਾਲਰ ਦਾ ਕਰਜ਼ਾ ਲਿਆ ਤੇ ਵਪਾਰ ਸ਼ੁਰੂ ਕੀਤਾ। ਇਸ ਦੇ ਜਵਾਬ ਵਿਚ ਟਰੰਪ ਨੇ ਕਿਹਾ ਕਿ ਉਨ੍ਹਾਂ ਨੇ ਪਿਤਾ ਤੋਂ ਛੋਟਾ ਕਰਜ਼ਾ ਲਿਆ ਸੀ, ਅੱਜ ਮੇਰੀ ਕੰਪਨੀ ਅਰਬਾਂ ਡਾਲਰਾਂ ਦੀ ਬਣ ਗਈ ਹੈ।

**ਘਰਾਂ ਦਾ ਸੰਕਟ** : ਟਰੰਪ ਨੂੰ ਕਲਿੰਟਨ ਨੇ ਘਰਾਂ ਦੇ ਸੰਕਟ ਦੀ ਜੜ੍ਹ ਦੱਸਿਆ। ਉਨ੍ਹਾਂ ਕਿਹਾ ਕਿ ਇਸ ਸੰਕਟ ਕਾਰਨ 90 ਲੱਖ ਲੋਕ ਨੌਕਰੀਆਂ ਛੱਡ ਚੁੱਕੇ ਹਨ। 50 ਲੱਖ ਲੋਕ ਬੇਘਰ ਹੋਏ ਹਨ। ਇਨ੍ਹਾਂ ਦੋਸ਼ਾਂ ਨੂੰ ਖਾਰਜ ਕਰਦਿਆਂ ਟਰੰਪ ਨੇ ਕਿਹਾ, 'ਇਸ ਨੂੰ ਹੀ ਵਪਾਰ ਕਹਿੰਦੇ ਹਨ।' ਉਨ੍ਹਾਂ ਨੇ ਹਿਲੇਰੀ ਦੇ ਪਤੀ ਤੇ ਸਾਬਕਾ ਰਾਸ਼ਟਰਪਤੀ ਬਿਲ ਕਲਿੰਟਨ ਦੇ ਨਾਫ਼ਟਾ (ਨਾਰਥ ਅਮਰੀਕਨ ਫਰੀ ਟਰੇਡ ਐਗਰੀਮੈਂਟ) ਨੂੰ ਸਭ ਤੋਂ ਘਟੀਆ ਕਰਾਰ ਦਿੱਤਾ। ਟਰੰਪ ਨੇ ਅੱਗੇ ਕਿਹਾ, 'ਹਿਲੇਰੀ ਟਰਾਂਸ ਪੈਸੇਫਿਕ ਪਾਰਟਨਰਸ਼ਿਪ ਕਰਨਾ ਚਾਹੁੰਦੀ ਹੈ ਜੋ ਓਨੀ ਹੀ ਖ਼ਰਾਬ ਹੈ। ਇਸ ਦਾ ਜਵਾਬ ਦਿੰਦਿਆਂ ਹਿਲੇਰੀ ਨੇ ਕਿਹਾ, 'ਮੈਨੂੰ ਪਤਾ ਹੈ ਕਿ ਤੁਸੀਂ ਆਪਣੀ ਦੁਨੀਆ ਵਿਚ ਹੀ ਜਿਉਂਦੇ ਹੋ।'

**ਨੌਕਰੀਆਂ** : ਮਾਡਰੇਟਰ ਲੈਸਟਰ ਹਾਲਟ ਨੇ ਹਿਲੇਰੀ ਤੋਂ ਨਵੀਆਂ ਨੌਕਰੀਆਂ ਨੂੰ ਲੈ ਕੇ ਸਵਾਲ ਪੁਛਿਆ। ਹਿਲੇਰੀ ਨੇ ਕਿਹਾ ਕਿ ਉਹ ਔਰਤਾਂ ਨੂੰ ਕੰਮ ਦਾ ਸਹੀ ਪੈਸਾ ਦਿਵਾਉਣ ਲਈ ਲੜੇਗੀ। ਅਸੀਂ ਇਕ ਕਰੋੜ ਨਵੀਆਂ ਨੌਕਰੀਆਂ ਲੈ ਕੇ ਆਵਾਂਗੇ। ਇਸ ਗੱਲ ਦੀ ਵੀ ਕੋਸ਼ਿਸ਼ ਕਰਾਂਗੀ ਕਿ ਅਮੀਰਾਂ ਤੋਂ ਜ਼ਿਆਦਾ ਟੈਕਸ ਲਿਆ ਜਾਵੇ। ਟਰੰਪ ਨੇ ਹਿਲੇਰੀ ਦੀ ਨਵੀਂਆਂ ਨੌਕਰੀਆਂ ਲਿਆਉਣ ਦੀ ਯੋਜਨਾ ਨੂੰ ਲੈ ਕੇ ਦਾਅਵਾ ਕੀਤਾ ਕਿ ਸੁਝਾਅ ਉਨ੍ਹਾਂ ਦੇ ਪਰ ਮੈਕਸੀਕੋ ਤੇ ਦੂਸਰੇ ਦੇਸ਼ ਸਾਡੀਆਂ ਨੌਕਰੀਆਂ ਚੋਰੀ ਕਰ ਕੇ ਲੈ ਜਾਂਦੇ ਹਨ। ਚੀਨ ਨੂੰ ਦੇਖੋ, ਉਹ ਸਾਡੇ ਇੱਥੇ ਕੀ ਕਰ ਰਿਹਾ ਹੈ। ਉਹ ਸਾਡੇ ਪੈਸੇ ਨਾਲ ਖ਼ੁਦ ਦਾ ਵਿਕਾਸ ਕਰ ਰਿਹਾ ਹੈ। ਸਾਡੇ ਦੇਸ਼ ਵਿਚ ਉਨ੍ਹਾਂ ਨੂੰ ਕੋਈ ਰੋਕਣ ਵਾਲਾ ਨਹੀਂ ਹੈ। ਟਰੰਪ ਨੇ ਕਿਹਾ, 'ਸਾਨੂੰ ਆਪਣੀਆਂ ਨੌਕਰੀਆਂ ਰੋਕਣੀਆਂ ਹੋਣਗੀਆਂ। ਜੇਕਰ ਸਾਡੀ ਸਰਕਾਰ ਬਣੀ ਤਾਂ ਨੌਕਰੀਆਂ ਜ਼ਿਆਦਾ ਆਉਣਗੀਆਂ ਕਿਉਂਕਿ ਸਾਡੀ ਯੋਜਨਾ ਘੱਟ ਟੈਕਸ ਲਗਾਉਣ ਦੀ ਹੈ।'

**ਈਮੇਲ ਲੀਕ** : ਹਿਲੇਰੀ ਨੇ ਕਿਹਾ ਕਿ ਉਹ ਪ੍ਰਾਈਵੇਟ ਸਰਵਰ ਨੂੰ ਵਿਦੇਸ਼ ਵਿਭਾਗ ਦੇ ਈਮੇਲ ਭੇਜਣ ਵਿਚ ਇਸਤੇਮਾਲ ਕਰਨ ਨੂੰ ਲੈ ਕੇ ਜਾਣਦੀ ਹੈ। ਉਨ੍ਹਾਂ ਇਹ ਵੀ ਕਿਹਾ, 'ਮੈਂ ਪ੍ਰਾਈਵੇਟ ਸਰਵਰ ਦਾ ਇਸਤੇਮਾਲ ਕਰਕੇ ਗ਼ਲਤੀ ਕੀਤੀ।' ਟਰੰਪ ਨੇ ਕਿਹਾ ਕਿ ਉਹ ਆਪਣੇ ਰਿਟਰਨ ਦਾ ਖ਼ੁਲਾਸਾ ਕਰਨ ਲਈ ਤਿਆਰ ਹੈ ਜੇਕਰ ਹਿਲੇਰੀ ਡਲੀਟ ਕੀਤੇ ਗਏ 33 ਹਜ਼ਾਰ ਈਮੇਲ ਦਾ ਡਿਟੇਲ ਦੇਵੇ।

ਨਸਲੀ ਮੁੱਦਾ ਤੇ ਅਮਨ ਕਾਨੂੰਨ ਦੀ ਹਾਲਤ : ਹਿਲੇਰੀ ਨੇ ਕਿਹਾ ਕਿ ਪੁਲੀਸ ਅਤੇ ਅਮਰੀਕਾ ਵਿਚ ਰਹਿ ਰਹੇ ਤਮਾਮ ਭਾਈਚਾਰੇ ਦੇ ਲੋਕਾਂ ਵਿਚਾਲੇ ਇਕ ਵਿਸ਼ਵਾਸ ਬਣਾਉਣਾ ਹੋਵੇਗਾ। ਬੰਦੂਕ ਕਾਨੂੰਨ ਵਿਚ ਸੁਧਾਰ ਕਰਨੇ ਹੋਣਗੇ। ਬੰਦੂਕ ਉਲੰਘਣਾ ਦੇ ਚਲਦਿਆਂ ਹੀ ਕਈ ਅਫ਼ਰੀਕੀ-ਅਮਰੀਕੀ ਮਾਰੇ ਜਾਂਦੇ ਹਨ। ਲੋਕਾਂ ਦੇ ਵੰਡੇ ਹੋਣ ਦੇ ਮੁੱਦੇ 'ਤੇ ਟਰੰਪ ਨੇ ਕਿਹਾ, 'ਜੇਕਰ ਤੁਸੀਂ ਸ਼ਿਕਾਗੋ ਦੀ ਸੜਕ 'ਤੇ ਘੁੰਮ ਰਹੇ ਹੋ ਤਾਂ ਤੁਹਾਨੂੰ ਗੋਲੀ ਵੀ ਮਾਰੀ ਜਾ ਸਕਦੀ ਹੈ। ਅਪਰਾਧ ਰੋਕਣ ਲਈ ਪੁਲੀਸ ਨੂੰ ਹੋਰ ਅਧਿਕਾਰ ਦੇਣੇ ਹੋਣਗੇ। ਹਾਲੇ ਪੁਲੀਸ ਕੁਝ ਕਰਨ ਵਿਚ ਡਰਦੀ ਹੈ।' ਬੰਦੂਕ ਕਾਨੂੰਨ ਦੇ ਮੁੱਦੇ 'ਤੇ ਹਿਲੇਰੀ ਤੇ ਟਰੰਪ ਇਕ ਰਾਏ ਸਨ। ਟਰੰਪ ਨੇ ਕਿਹਾ, 'ਮੈਂ ਹਿਲੇਰੀ ਨਾਲ ਸਹਿਮਤ ਹਾਂ।' ਹਿਲੇਰੀ ਨੇ ਪਹਿਲਾਂ ਕਿਹਾ ਸੀ ਕਿ ਜੇਕਰ ਜਹਾਜ਼ ਵਿਚ ਜਾਣਾ ਖ਼ਤਰਨਾਕ ਹੈ, ਤਾਂ ਬੰਦੂਕ ਖ਼ਰੀਦਣਾ ਵੀ ਖ਼ਤਰਨਾਕ ਹੈ।

ਟਰੰਪ ਨੇ ਦਾਅਵਾ ਕੀਤਾ ਕਿ ਚੀਨ ਦੇ ਪੁਨਰ ਨਿਰਮਾਣ ਲਈ ਅਮਰੀਕਾ ਦਾ ਇਸਤੇਮਾਲ ਗੋਲਕ ਵਾਂਗ ਕੀਤਾ ਜਾ ਰਿਹਾ ਹੈ। ਉਨ੍ਹਾਂ ਕਿਹਾ, 'ਦੇਸ਼ 'ਚੋਂ ਨੌਕਰੀਆਂ ਜਾ ਰਹੀਆਂ ਹਨ। ਇਹ ਨੌਕਰੀਆਂ ਮੈਕਸੀਕੋ ਜਾ ਰਹੀਆਂ ਹਨ। ਉਹ ਹੋਰ ਵੀ ਕਈ ਮੁਲਕਾਂ ਵਿਚ ਜਾ ਰਹੀਆਂ ਹਨ। ਤੁਸੀਂ ਦੇਖਣਾ ਕਿ ਚੀਨ ਸਾਡੇ ਉਤਪਾਦ ਬਣਾਉਣ ਦੇ ਮਾਮਲੇ ਵਿਚ ਸਾਡੇ ਦੇਸ਼ ਨਾਲ ਕੀ ਕਰ ਰਿਹਾ ਹੈ।'

ਟਰੰਪ ਨੇ ਕਿਹਾ, 'ਉਹ ਆਪਣੀ ਮੁਦਰਾ ਦੀ ਕੀਮਤ ਘਟਾ ਰਿਹਾ ਹੈ ਤੇ ਸਾਡੀ ਸਰਕਾਰ ਵਿਚ ਅਜਿਹਾ ਕੋਈ ਨਹੀਂ ਹੈ, ਜੋ ਉਨ੍ਹਾਂ ਖ਼ਿਲਾਫ਼ ਲੜੇ।' ਉਨ੍ਹਾਂ ਕਿਹਾ, 'ਕਿਉਂਕਿ ਉਹ ਚੀਨ ਦੇ ਪੁਨਰ ਨਿਰਮਾਣ ਲਈ ਸਾਡੇ ਦੇਸ਼ ਦਾ ਇਸਤੇਮਾਲ ਗੋਲਕ ਵਾਂਗ ਕਰ ਰਹੇ ਹਨ ਤੇ ਕਈ ਹੋਰ ਮੁਲਕ ਵੀ ਇਹੀ ਚੀਜ਼ ਕਰ ਰਹੇ ਹਨ।'

ਨਿਊ ਯਾਰਕ ਦੇ ਰਿਅਲ ਐਸਟੇਟ ਕਾਰੋਬਾਰੀ ਨੇ ਕਿਹਾ ਕਿ ਸਾਨੂੰ ਅਜਿਹਾ ਕੁਝ ਕਰਨ ਦੀ ਜ਼ਰੂਰਤ ਹੈ ਕਿ ਸਾਡੇ ਦੇਸ਼ ਦੇ ਰੁਜ਼ਗਾਰ ਦੂਸਰੀ ਥਾਂ ਨਾ ਜਾ ਸਕਣ। ਉਨ੍ਹਾਂ ਕਿਹਾ, 'ਸਾਨੂੰ ਆਪਣੀਆਂ ਕੰਪਨੀਆਂ ਨੂੰ ਅਮਰੀਕਾ ਛੱਡਣ ਅਤੇ ਇਸ ਦੇ ਨਾਲ, ਉਨ੍ਹਾਂ ਲੋਕਾਂ ਨੂੰ ਨੌਕਰੀਆਂ ਤੋਂ ਕੱਢੇ ਜਾਣ ਤੋਂ ਰੋਕਣ ਹੋਵੇਗਾ।' ਟਰੰਪ ਨੇ ਕਿਹਾ, 'ਅਸੀਂ ਅਜਿਹਾ ਹੋਣ ਨਹੀਂ ਦੇ ਸਕਦੇ। ਮੇਰੀ ਯੋਜਨਾ ਤਹਿਤ ਮੈਂ ਟੈਕਸ ਨੂੰ ਬਹੁਤ ਘੱਟ ਕਰ ਦਿਆਂਗਾ, ਮੈਂ ਕੰਪਨੀਆਂ, ਛੋਟੇ ਤੇ ਵੱਡੇ ਕਾਰੋਬਾਰਾਂ ਲਈ ਇਨ੍ਹਾਂ ਨੂੰ 35 ਫ਼ੀਸਦੀ ਘੱਟ ਕਰਕੇ 15 ਫ਼ੀਸਦੀ ਤਕ ਕਰ ਦਿਆਂਗਾ।' ਉਨ੍ਹਾਂ ਕਿਹਾ, 'ਇਸ ਨਾਲ ਨੌਕਰੀਆਂ ਪੈਦਾ ਹੋਣਗੀਆਂ ਜੋ ਅਸੀਂ ਰੋਨਾਲਡ ਰੀਗਨ ਦੇ ਦੌਰ ਤੋਂ ਬਾਅਦ ਨਹੀਂ ਦੇਖਿਆ। ਇਹ ਦੇਖਣਾ ਬਹੁਤ ਖ਼ੂਬਸੂਰਤ ਹੋਵੇਗਾ।'

ਉਧਰ ਹਿਲੇਰੀ ਕਲਿੰਟਨ ਨੇ ਟਰੰਪ ਦੀ ਗੱਲ ਨਾਲ ਅਸਹਿਮਤੀ ਜ਼ਾਹਰ ਕੀਤੀ। ਉਨ੍ਹਾਂ ਕਿਹਾ, 'ਮੈਨੂੰ ਲਗਦਾ ਹੈ ਕਿ ਵਪਾਰ ਮਹੱਤਵਪੂਰਨ ਮਾਮਲਾ ਹੈ। ਬਿਨਾਂ ਸ਼ੱਕ, ਅਸੀਂ ਵਿਸ਼ਵ ਦੀ ਆਬਾਦੀ ਦਾ ਪੰਜ ਫ਼ੀਸਦੀ ਹਾਂ, ਅਸੀਂ ਹੋਰਨਾਂ 95 ਫ਼ੀਸਦੀ ਨਾਲ ਵਪਾਰ ਕਰਨਾ ਹੈ ਤੇ ਇਸ ਲਈ ਸਾਨੂੰ ਬੁੱਧੀਮਾਨ ਹੋਣਾ ਪਏਗਾ ਤੇ ਸਾਨੂੰ ਚੰਗੇ ਵਪਾਰਕ ਸੌਦੇ ਹਾਸਲ ਕਰਨ ਦੀ ਲੋੜ ਹੈ।'

ਹਿਲੇਰੀ ਨੇ ਕਿਹਾ, 'ਹਾਲਾਂਕਿ, ਸਾਨੂੰ ਅਜਿਹੀ ਕਰ ਪ੍ਰਣਾਲੀ ਦੀ ਵੀ ਲੋੜ ਹੈ, ਜੋ ਕੰਮ ਨੂੰ ਸਲਾਹੇ, ਨਾ ਕਿ ਸਿਰਫ਼ ਵਿਤੀ ਲੈਣ-ਦੇਣ ਨੂੰ। ਟਰੰਪ ਨੇ ਜੋ ਯੋਜਨਾ ਅੱਗੇ ਰੱਖੀ ਹੈ, ਉਹ ਅਰਥ ਵਿਵਸਥਾ ਨੂੰ ਹੇਠਾਂ ਵੱਲ ਲੈ ਕੇ ਜਾਵੇਗੀ।' ਉਨ੍ਹਾਂ ਕਿਹਾ ਕਿ ਦਰਅਸਲ, ਇਹ ਅੰਤ ਹੋਵੇਗੀ ਅਤੇ ਇਸ ਦੇਸ਼ ਦੇ ਸਭ ਤੋਂ ਖ਼ੁਸ਼ਹਾਲ ਵਰਗ ਦੇ ਲੋਕਾਂ ਲਈ ਟੈਕਸ ਵਿਚ ਹੁਣ ਤਕ ਦੀ ਸਭ ਤੋਂ ਵੱਡੀ ਕਟੌਤੀ ਹੋਵੇਗੀ। ਹਿਲੇਰੀ ਨੇ ਕਿਹਾ, 'ਅਸੀਂ ਅਰਥ ਵਿਵਸਥਾ ਦਾ ਵਿਕਾਸ ਇਸ ਤਰ੍ਹਾਂ ਨਹੀਂ ਕਰਦੇ।'

ਹਾਲਾਂਕਿ ਇਸ ਦੌਰਾਨ ਟਰੰਪ ਨੇ ਦੁਹਰਾਇਆ ਕਿ ਚੀਨ ਸਮੇਤ ਹੋਰ ਦੇਸ਼ਾਂ ਨਾਲ ਵਪਾਰਕ ਸੌਦਿਆਂ 'ਤੇ ਫੇਰ ਤੋਂ ਵਾਰਤਾ ਕੀਤੇ ਜਾਣ ਦੀ ਲੋੜ ਹੈ। ਉਨ੍ਹਾਂ ਕਿਹਾ, 'ਸਾਡੇ ਦੇਸ਼ ਡੂੰਘੇ ਸੰਕਟ ਵਿਚ ਹੈ। ਜਦੋਂ ਮੁਦਰਾ ਦੀ ਕੀਮਤ ਘਟਾਉਣ ਤੇ ਵਿਸ਼ਵ ਭਰ ਵਿਚ ਚੀਨ ਸਮੇਤ ਇਨ੍ਹਾਂ ਸਾਰੇ ਦੇਸ਼ਾਂ ਦੀ ਗੱਲ ਆਉਂਦੀ ਹੈ, ਤਾਂ ਅਸੀਂ ਨਹੀਂ ਜਾਣਦੇ ਕਿ ਅਸੀਂ ਕੀ ਕਰ ਰਹੇ ਹਾਂ। ਉਹ ਇਸ ਮਾਮਲੇ ਵਿਚ ਸਭ ਤੋਂ ਚੰਗੇ ਹਨ। ਉਹ ਜੋ ਸਾਡੇ ਨਾਲ ਕਰ ਰਹੇ ਹਨ, ਉਹ ਬਹੁਤ ਬਹੁਤ ਦੁਖਦਾਈ ਗੱਲ ਹੈ।'

## ਟਰੰਪ ਵਲੋਂ ਭਾਰਤੀ-ਅਮਰੀਕੀਆਂ ਨੂੰ 15 ਅਕਤੂਬਰ ਦੇ ਪ੍ਰੋਗਰਾਮ 'ਚ ਹਾਜ਼ਰ ਹੋਣ ਦਾ ਸੱਦਾ

ਟਰੰਪ ਦੀ ਪ੍ਰਚਾਰ ਮੁਹਿੰਮ ਮੁਤਾਬਕ ਦਿਨ ਭਰ ਚਲਣ ਵਾਲੇ ਇਸ ਪ੍ਰੋਗਰਾਮ ਵਿਚ ਬਾਲੀਵੁੱਡ ਦੇ ਕਲਾਕਾਰਾਂ, ਡਾਂਸਰਾਂ ਅਤੇ ਗਾਇਕਾਂ ਨੂੰ ਵੀ ਸੱਦਾ ਭੇਜਿਆ ਗਿਆ ਹੈ। ਇਨ੍ਹਾਂ ਤੋਂ ਇਲਾਵਾ ਹਿੰਦੂ ਸੰਤਾਂ ਅਤੇ ਹੋਰ ਆਗੂਆਂ ਨੂੰ ਵੀ ਪ੍ਰੋਗਰਾਮ ਲਈ ਸੁਨੇਹੇ ਭੇਜੇ ਗਏ ਹਨ।

'ਅਤਿਵਾਦ ਖ਼ਿਲਾਫ਼ ਮਨੁੱਖੀ ਏਕਤਾ' ਨਾਮ ਦੇ ਇਸ ਪ੍ਰੋਗਰਾਮ ਦਾ ਪ੍ਰਬੰਧ ਰਿਪਬਲਿਕਨ ਹਿੰਦੂ ਕੁਲੀਸ਼ਨ ਵੱਲੋਂ ਕੀਤਾ ਗਿਆ ਹੈ ਜਿਸ ਦੇ ਮੋਢੀ ਸ਼ਲਭ ਕੁਮਾਰ ਹਨ ਜੋ ਇਲੀਨੌਇ ਦੇ ਰਹਿਣ ਵਾਲੇ ਹਨ। ਸ਼ਲਭ ਕੁਮਾਰ ਭਾਰਤ ਦੇ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਦੇ ਕਾਫ਼ੀ ਨੇੜੇ ਹੈ। ਰਾਸ਼ਟਰਪਤੀ ਅਹੁਦੇ ਲਈ ਪਿਛਲੀਆਂ ਦੋ ਚੋਣਾਂ ਵਿਚ ਇਹ ਪਹਿਲੀ ਵਾਰ ਹੈ ਜਦੋਂ ਕਿਸੇ ਉਮੀਦਵਾਰ ਨੇ ਭਾਰਤੀ-ਅਮਰੀਕੀ ਪ੍ਰੋਗਰਾਮ ਵਿਚ ਸ਼ਾਮਲ ਨੂੰ ਮਨਜ਼ੂਰੀ ਦਿੱਤੀ ਹੈ। ਟਰੰਪ ਦੇ ਇਸ ਫ਼ੈਸਲੇ ਨੂੰ ਭਾਰਤੀ-ਅਮਰੀਕੀ ਭਾਈਚਾਰੇ ਨੂੰ ਲੁਭਾਉਣ ਦੀ ਕੋਸ਼ਿਸ਼ ਵਜੋਂ ਦੇਖਿਆ ਜਾ ਰਿਹਾ ਹੈ।

## ਪੰਜਾਬ ਚੋਣਾਂ, ਸਿਆਸੀ ਨਿਵਾਣਾਂ ਤੇ ਬੇਚੈਨ ਲੋਕ

ਮਗਰੋਂ ਵਪਾਰੀਆਂ ਨੂੰ ਨਿਸ਼ਾਨਾ ਬਣਾਇਆ। ਉਨ੍ਹਾਂ ਐਲਾਨ ਕੀਤਾ ਕਿ ਪੰਜਾਬ ਦੀ ਸੱਤਾ 'ਤੇ ਆਉਂਦਿਆਂ ਹੀ ਵਪਾਰੀਆਂ 'ਤੇ ਅਚਨਚੇਤ ਛਾਪੇ ਨਹੀਂ ਪੈਣਗੇ। ਉਨ੍ਹਾਂ 'ਤੇ ਟੈਕਸਾਂ ਦੀ ਮਾਰ ਘਟਾਈ ਜਾਵੇਗੀ। ਕੇਜਰੀਵਾਲ ਦੇ ਐਲਾਨ ਨਾਲ ਹੀ ਬਾਦਲ ਸਰਕਾਰ ਨੇ ਵੀ ਕਈ ਚੀਜ਼ਾਂ ਤੋਂ ਵੈਟ ਹਟਾਉਣ ਦਾ ਮਨ ਬਣਾ ਲਿਆ ਹੈ ਜਿਸ ਦਾ ਜਲਦੀ ਹੀ ਐਲਾਨ ਕਰ ਦਿੱਤਾ ਜਾਵੇਗਾ।

ਹੋਰ ਤਾਂ ਹੋਰ ਧਾਰਮਿਕ ਡੇਰਿਆਂ 'ਤੇ ਵੀ ਸਾਰੀਆਂ ਪਾਰਟੀਆਂ ਦੇ ਗੇੜੇ ਵੱਧ ਗਏ ਹਨ। ਹਾਸੋਹੀਣੀ ਗੱਲ ਤਾਂ ਉਦੋਂ ਵਾਪਰੀ ਜਦੋਂ ਕੇਜਰੀਵਾਲ ਦੇ ਡੇਰਾ ਬਿਆਸ ਪੁੱਜਣ ਤੋਂ ਪਹਿਲਾਂ ਹੀ ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਪੁੱਜ ਗਏ। ਸ. ਬਾਦਲ ਗੇਟ ਤੋਂ ਬਾਹਰ ਨਿਕਲ ਰਹੇ ਸਨ ਤੇ ਕੇਜਰੀਵਾਲ ਦਾਖ਼ਲ ਹੋ ਰਹੇ ਸਨ। ਇਨ੍ਹਾਂ ਦੋਹਾਂ ਨੇਤਾਵਾਂ ਤੋਂ ਪਹਿਲਾਂ ਕੈਪਟਨ ਅਮਰਿੰਦਰ ਸਿੰਘ ਬਾਜ਼ੀ ਮਾਰ ਗਏ। ਉਹ ਕਈ ਦਿਨ ਪਹਿਲਾਂ ਹੀ ਡੇਰੇ ਦਾ ਚੱਕਰ ਲਾ ਆਏ ਸਨ। ਅਕਾਲੀ ਦਲ ਤੇ ਭਾਜਪਾ ਦੀ ਆਪੋ ਵਿਚੀਂ ਕਿਸੇ ਮਸਲੇ 'ਤੇ ਸੁਰ ਨਹੀਂ ਮਿਲ ਰਹੀ। ਆਰ.ਐਸ.ਐਸ. ਦੇ ਨੇਤਾ ਜਗਦੀਸ਼ ਗਗਨੇਜਾ ਦੀ ਹੱਤਿਆ ਤੋਂ ਬਾਅਦ ਇਨ੍ਹਾਂ ਦੇ ਰਿਸ਼ਤੇ ਹੋਰ ਵੀ ਖ਼ਰਾਬ ਹੋਏ ਹਨ। ਭਾਜਪਾ ਨੇ ਵੀ ਪੰਜਾਬ ਦੀ ਵਿਗੜੀ ਹਾਲਤ ਲਈ ਆਪਣੀ ਭਾਈਵਾਲ ਅਕਾਲੀ ਦਲ ਨੂੰ ਜ਼ਿੰਮੇਵਾਰ ਠਹਿਰਾਉਣਾ ਸ਼ੁਰੂ ਕਰ ਦਿੱਤਾ ਹੈ। ਇਸ ਵਾਰ ਮੰਤਰੀ ਮੰਡਲ ਦੀ ਹੋਈ ਮੀਟਿੰਗ ਵਿਚ ਤਾਂ ਇਕ ਵੀ ਭਾਜਪਾ ਦਾ ਨੇਤਾ ਨਹੀਂ ਪੁੱਜਾ। ਦੋ ਦਿਨ ਪਹਿਲਾਂ ਲੁਧਿਆਣਾ ਦੇ ਲਾਡੋਵਾਲ ਵਿਚ ਫੂਡ ਪਾਰਕ ਦਾ ਉਦਘਾਟਨ ਕਰਨ ਪੁੱਜੇ ਉਪ ਮੁੱਖ ਮੰਤਰੀ ਸੁਖਬੀਰ ਸਿੰਘ ਬਾਦਲ ਨੂੰ ਪੰਜਾਂ ਮਿੰਟਾਂ ਵਿਚ ਆਪਣਾ ਭਾਸ਼ਣ ਖ਼ਤਮ ਕਰਨਾ ਪਿਆ ਕਿਉਂਕਿ ਪੰਡਾਲ ਬਿਲਕੁਲ ਖ਼ਾਲੀ ਹੋ ਗਿਆ ਸੀ।

ਉਧਰ ਕਾਂਗਰਸ ਨੇ ਵੀ ਆਪਣੀਆਂ ਸਰਗਰਮੀਆਂ ਤੇਜ਼ ਕੀਤੀਆਂ ਹੋਈਆਂ ਹਨ। ਪੰਜਾਬ ਭਰ ਵਿਚ 'ਪੰਜਾਬ ਬਚਾਓ, ਕਾਂਗਰਸ ਲਿਆਓ' ਮੁਹਿੰਮ ਵਿੱਢੀ ਹੋਈ ਹੈ। ਪਰ ਹਾਲਤ ਉਸ ਦੀ ਵੀ ਕੋਈ ਚੰਗੀ ਨਹੀਂ। ਲਗਭਗ 50 ਹਲਕਿਆਂ ਵਿਚ ਦੁਚਿੱਤੀ ਦਾ ਮਾਹੌਲ ਬਣਿਆ ਹੋਇਆ ਹੈ ਕਿ ਕਿਹੜੇ ਆਗੂ ਨੇ ਮੁਹਿੰਮ ਚਲਾਉਣੀ ਹੈ ਤੇ ਵਰਕਰਾਂ ਨੂੰ ਕਿਹੜੇ ਆਗੂ ਦੇ ਲੜ ਲਾਇਆ ਜਾਵੇ। ਪਾਰਟੀ ਵਲੋਂ ਉਮੀਦਵਾਰਾਂ ਦਾ ਫ਼ੈਸਲਾ ਨਾ ਕੀਤੇ ਜਾਣ ਕਾਰਨ ਵਰਕਰ ਇਕਜੁੱਟ ਨਹੀਂ। ਦੂਜੇ ਪਾਸੇ 'ਆਪ' ਵਿਚੋਂ ਕੱਢੇ ਪੰਜਾਬ ਕਨਵੀਨਰ ਸੁੱਚਾ ਸਿੰਘ ਛੋਟੇਪੁਰ ਹਾਲੇ ਤੱਕ ਆਪਣੀ ਕੋਈ ਸਿਆਸੀ ਪਾਰਟੀ ਨਹੀਂ ਐਲਾਨ ਸਕੇ। ਉਹ ਪੰਜਾਬ ਭਰ ਵਿਚ ਘੁੰਮ ਕੇ ਆਪਣੇ ਪਰ੍ਹ ਤੋਲਣ ਦੇ ਯਤਨ ਕਰ ਰਹੇ ਹਨ। ਇਹਦੇ ਨਾਲ ਨਵਜੋਤ ਸਿੰਘ ਸਿੱਧੂ, ਬੈਂਸ ਭਰਾਵਾਂ ਤੇ ਪਰਗਟ ਸਿੰਘ ਦਾ ਚੌਥਾ ਫ਼ਰੰਟ 'ਆਵਾਜ਼-ਏ-ਪੰਜਾਬ' ਸਿਆਸੀ ਪਾਰਟੀ ਵੱਲ ਨਹੀਂ ਵਧ ਸਕਿਆ। ਕੋਈ ਸਿਆਸੀ ਜ਼ਮੀਨ ਨਾ ਮਿਲਣ ਕਾਰਨ ਹੁਣ ਚੌਥਾ ਸਿਆਸੀ ਫ਼ਰੰਟ ਕਾਂਗਰਸ ਦਾ ਹੱਥ ਫੜਨ ਜਾਂ 'ਆਪ' ਦਾ ਝਾੜੂ ਫੜਨ ਦੀ ਤਾਕ ਵਿਚ ਹੈ। ਕੈਪਟਨ ਅਮਰਿੰਦਰ ਸਿੰਘ ਨੇ ਤਾਂ ਚੌਥੇ ਫ਼ਰੰਟ ਲਈ ਆਪਣੇ ਦਰ ਖੋਲ੍ਹ ਦਿੱਤੇ ਹਨ। ਚੋਣਾਂ ਹੋਣ ਤੱਕ ਹਾਲੇ ਬਹੁਤ ਕੁਝ ਦੇਖਣਾ ਬਾਕੀ ਹੈ। ਚੋਣ ਨਤੀਜੇ ਹੀ ਪੰਜਾਬ ਦਾ ਭਵਿੱਖ ਤੈਅ ਕਰਨਗੇ।

## ਨਾਜ਼ੀਆਂ ਤੋਂ ਪ੍ਰਭਾਵਤ ਭਾਰਤੀ ਵਕੀਲ ਵਲੋਂ ਗੋਲੀਬਾਰੀ, 9 ਜ਼ਖ਼ਮੀ

ਐਫ਼.ਬੀ.ਆਈ. ਦਾ ਕਹਿਣਾ ਹੈ ਕਿ ਹੁਣ ਤਕ ਉਸ ਦੇ ਕਿਸੇ ਕੱਟੜਪੰਥੀ ਸੰਗਠਨ ਨਾਲ ਜੁੜੇ ਹੋਣ ਦੇ ਸਬੂਤ ਨਹੀਂ ਮਿਲੇ। ਉਸ ਨੇ ਕੋਲੋਂ ਲੰਘਦੀਆਂ ਕਾਰਾਂ ਅਤੇ ਪੁਲੀਸ 'ਤੇ ਗੋਲੀਬਾਰੀ ਸ਼ੁਰੂ ਕਰ ਦਿੱਤੀ। ਉਸ ਨੇ ਆਪਣੀ ਕਾਰ 'ਤੇ ਗੋਲੀ ਸਿੱਕਾ ਰੱਖਿਆ ਹੋਇਆ ਸੀ ਤੇ ਦਰਖ਼ਤ ਦੀ ਓਟ ਵਿਚ ਹਮਲਾ ਕਰ ਰਿਹਾ ਸੀ। ਦੱਸਿਆ ਜਾ ਰਿਹਾ ਹੈ ਕਿ ਨਾਥਨ ਦੇਸਾਈ ਨਾਂ ਦਾ ਇਹ ਸ਼ਖ਼ਸ ਆਪਣੀ ਲਾਅ ਫਰਮ ਵਿਚ ਮੁਸ਼ਕਲਾਂ ਆਉਣ ਕਾਰਨ ਪ੍ਰੇਸ਼ਾਨ ਸੀ।

ਜ਼ਿਕਰਯੋਗ ਹੈ ਕਿ ਨਾਥਨ 'ਮੈਕਡੇਨੀਅਲ ਐਂਡ ਦੇਸਾਈ ਐਲ.ਐਲ.ਪੀ.' ਨਾਂ ਦੀ ਇਕ ਲਾਅ ਫਰਮ ਚਲਾਉਂਦਾ ਸੀ। ਹਾਲਾਂਕਿ, ਉਸ ਨੇ ਪਿਛਲੇ ਸਾਲ ਵਕਾਲਤ ਬੰਦ ਕਰ ਦਿੱਤੀ ਸੀ। ਇਸ ਫਰਮ ਨਾਲ ਜੁੜੇ ਨਾਥਨ ਦੇ ਸਾਬਕਾ ਭਾਈਵਾਲ ਕੇਨ ਮੈਕਡੇਨੀਅਲ ਨੇ ਦੱਸਿਆ, "ਉਹ ਚੰਗਾ ਵਕੀਲ ਸੀ। ਆਰਥਿਕ ਸਮੱਸਿਆ ਕਾਰਨ ਉਸ ਨੇ ਕਰੀਬ 6 ਮਹੀਨੇ ਕੰਮ ਬੰਦ ਕਰ ਦਿੱਤਾ ਸੀ। ਉਸ ਮਗਰੋਂ ਉਸ ਦੀ ਮੇਰੇ ਨਾਲ ਗੱਲ ਨਹੀਂ ਹੋਈ।' ਨਾਥਨ ਦੇ ਪਿਤਾ ਪ੍ਰਕਾਸ਼ ਦੇਸਾਈ (80 ਸਾਲ) ਨੇ ਦੱਸਿਆ ਕਿ ਉਸ ਦਾ ਬੇਟਾ ਆਪਣੀ ਫਰਮ ਵਿਚ ਮੁਸ਼ਕਲਾਂ ਕਾਰਨ ਪ੍ਰੇਸ਼ਾਨ ਸੀ। ਉਸ ਨੂੰ ਇਸ ਘਟਨਾ 'ਤੇ ਯਕੀਨ ਨਹੀਂ ਹੋ ਰਿਹਾ ਕਿਉਂਕਿ ਉਨ੍ਹਾਂ ਨੇ ਰਾਤ ਦਾ ਖਾਣਾ ਇਕੱਠਿਆਂ ਖਾਧਾ ਸੀ ਤੇ ਉਸ ਦੇ ਚਿਹਰੇ ਤੋਂ ਅਜਿਹੀ ਕੋਈ ਗੱਲ ਨਜ਼ਰ ਨਹੀਂ ਆਈ।

ਨਾਥਨ ਦੇ ਸਾਬਕਾ ਸਹਿਯੋਗੀ ਮੈਕਡੇਨੀਅਲ ਨੇ ਦੱਸਿਆ ਕਿ ਨਾਥਨ ਨੇ 1998 ਵਿਚ ਤੁਲਸਾ ਯੂਨੀਵਰਸਿਟੀ ਤੋਂ ਕਾਨੂੰਨ ਦੀ ਡਿਗਰੀ ਹਾਸਲ ਕੀਤੀ ਤੇ ਇਕ ਕੰਪਨੀ ਬਣਾਈ ਪਰ ਕੰਪਨੀ 6 ਮਹੀਨੇ ਪਹਿਲਾਂ ਹੀ ਬੰਦ ਹੋ ਗਈ। ਹਿਊਸਟਨ ਦੇ ਮੇਅਰ ਸਾਈਲਵੇਸਟਰ ਟਰਨਰ ਨੇ ਦੱਸਿਆ ਕਿ ਇਸ ਘਟਨਾ ਨਾਲ ਇਵੇਂ ਪ੍ਰਤੀਤ ਹੋ ਰਿਹਾ ਹੈ ਕਿ ਨਾਥਨ ਦੀ ਕੰਪਨੀ ਸਹੀ ਨਾ ਚੱਲਣ ਕਾਰਨ ਉਹ ਮਾਨਸਿਕ ਤੌਰ 'ਤੇ ਪ੍ਰੇਸ਼ਾਨ ਸੀ, ਜਿਸ ਕਾਰਨ ਉਸ ਨੇ ਗੋਲੀਬਾਰੀ ਕੀਤੀ।

ਨਾਥਨ ਨੇ ਗੈਰ ਕਾਨੂੰਨੀ ਢੰਗ ਨਾਲ ਦੋ ਬੰਦੂਕਾਂ ਖ਼ਰੀਦੀਆਂ ਸਨ। ਮੀਡੀਆ ਰਿਪੋਰਟਾਂ ਮੁਤਾਬਕ ਪੁਲੀਸ ਨੂੰ ਉਸ ਦੇ ਫਲੈਟ ਤੋਂ ਫ਼ੌਜ ਨਾਲ ਜੁੜੇ ਕਈ ਸਾਮਾਨ ਮਿਲੇ ਹਨ। ਪੁਲੀਸ ਨੂੰ ਉਸ ਦੀ ਪੋਰਸ਼ ਗੱਡੀ ਤੋਂ ਥਾਮਪਸਨ ਸਬ ਮਸ਼ੀਨਗਨ ਅਤੇ 0.45 ਕੈਲੀਬਰ ਦੀ ਹੈਂਡਗਨ ਵੀ ਮਿਲੀ, ਜਿਸ ਦਾ ਇਸਤੇਮਾਲ ਉਸ ਨੇ ਪੁਲੀਸ 'ਤੇ ਗੋਲੀ ਚਲਾਉਣ ਲਈ ਕੀਤਾ ਸੀ। ਪਿਤਾ ਪ੍ਰਕਾਸ਼ ਦੇਸਾਈ ਨੇ ਕਿਹਾ ਕਿ ਨਾਥਨ ਆਪਣੇ ਗਾਹਕਾਂ ਤੋਂ ਸੁਰੱਖਿਆ ਦੇ ਮੱਦੇਨਜ਼ਰ ਕਈ ਬੰਦੂਕਾਂ ਰੱਖਦਾ ਸੀ, ਜਿਸ ਵਿਚੋਂ ਕੁਝ ਮਜ਼ਾਕੀਆ ਤੇ ਕੁਝ ਗੰਭੀਰ ਅਪਰਾਧੀ ਸੁਭਾਅ ਦੇ ਲੋਕ ਸਨ। ਹੈਰਿਸ ਕਾਉਂਟੀ ਕੋਰਟ ਅਨੁਸਾਰ 46 ਸਾਲਾ ਦੇਸਾਈ ਦਾ ਕੋਈ ਅਪਰਾਧਕ ਰਿਕਾਰਡ ਨਹੀਂ ਸੀ। 2013 ਵਿਚ ਉਸ ਖ਼ਿਲਾਫ਼ ਦੋ ਫ਼ੌਜਦਾਰੀ ਕੇਸ ਦਰਜ ਹੋਏ ਸਨ। ਅਮਰੀਕਾ ਵਿਚ ਭਾਰਤੀ ਮੂਲ ਦੇ ਕਿਸੇ ਵਿਅਕਤੀ ਵਲੋਂ 13 ਵਰ੍ਹਿਆਂ ਦੌਰਾਨ ਇਸ ਤਰ੍ਹਾਂ ਦੀ ਇਹ ਦੂਜੀ ਘਟਨਾ ਹੈ। 2003 ਵਿਚ ਕਲੇਵਲੈਂਡ ਵਿਚ ਵੈਸਟਰਨ ਰਿਜ਼ਰਵ ਯੂਨੀਵਰਸਿਟੀ ਵਿਚ ਬਿਸਵਨਾਥ ਹਾਲਡਰ ਨੇ ਗੋਲੀਬਾਰੀ ਕੀਤੀ ਸੀ, ਜਿਸ ਵਿਚ ਇਕ ਵਿਦਿਆਰਥੀ ਦੀ ਮੌਤ ਹੋ ਗਈ ਸੀ ਤੇ ਪ੍ਰੋਫੈਸਰ ਸਮੇਤ ਦੋ ਜਣੇ ਜ਼ਖ਼ਮੀ ਹੋ ਗਏ ਸਨ। ਬਿਸਵਨਾਥ ਨੂੰ ਉਮਰ ਕੈਦ ਦੀ ਸਜ਼ਾ ਸੁਣਾਈ ਗਈ ਸੀ। 2016 ਵਿਚ ਮਾਨਿਕ ਸਰਕਾਰ ਨਾਂ ਦੇ ਭਾਰਤੀ ਵਿਅਕਤੀ ਨੇ ਭਾਵੇਂ ਲੋਕਾਂ 'ਤੇ ਸ਼ਰੇਆਮ ਗੋਲੀਆਂ ਨਹੀਂ ਵਰ੍ਹਾਈਆਂ ਪਰ ਉਸ ਨੇ ਯੂਨੀਵਰਸਿਟੀ ਆਫ਼ ਕੈਲੀਫੋਰਨੀਆ ਵਿਚ ਇਕ ਪ੍ਰੋਫੈਸਰ ਨੂੰ ਮਾਰ ਦਿੱਤੀ ਸੀ। ਉਸ ਨੇ ਆਪਣੀ ਪਤਨੀ ਦੀ ਹੱਤਿਆ ਕਰਨ ਮਗਰੋਂ, ਖ਼ੁਦਕੁਸ਼ੀ ਕਰ ਲਈ ਸੀ। ਜ਼ਿਕਰਯੋਗ ਹੈ ਕਿ ਕਰੀਬ ਡੇਢ ਸਾਲ ਦੌਰਾਨ ਅਮਰੀਕਾ ਵਿਚ ਗੋਲੀਬਾਰੀ ਦੀਆਂ ਕਈ ਘਟਨਾਵਾਂ ਵਾਪਰੀਆਂ ਹਨ। ਇਨ੍ਹਾਂ ਵਿਚ ਕਈ ਘਟਨਾਵਾਂ ਅਜਿਹੀਆਂ ਸਨ, ਜਿਨ੍ਹਾਂ ਨੂੰ ਅੰਜਾਮ ਦੇਣ ਵਾਲੇ ਜਾਂ ਤਾਂ ਕੱਟੜਪੰਥੀ ਵਿਚਾਰਧਾਰਾ ਤੋਂ ਪ੍ਰਭਾਵਤ ਸਨ ਜਾਂ ਘਰੇਲੂ ਜਾਂ ਦੂਸਰੀਆਂ ਸਮੱਸਿਆਵਾਂ ਨਾਲ ਘਿਰੇ ਸਨ।

## ਗਗਨੇਜਾ ਕਾਂਡ : ਪੰਜਾਬ ਪੁਲੀਸ ਤੇ ਜਾਂਚ ਏਜੰਸੀਆਂ ਵਿਰੋਧੀਆਂ ਦੇ ਨਿਸ਼ਾਨੇ 'ਤੇ

ਤੇ ਉਨ੍ਹਾਂ ਦੇ ਦੇਹਾਂਤ 'ਤੇ ਅਫਸੋਸ ਪ੍ਰਗਟਾਉਣ ਗਏ ਸਨ, ਜਦੋਂ ਕਿ ਪਰਿਵਾਰ ਹਾਲੇ ਤੱਕ ਨਿਆਂ ਦੀ ਉਡੀਕ ਕਰ ਰਿਹਾ ਹੈ।

ਪੰਜਾਬ ਕਾਂਗਰਸ ਦੇ ਮੁੱਖ ਬੁਲਾਰੇ ਸੁਨੀਲ ਜਾਖੜ ਨੇ ਵੀ ਗਗਨੇਜਾ ਦੀ ਮੌਤ ਲਈ ਸਿੱਧੇ ਤੌਰ 'ਤੇ ਸੱਤਾਧਾਰੀ ਧਿਰ ਨੂੰ ਹੀ ਜ਼ਿੰਮੇਵਾਰ ਦੱਸਦਿਆਂ ਕਿਹਾ ਕਿ ਸੁਖਬੀਰ ਬਾਦਲ ਨੂੰ ਆਪਣਾ ਅਹੁਦਾ ਛੱਡ ਦੇਣਾ ਚਾਹੀਦਾ ਹੈ ਕਿਉਂਕਿ ਉਹ ਸੂਬੇ ਦੇ ਗ੍ਰਹਿ ਵਿਭਾਗ ਨੂੰ ਸੰਭਾਲਣ ਵਿੱਚ ਫੇਲ੍ਹ ਰਹੇ ਹਨ। ਲੋਕ ਸਭਾ ਮੈਂਬਰ ਚੌਧਰੀ ਸੰਤੋਖ ਸਿੰਘ ਨੇ ਗਗਨੇਜਾ ਕਾਂਡ ਵਿੱਚ ਪੰਜਾਬ ਸਰਕਾਰ ਨੂੰ ਦੋਸ਼ੀ ਦੱਸਦਿਆਂ ਕਿਹਾ ਕਿ ਪੰਜਾਬ ਨੇ ਇਸ ਤੋਂ ਬੁਰੇ ਦਿਨ ਕਦੇ ਨਹੀਂ ਦੇਖੇ। ਅਕਾਲੀ-ਭਾਜਪਾ ਗਠਜੋੜ ਸਰਕਾਰ ਸੂਬੇ ਨੂੰ ਮੁੜ ਅਤਿਵਾਦ ਵੱਲ ਧੱਕਣ ਲਈ ਜ਼ੋਰ ਲਾ ਰਹੀ ਹੈ ਤੇ ਜਗਦੀਸ਼ ਗਗਨੇਜਾ ਦਾ ਕਤਲ ਇਸੇ ਕੜੀ ਦਾ ਹਿੱਸਾ ਹੈ।

ਇਸੇ ਦੌਰਾਨ ਪੰਜਾਬ ਭਾਜਪਾ ਅਤੇ ਕਾਂਗਰਸ ਦੇ ਆਗੂਆਂ ਨੇ ਅਕਾਲੀ ਸਰਪੰਚ ਵੱਲੋਂ ਗਰਭਵਤੀ ਨਰਸ ਦੀ ਕੁੱਟਮਾਰ ਦੀ ਨਿਖੇਧੀ ਕੀਤੀ ਹੈ। ਭਾਜਪਾ ਨੇ ਕਿਹਾ ਹੈ ਕਿ ਮੁਲਜ਼ਮ ਸਰਪੰਚ ਅਕਾਲੀ ਦਲ ਦਾ ਆਗੂ ਹੈ ਅਤੇ ਜੇ ਉਸ ਖ਼ਿਲਾਫ਼ ਕਾਰਵਾਈ ਨਾ ਕੀਤੀ ਗਈ ਤਾਂ ਭਾਜਪਾ ਸਖ਼ਤ ਕਦਮ ਚੁੱਕੇਗੀ। ਪ੍ਰਦੇਸ਼ ਕਾਂਗਰਸ ਪ੍ਰਧਾਨ ਕੈਪਟਨ ਅਮਰਿੰਦਰ ਸਿੰਘ ਨੇ ਕਿਹਾ ਕਿ ਮੁਲਜ਼ਮ ਸਰਪੰਚ ਨੂੰ ਬਖ਼ਸ਼ਿਆ ਨਹੀਂ ਜਾਣਾ ਚਾਹੀਦਾ। ਉਧਰ 'ਆਪ' ਦੇ ਮਹਿਲਾ ਵਿੰਗ ਨੇ ਇਸ ਮੁੱਦੇ 'ਤੇ ਅਕਾਲੀ ਦਲ ਦੀ ਸੰਸਦ ਮੈਂਬਰ ਅਤੇ ਕੇਂਦਰੀ ਮੰਤਰੀ ਹਰਸਿਮਰਤ ਕੌਰ ਬਾਦਲ ਨੂੰ ਘੇਰਦਿਆਂ ਕਿਹਾ ਹੈ ਕਿ ਉਨ੍ਹਾਂ ਇਸ ਮੁੱਦੇ 'ਤੇ ਚੁੱਪ ਕਿਉਂ ਧਾਰ ਲਈ ਹੈ। ਵਿੰਗ ਨੇ ਮੰਗ ਕੀਤੀ ਕਿ ਬੀਬੀ ਹਰਸਿਮਰਤ ਬਾਦਲ ਅਹੁਦੇ ਤੋਂ ਅਸਤੀਫ਼ਾ ਦੇ ਦੇਣ।

## ਗਗਨੇਜਾ ਦੇ ਕਾਤਲਾਂ ਨੂੰ ਹਰ ਕੀਮਤ 'ਤੇ ਸਜ਼ਾ ਮਿਲੇਗੀ : ਰਾਜਨਾਥ ਸਿੰਘ

ਸਿੰਘ ਨੇ ਸ੍ਰੀ ਗਗਨੇਜਾ ਦੀ ਪਤਨੀ ਸ੍ਰੀਮਤੀ ਸੁਦੇਸ਼ ਗਗਨੇਜਾ, ਪੁੱਤਰ ਕਰਨਲ ਰਾਹੁਲ ਗਗਨੇਜਾ, ਦੋਵੇਂ ਧੀਆਂ ਕੋਮਲ ਅਤੇ ਸ਼ੀਤਲ ਸਮੇਤ ਹੋਰ ਪਰਿਵਾਰਕ ਮੈਂਬਰਾਂ ਨਾਲ ਵੱਖਰੇ ਤੌਰ 'ਤੇ ਮੁਲਾਕਾਤ ਕੀਤੀ। ਸ਼ਰਧਾਂਜਲੀ ਸਮਾਗਮ ਵਿੱਚ ਸੰਤ ਬਲਬੀਰ ਸਿੰਘ ਸੀਚੇਵਾਲ, ਸੰਤ ਨਿਰਮਲ ਦਾਸ ਜੌੜੇ ਵਾਲੇ, ਬਿਸ਼ਪ ਫਰੈਂਕੋ ਮੁਲੱਕਲ, ਭਾਜਪਾ ਆਗੂ ਪ੍ਰਭਾਤ ਝਾਅ, ਰਾਮ ਲਾਲ, ਦਿਨੇਸ਼ ਕੁਮਾਰ, ਵਿਜੈ ਸਾਂਪਲਾ, ਮਦਨ ਮੋਹਨ ਮਿੱਤਲ, ਚੂਨੀ ਲਾਲ ਭਗਤ, ਮਨੋਰੰਜਨ ਕਾਲੀਆ, ਕੇ.ਡੀ. ਭੰਡਾਰੀ, ਕਮਲ ਸ਼ਰਮਾ ਸਮੇਤ ਆਪ ਤੋਂ ਮੁਅੱਤਲ ਸੂਬਾਈ ਕਨਵੀਨਰ ਸੁੱਚਾ ਸਿੰਘ ਛੋਟੇਪੁਰ ਵੀ ਹਾਜ਼ਰ ਸਨ।

SAVE $2500
ON DIESEL PER TRUCK WITH
ONE CALL!



11¢
DISCOUNT
PER GALLON




✓ No more Pre-Paid Cards
✓ Get Rid of Bank Wires ✓ Low Transaction Fee

TRANS-ALLIANCE
TOGETHER WE SAVE

(855) 641-6955 • (888) 795-7035
sales@trans-alliance.com • www.trans-alliance.com


Watch Your Favorite Channels
FREE PREVIEW
JUS PUNJABI
06-22-16 - 07-05-16
9xTASHAN
07-20-16 to 08-02-16
Channel no. 742
JUS 24x7
07-06-16 to 07-19-16
Channel no. 743
NEWS IN PUNJABI
KHIDI DUPEHAR
Hafta Vasooli
JALWE JAGGI DE
subscribe now
JUS Pack
has it all!
jus punjabi
JUS one
JUS 24x7
9x TASHAN
4 channels for only $14.99 on dish | sling
Call 1-888-246-6242 to REFER A FRIEND
and get $100 gift CARD each activation
Promotion code: JUS
*Terms and conditions apply
for advertisement & more information call: +1-718-752-9290 x 202
www.jusbroadcasting.com


Fresh AUR Apna KYA HAI ?
Canadian Highest Grade Wheat Say Bana
You Get In Days Not In Months
Hygienic Storage, Clean Milling Facility
DESI STYLE
Healthy Living
SHER
DURUM ATTA
DESI STYLE
20 lb
9.07 kg
BRAR NATURAL